A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਵਧਾਈਆਂ




Vol. 19, Issue- 849, 10 to 16 Apr., 2025, Ph: 916-320-9444, E-mail: punjabmailusa@yahoo.com, Web: punjabmailusa.com

## ਪੰਜਾਬ ਵਿਧਾਨ ਸਭਾ ਚੋਣਾਂ ਲਈ ਸੈਮੀਫਾਈਨਲ ਹੋਵੇਗੀ ਲੁਧਿਆਣਾ ਵੈਸਟ ਦੀ ਜ਼ਿਮਨੀ ਚੋਣ

**ਲੁਧਿਆਣਾ, (ਪੰਜਾਬ ਮੇਲ)-** ਲੁਧਿਆਣਾ ਵੈਸਟ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਪਿਛਲੇ ਦਿਨੀਂ ਭੇਦਭਰੀ ਹਾਲਤ ਵਿਚ ਮਾਰੇ ਗਏ ਸਨ, ਜਿਸ ਕਰਕੇ ਇਹ ਚੋਣ ਹਲਕਾ ਖਾਲੀ ਹੋ ਗਿਆ ਸੀ। ਚੋਣ ਕਮਿਸ਼ਨ ਵੱਲੋਂ ਇਸ ਹਲਕੇ ਤੋਂ ਕਿਸੇ ਸਮੇਂ ਵੀ ਜ਼ਿਮਨੀ ਚੋਣ ਦਾ ਐਲਾਨ ਕੀਤਾ ਜਾ ਸਕਦਾ ਹੈ। ਭਾਵੇਂ ਕਿ ਰਸਮੀ ਤੌਰ 'ਤੇ ਇਨ੍ਹਾਂ ਚੋਣਾਂ ਦਾ ਐਲਾਨ ਹਾਲੇ ਨਹੀਂ ਹੋਇਆ, ਪਰ ਪ੍ਰਮੁੱਖ ਸਿਆਸੀ ਪਾਰਟੀਆਂ ਵੱਲੋਂ ਇਥੇ ਜੰਗੀ ਪੱਧਰ 'ਤੇ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਗਿਆ ਹੈ। ਦੋ ਪ੍ਰਮੁੱਖ ਪਾਰਟੀਆਂ ਨੇ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ। ਸੱਤਾਧਾਰੀ ਆਮ ਆਦਮੀ ਪਾਰਟੀ ਵੱਲੋਂ ਸੰਜੀਵ ਅਰੋੜਾ ਨੂੰ ਇਸ ਹਲਕੇ ਤੋਂ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ, ਜਦਕਿ ਕਾਂਗਰਸ ਪਾਰਟੀ ਵੱਲੋਂ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ ਨੂੰ ਪਾਰਟੀ ਦਾ ਉਮੀਦਵਾਰ ਬਣਾਇਆ ਗਿਆ ਹੈ।

■ ਜ਼ਿਮਨੀ ਚੋਣ ਲਈ ਚੋਣ ਪ੍ਰਚਾਰ ਸ਼ੁਰੂ




ਦੋਵਾਂ ਉਮੀਦਵਾਰਾਂ ਨੇ ਆਪੋ-ਆਪਣਾ ਚੋਣ ਪ੍ਰਚਾਰ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਕਰ ਦਿੱਤਾ ਹੈ। ਲੁਧਿਆਣਾ ਵੈਸਟ ਹਲਕੇ ਵਿਚ ਦੋਵਾਂ ਆਗੂਆਂ ਦੇ ਵੱਡੇ-ਵੱਡੇ ਹੋਰਡਿੰਗ ਦੇਖੇ ਜਾ ਸਕਦੇ ਹਨ। ਆਮ ਆਦਮੀ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਆਪ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਸਮੇਤ ਹੋਰ ਮੰਤਰੀਆਂ ਅਤੇ ਪਾਰਟੀ ਲੀਡਰਾਂ ਨੇ ਲੁਧਿਆਣਾ ਵਿਖੇ ਆਪਣਾ ਡੇਰਾ ਜਮਾਇਆ ਹੋਇਆ ਹੈ। ■ ਬਾਕੀ ਖਬਰ ਸਫਾ 26 'ਤੇ

## ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਪ੍ਰਧਾਨ ਦੀ ਚੋਣ 12 ਨੂੰ

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਪ੍ਰਧਾਨ ਦੀ ਚੋਣ ਪੰਥਕ ਵਿਵਾਦਾਂ ਦੇ ਬਾਵਜੂਦ 12 ਅਪ੍ਰੈਲ ਨੂੰ ਹੋਵੇਗੀ। ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਪ੍ਰਧਾਨਗੀ ਹੇਠ ਵਰਕਿੰਗ ਕਮੇਟੀ ਨੇ ਪਾਰਟੀ ਦੇ ਨਵੇਂ ਪ੍ਰਧਾਨ ਦੀ ਚੋਣ ਲਈ ਆਮ ਡੈਲੀਗੇਟ ਇਜਲਾਸ 12 ਅਪ੍ਰੈਲ ਨੂੰ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਕੰਪਲੈਕਸ ਦੇ ਤੇਜਾ ਸਿੰਘ ਸਮੁੰਦਰੀ ਹਾਲ 'ਚ ਸੱਦਣ ਦਾ ਫ਼ੈਸਲਾ ਲਿਆ ਹੈ। ਉੱਧਰ ਅਕਾਲ ਤਖ਼ਤ ਤੋਂ 2 ਦਸੰਬਰ ਨੂੰ ਜਾਰੀ ਹੁਕਮਨਾਮੇ ਤਹਿਤ ਪਾਰਟੀ ਦੀ ਨਵੀਂ ਭਰਤੀ ਲਈ ਬਣਾਈ ਗਈ ਕਮੇਟੀ ਵੀ ਭਰਤੀ ਕਰਨ ਵਿਚ ਜੁਟੀ ਹੋਈ ਹੈ। ਇਸ ਪੰਜ ਮੈਂਬਰੀ ਕਮੇਟੀ ਦੀ ਭਰਤੀ ਮੁਹਿੰਮ ਨੂੰ ਦਰਕਿਨਾਰ ਕਰ ਕੇ ਵਰਕਿੰਗ ਕਮੇਟੀ ਨੇ ਨਵੇਂ ਪ੍ਰਧਾਨ ਦੀ ਚੋਣ ਦਾ ਫ਼ੈਸਲਾ ਲਿਆ ਹੈ। ਇਸ ਨਾਲ ਪੰਥਕ ਹਲਕਿਆਂ ਵਿਚ ਨਵੇਂ ਭੰਬਲਭੂਸੇ ਖੜ੍ਹੇ ਹੋ ਗਏ ਹਨ। ਪੰਜ ਮੈਂਬਰੀ ਕਮੇਟੀ ਨੇ 12 ਅਪ੍ਰੈਲ ਦੇ ਡੈਲੀਗੇਟ ਇਜਲਾਸ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪਾਰਟੀ ਦੇ ਕਰੀਬ 27 ਲੱਖ ਤੋਂ ਜ਼ਿਆਦਾ ਮੈਂਬਰ ਬਣੇ ਹਨ। ਸਰਕਲਾਂ ਦੇ ਡੈਲੀਗੇਟ, ਜ਼ਿਲ੍ਹੇ ਦੇ ਡੈਲੀਗੇਟ ਚੁਣਨਗੇ ਅਤੇ ਹਰੇਕ ਅਸੈਂਬਲੀ ਹਲਕੇ 'ਚੋਂ ਚਾਰ ਸਟੇਟ ਡੈਲੀਗੇਟ ਬਣਨਗੇ। ਉਨ੍ਹਾਂ ਦੱਸਿਆ ਕਿ 12 ਅਪ੍ਰੈਲ ਦੇ ਡੈਲੀਗੇਟ ਇਜਲਾਸ ਵਿਚ 520 ਤੋਂ ਜ਼ਿਆਦਾ ਡੈਲੀਗੇਟ ਨਵੇਂ ਪ੍ਰਧਾਨ ਦੀ ਚੋਣ ਕਰਨਗੇ। ਸੁਖਬੀਰ ਸਿੰਘ ਬਾਦਲ 14 ਦਸੰਬਰ 2019 ਨੂੰ ਤੀਜੀ ਵਾਰ ਪਾਰਟੀ ਦੇ ਪ੍ਰਧਾਨ ਬਣੇ ਸਨ। ਪੰਜ ਮੈਂਬਰੀ ਕਮੇਟੀ ਦਾ ਪਾਰਟੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਵਰਕਿੰਗ ਕਮੇਟੀ ਵੱਲੋਂ ਸ਼ੁਰੂ ਕੀਤੀ ਗਈ ਭਰਤੀ ਬਾਰੇ ਪਹਿਲਾਂ ਹੀ ਸਪੱਸ਼ਟਤਾ ਹੋ ਚੁੱਕੀ ਹੈ। ਪੰਜ ਮੈਂਬਰੀ ਕਮੇਟੀ ਆਪੂ ਬਣੀ ਕਮੇਟੀ ਤੋਂ ਵੱਧ ਕੁੱਝ ਨਹੀਂ ਹੈ। ਚੀਮਾ ਨੇ ਦੱਸਿਆ ਕਿ 12 ਅਪ੍ਰੈਲ ਨੂੰ ਨਵੀਂ ਵਰਕਿੰਗ ਕਮੇਟੀ ਦੀ ਚੋਣ ਬਾਰੇ ਮੌਕੇ 'ਤੇ ਫ਼ੈਸਲਾ ਹੋਵੇਗਾ। ਵਰਕਿੰਗ ਕਮੇਟੀ ਨੇ 13 ਅਪ੍ਰੈਲ ਨੂੰ ਤਲਵੰਡੀ ਸਾਬੋ ਵਿਚ ਵਿਸ਼ਾਲ ਸਿਆਸੀ ਕਾਨਫ਼ਰੰਸ ਕਰਨ ਦਾ ਐਲਾਨ ਵੀ ਕੀਤਾ, ਜਿਸ ਵਿਚ ਪਾਰਟੀ ਵੱਲੋਂ ਸੂਬਾਈ ਪੱਧਰ ਦੇ ਪ੍ਰੋਗਰਾਮ ਦੀ ਰਣਨੀਤੀ ਐਲਾਨੀ ਜਾ ਸਕਦੀ ਹੈ। ਵਰਕਿੰਗ ਕਮੇਟੀ ਨੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ■ ਬਾਕੀ ਖਬਰ ਸਫਾ 26 'ਤੇ

■ ਵਰਕਿੰਗ ਕਮੇਟੀ ਨੇ ਇਜਲਾਸ ਸੱਦਿਆ; ਪੰਜ ਮੈਂਬਰੀ ਕਮੇਟੀ ਦੀ ਭਰਤੀ ਮੁਹਿੰਮ ਨੂੰ ਦਰਕਿਨਾਰ ਕਰ ਕੇ ਲਿਆ ਫ਼ੈਸਲਾ



ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਵਰਕਿੰਗ ਕਮੇਟੀ ਦੇ ਫ਼ੈਸਲੇ ਬਾਰੇ ਜਾਣਕਾਰੀ ਦਿੰਦੇ ਹੋਏ।

## ਟਰੰਪ ਨੇ ਚਿਤਾਵਨੀ ਮਗਰੋਂ ਚੀਨ 'ਤੇ ਲਾਇਆ 104 ਫੀਸਦੀ ਟੈਰਿਫ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਅਤੇ ਚੀਨ ਵਿਚਕਾਰ ਟੈਰਿਫ ਵਾਰ ਲਗਾਤਾਰ ਤੇਜ਼ ਹੁੰਦੀ ਜਾ ਰਹੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਚਿਤਾਵਨੀ ਤੋਂ ਇੱਕ ਦਿਨ ਬਾਅਦ ਵ੍ਹਾਈਟ ਹਾਊਸ ਨੇ ਚੀਨ 'ਤੇ 104 ਫੀਸਦੀ ਟੈਰਿਫ ਲਗਾਉਣ ਦੀ ਪੁਸ਼ਟੀ ਕੀਤੀ ਹੈ। ਚੀਨ 'ਤੇ ਨਵਾਂ ਵਧਿਆ ਹੋਇਆ ਟੈਰਿਫ 9 ਅਪ੍ਰੈਲ ਤੋਂ ਲਾਗੂ ਹੋਵੇਗਾ।

ਰਿਪੋਰਟ ਅਨੁਸਾਰ, ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਨੇ ਕਿਹਾ ਹੈ ਕਿ ਚੀਨ ਨੇ ਆਪਣੀ ਜਵਾਬੀ ਕਾਰਵਾਈ ਵਾਪਸ ਨਹੀਂ ਲਈ ਹੈ, ਇਸ ਲਈ 104 ਫੀਸਦੀ ਵਾਧੂ ਟੈਰਿਫ ਲਗਾਇਆ ਜਾਵੇਗਾ। ਇਹ ਵਾਧੂ ਟੈਰਿਫ 9 ਅਪ੍ਰੈਲ ਤੋਂ ਵਸੂਲਿਆ ਜਾਵੇਗਾ।

ਦੱਸ ਦੇਈਏ ਕਿ ਟਰੰਪ ਨੇ 2 ਅਪ੍ਰੈਲ ਦੇ ਐਲਾਨ 'ਚ ਚੀਨ ਸਮੇਤ 180 ਦੇਸ਼ਾਂ 'ਤੇ ਰਿਆਇਤੀ ਰੇਸੀਪ੍ਰੋਕਲ ਟੈਰਿਫ ਲਗਾਇਆ ਸੀ, ਜਿਸ ਦੇ ਜਵਾਬ ਵਿਚ ਚੀਨ ਨੇ ਵੀ ਅਮਰੀਕਾ 'ਤੇ ਟੈਰਿਫ ਲਗਾਇਆ ਸੀ। ਟਰੰਪ ਨੇ ਇਸ ਟੈਰਿਫ ਨੂੰ ਲੈ ਕੇ ਚੀਨ ਨੂੰ ਸਪੱਸ਼ਟ ਚਿਤਾਵਨੀ ਦਿੱਤੀ ਸੀ। ਟਰੰਪ ਨੇ ਕਿਹਾ ਸੀ ਕਿ ਜੇਕਰ ਚੀਨ 8 ਅਪ੍ਰੈਲ ਤੱਕ ਅਮਰੀਕਾ 'ਤੇ ■ ਬਾਕੀ ਖਬਰ ਸਫਾ 26 'ਤੇ

## ਰਾਮ ਰਹੀਮ 21 ਦਿਨ ਦੀ ਫਰਲੋ 'ਤੇ ਫਿਰ ਆਇਆ ਜੇਲ੍ਹ ਤੋਂ ਬਾਹਰ



**ਚੰਡੀਗੜ੍ਹ, (ਪੰਜਾਬ ਮੇਲ)-** ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਇਕ ਵਾਰ ਫ਼ਿਰ 21 ਦਿਨ ਦੀ ਫ਼ਰਲੋ 'ਤੇ ਰੋਹਤਕ ਜੇਲ੍ਹ ਤੋਂ ਬਾਹਰ ਆਇਆ। ਰਾਮ ਰਹੀਮ ਨੂੰ ਲੈਣ ਲਈ ਖ਼ੁਦ ਹਨੀਪ੍ਰੀਤ ਪਹੁੰਚੀ। ਜਾਣਕਾਰੀ ਮੁਤਾਬਕ, ਰਾਮ ਰਹੀਮ ਇਸ ਵਾਰ ਸਿਰਸਾ ਡੇਰੇ ਵਿਚ ਰਹੇਗਾ।

ਫ਼ਰਲੋ ਮਨਜ਼ੂਰ ਹੋਣ ਤੋਂ ਬਾਅਦ ਗੁਰਮੀਤ ਰਾਮ ਰਹੀਮ ਭਾਰੀ ਪੁਲਿਸ ਸੁਰੱਖਿਆ ਹੇਠ ਸਿਰਸਾ ਡੇਰੇ ਲਈ ਰਵਾਨਾ ਹੋਇਆ। ਇਸ ਨੂੰ ਲੈਣ ਲਈ ਹਨੀਪ੍ਰੀਤ ਵੀ ਉੱਥੇ ਪਹੁੰਚੀ ਹੋਈ ਸੀ। ਦੱਸ ਦਈਏ ਕਿ ਰਾਮ ਰਹੀਮ ਸਾਲ 2017 ਤੋਂ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਕੈਦ ਹੈ। ■ ਬਾਕੀ ਖਬਰ ਸਫਾ 26 'ਤੇ

## ਅਮਰੀਕਾ 'ਚ ਛੋਟੇ-ਮੋਟੇ ਅਪਰਾਧਾਂ ਕਾਰਨ ਕਈ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸਟੱਡੀ ਵੀਜ਼ੇ ਰੱਦ



**ਵਾਸ਼ਿੰਗਟਨ, (ਪੰਜਾਬ ਮੇਲ)-** ਡੋਨਾਲਡ ਟਰੰਪ ਦੇ ਸੱਤਾ 'ਚ ਆਉਣ ਤੋਂ ਬਾਅਦ ਅਮਰੀਕਾ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਕ ਰਿਪੋਰਟ ਅਨੁਸਾਰ ਘੱਟੋ-ਘੱਟ ਤਿੰਨ ਮੁੱਖ ਕਾਲਜਾਂ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਇਸ ਹਫ਼ਤੇ ਸਟੱਡੀ ਵੀਜ਼ਾ ਰੱਦ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਦੇਸ਼ 'ਚੋਂ ਕੱਢਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਨ੍ਹਾਂ 'ਚ ਸਟੈਨਫੋਰਡ ਯੂਨੀਵਰਸਿਟੀ, ਕੈਲੀਫੋਰਨੀਆ ਯੂਨੀਵਰਸਿਟੀ ਅਤੇ ਮੈਸੇਚਿਉਸੇਟਸ ਐਮਹਰਸਟ ਯੂਨੀਵਰਸਿਟੀ ਦੇ ਵਿਦਿਆਰਥੀ ਸ਼ਾਮਲ ਹਨ। ਉਨ੍ਹਾਂ ਨੂੰ ਖੁਦ ਹੀ ਦੇਸ਼ ਛੱਡਣ ਲਈ ਕਿਹਾ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਵਿਦਿਆਰਥੀਆਂ ਦੇ ਵੀਜ਼ੇ ਛੋਟੇ-ਮੋਟੇ ਅਪਰਾਧਾਂ ਕਾਰਨ ਰੱਦ ਕੀਤੇ ਜਾ ਰਹੇ ਹਨ, ਜਿਨ੍ਹਾਂ ਦਾ ਹੱਲ ਪਹਿਲਾਂ ਹੀ ਹੋ ਚੁੱਕਾ ਸੀ। ਇਸ ਪੂਰੀ ਘਟਨਾ ਨੇ ਭਾਰਤੀ ਵਿਦਿਆਰਥੀਆਂ ਦੀ ਚਿੰਤਾ ਨੂੰ ਹੋਰ ਵਧਾ ਦਿੱਤਾ ਹੈ।

## ਸਿੱਧੂ ਮੂਸੇਵਾਲਾ ਕਤਲ ਕੇਸ; ਨਾਮਜ਼ਦ ਮੁਲਜ਼ਮ ਜੀਵਨਜੋਤ ਦਿੱਲੀ ਹਵਾਈ ਅੱਡੇ ਤੋਂ ਕਾਬੂ

**ਮਾਨਸਾ, (ਪੰਜਾਬ ਮੇਲ)-** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਵਿਚ ਇੱਕ ਵੱਡੀ ਕਾਰਵਾਈ ਹੋਈ ਹੈ, ਜਿਸ ਤਹਿਤ ਇਸ ਕਤਲ ਕੇਸ ਵਿਚ ਨਾਮਜ਼ਦ ਇੱਕ ਮੁਲਜ਼ਮ ਜੀਵਨਜੋਤ ਸਿੰਘ ਚਾਹਲ ਨੂੰ ਦਿੱਲੀ ਦੇ ਹਵਾਈ ਅੱਡੇ ਤੋਂ ਹਿਰਾਸਤ ਵਿਚ ਲਿਆ ਗਿਆ ਦੱਸਿਆ ਜਾਂਦਾ ਹੈ। ਉਹ ਵਿਦੇਸ਼ ਫਰਾਰ ਹੋਣ ਚੱਕਰਾਂ 'ਚ ਦਿੱਲੀ ਦੇ ਹਵਾਈ ਅੱਡੇ 'ਤੇ ਪੁੱਜਿਆ ਸੀ।

ਮਾਨਸਾ ਪੁਲਿਸ ਵੱਲੋਂ ਪਹਿਲਾਂ ਤੋਂ ਹੀ ਉਸ ਸਬੰਧੀ ਲੁੱਕ ਆਊਟ ਨੋਟਿਸ ਜਾਰੀ ਕੀਤੇ ਜਾਣ ਕਾਰਨ ਉਹ ਹਵਾਈ ਅੱਡੇ ਤੋਂ ਪੁਲਿਸ ਦੇ ਅੜਿੱਕੇ ਚੜ੍ਹ ਗਿਆ ਹੈ। ਹੁਣ ਮਾਨਸਾ ਪੁਲਿਸ ਦੇ ਇੱਕ ਡੀ.ਐੱਸ.ਪੀ. ਦੀ ਅਗਵਾਈ ਹੇਠ ਦੋ ਇੰਸਪੈਕਟਰ ਰੈਂਕ ਦੇ ਅਧਿਕਾਰੀ ਉਸ ਨੂੰ ਦਿੱਲੀ ਤੋਂ ਮਾਨਸਾ ਲਿਆਉਣ ਲਈ ਕੌਮੀ ਰਾਜਧਾਨੀ ਵਾਸਤੇ ਰਵਾਨਾ ਹੋ ਗਏ ਹਨ। ਜ਼ਿਕਰਯੋਗ ਹੈ ਕਿ 29 ਮਈ, 2022 ਨੂੰ ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿਖੇ ਸਿੱਧੂ ਮੂਸੇਵਾਲਾ ਦੀ ਸ਼ੂਟਰਾਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇੱਕ ਜਾਣਕਾਰੀ ਅਨੁਸਾਰ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਜੀਵਾਨਜੋਤ ਦਾ ਨਾਂ ਐੱਫ.ਆਈ.ਆਰ. ਵਿਚ ਦਰਜ ਹੋਣ ਪਿੱਛੋਂ ਮਾਨਸਾ ਪੁਲਿਸ ਨੇ ਪਹਿਲਾਂ ਹੀ ਜੀਵਨਜੋਤ ਸਿੰਘ ਦੇ ਖਿਲਾਫ਼ ਲੁੱਕ ਆਊਟ ਨੋਟਿਸ ਜਾਰੀ ਕੀਤਾ ਹੋਇਆ ਸੀ। ■ ਬਾਕੀ ਖਬਰ ਸਫਾ 26 'ਤੇ

■ ਮਾਨਸਾ ਪੁਲਿਸ ਵੱਲੋਂ ਪਹਿਲਾਂ ਹੀ ਲੁੱਕ ਆਊਟ ਨੋਟਿਸ ਜਾਰੀ ਹੋਣ ਕਾਰਨ ਮੁਲਜ਼ਮ ਆਇਆ ਕਾਬੂ


ਮਰਹੂਮ ਸਿੱਧੂ ਮੂਸੇ ਵਾਲਾ (ਖੱਬੇ) ਅਤੇ ਮੁਲਜ਼ਮ ਜੀਵਨਜੋਤ ਸਿੰਘ।

## ਪਾਕਿ ਗੁਰਦੁਆਰਿਆਂ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਨੂੰ ਵਿਸਾਖੀ 'ਤੇ ਡਾਲਰਾਂ 'ਚ ਭੁਗਤਾਨ ਦੇ ਹੁਕਮ ਜਾਰੀ

**ਗੁਰਦਾਸਪੁਰ/ਲਾਹੌਰ (ਪੰਜਾਬ ਮੇਲ)-** ਵਿਸਾਖੀ 'ਤੇ ਪਾਕਿਸਤਾਨ ਵਿਚ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਨੂੰ ਸਿਰਫ਼ ਡਾਲਰਾਂ ਵਿਚ ਹੀ ਭੁਗਤਾਨ ਕਰਨਾ ਪਵੇਗਾ। ਸਰਹੱਦ ਪਾਰ ਦੇ ਸੂਤਰਾਂ ਅਨੁਸਾਰ, ਵਿਸਾਖੀ ਦੇ ਤਿਉਹਾਰ ਮੌਕੇ ਪਾਕਿਸਤਾਨ ਵਿਚ ਖਾਲਸਾ ਸਾਜਨਾ ਦਿਵਸ ਮੌਕੇ ਪਾਕਿਸਤਾਨ ਵਿਚ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਜਾ ਰਹੇ ਸਮੂਹ ਲਈ 1942 ਸ਼ਰਧਾਲੂਆਂ ਨੂੰ ਵੀਜ਼ੇ ਮਿਲ ਗਏ ਹਨ। ਇਹ ਜੱਥਾ 10 ਅਪ੍ਰੈਲ ਨੂੰ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਰਵਾਨਾ ਹੋਵੇਗਾ। ਪਾਕਿਸਤਾਨ ਸਰਕਾਰ ਨੇ ਵਿਸਾਖੀ 'ਤੇ ਪਾਕਿਸਤਾਨ ਆਉਣ ਵਾਲੇ ਸ਼ਰਧਾਲੂਆਂ ਨੂੰ ਬੱਸ ਕਿਰਾਏ ਲਈ 60 ਅਮਰੀਕੀ ਡਾਲਰ (4920 ਭਾਰਤੀ ਰੁਪਏ) ਲਿਆਉਣ ਲਈ ਕਿਹਾ ਹੈ। ਪਾਕਿਸਤਾਨ ਵਕਫ਼ ਬੋਰਡ ਨੇ ਵਿਸਾਖੀ ਤਿਉਹਾਰ ਦੌਰਾਨ ਪਾਕਿਸਤਾਨੀ ਗੁਰਦੁਆਰਿਆਂ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਨੂੰ ਸਿਰਫ਼ ਅਮਰੀਕੀ ਡਾਲਰਾਂ ਵਿਚ ਭੁਗਤਾਨ ਕਰਨ ਦੀ ਆਗਿਆ ਦੇਣ ਦੇ ਹੁਕਮ ਜਾਰੀ ਕੀਤੇ ਹਨ।

■ ਬਾਕੀ ਖਬਰ ਸਫਾ 26 'ਤੇ

■ ਪਾਕਿਸਤਾਨ ਸਰਕਾਰ ਵੱਲੋਂ ਜਾਰੀ ਆਦੇਸ਼ ਨੇ ਸ਼ਰਧਾਲੂਆਂ ਨੂੰ ਮੁਸ਼ਕਲ 'ਚ ਪਾਇਆ



AMERICAN PETROLEUM AND CONVENIENCE STORE ASSOCIATION

*APCA has always been committed in offering both our exhibitors and attendees the best possible avenue to ensure a successful experience at our Trade Show events.*

# 11th Annual Buyer's Trade Show

## Thursday May 1st, 2025 , 12:30pm - 5:30pm

**at SUNRISE BANQUET HALLS & EVENT CENTER**
**620 ORANGE DR, VACAVILLE CA 95687**

# ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ

# 11ਵਾਂ ਸਾਲਾਨਾ ਖਰੀਦਦਾਰਾਂ ਦਾ ਟਰੇਡ ਸ਼ੋਅ

## ਵੀਰਵਾਰ, 1 ਮਈ 2025, 12.30 ਤੋਂ 5.30 ਵਜੇ ਤੱਕ

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਦੇ ਮਾਲਕਾਂ ਲਈ 11ਵਾਂ ਸਾਲਾਨਾ ਟਰੇਡ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿਚ 120 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਸ ਲਿਆ ਰਹੇ ਹਨ। ਆਪ ਸਭ ਨੂੰ ਬੇਨਤੀ ਹੈ ਕਿ ਸ਼ੋਅ ਦੀਆਂ ਡੀਲਸ ਦਾ ਫਾਇਦਾ ਚੁੱਕੋ।



Copyright @ Punjab Mail USA

**Cash Prizes, A GRAND PRIZE, and free Raffle Prizes are being given away**

*APCA "Charity Golf Tournament"*



**April 30th, 2025**
***Chardonnay Golf Club***
2255 Jameson Canyon Road, American Canyon, CA 94503

ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ

## ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।

*For More Information*

**KEWAL KRISHAN: 510-290-7144 | APCA OFFICE: 916-627-1170**



916 ROYAL TEES
GOLF TOURNAMENT
WILD HAWK GOLF CLUB
7713 VINEYARD RD SACRAMENTO, CA 95829
SHAHEED BABA DEEP SINGH SPORTS ACADEMY
SACRAMENTO, USA
PARGAT SANDHU
GURMEET WARAICH
TARLOCHAN ATWAL
GURDEY S TOOR
DHEERA NIJJAR
HAPPY BARIANA
BITTU RANDHAWA
HARRY SANGHA
GOLDY LALLY
SHERU BHATIA
KEHAR S GILL
BHUPINDER S SANGHERA
BHINDA CHAHAL
SAUKH KULAR
RAVI NAGRA
HAPPY AULAKH
PAMMA ATWAL
GINDA PALWAN
SONI KANG
NINDI THANDI
PAMMA LIDHAR
PINDI SANDHU
INDERJIT SINGH
BALWINDER SANDHU
PIARA SANDHU
LADDA KAHLON
RAJA KOONER
SABI HAYER
GURJIT DEOL
BALPREET BRAR
APRIL 19,2025 7AM
For Booking Visit our website-. https://916royaltees.wixsite.com
CONTACT: 916-952-1313
Space sponsored by
Gurjatinder S. Randhawa
(REALTOR) CA DRE licence # 01490567
RE/MAX
916-320-9444




## Experience the Charm of West Punjab, Pakistan

## Custom Yatra Trips by Gurdham Tours.

Discover West Punjab's Rich Sikh Spititual & Cultural Heritage

**Our Packages Offer:**

- Customizable Itenararies: 8 to 11 days
- Flexible Schedule: Anytime of Year
- Travellers from North America, Europe, UK and Australia are welcome!
- Small Groups: 2 to 20 people maximum (Bigger group upon request)
- Experienced Punjabi Tour Guides
- Luxury 3 to 5 Star Hotel Accommodation
- Visit to Ancestral Villages/Homes upon request
- Families with Children welcome
- Cost-effective options - no need to break the bank!

**Highlights:**

- Visit up-to 15 historic Gurdwaras.
- Explore Nankana Sahib, Kartarpur, Panja Sahib, and more Sikh holy sites.
- Additional Options: Dargah Sain Mian Mir, Baba Farid ji, Baba Bulley Shah, Waris Shah, and Banga (birth place of Bhagat Singh)
- Experience old and new Lahore city with dedicated tourism and shopping time.
- Discover the mesmerising blend of **Sikh and Pakistani Culture!**





**Whats Included:** ✓ Visa Support ✓ Airport/Wagah Border pickup and drop-off ✓ Transport throughout Tour ✓ Accommodation throughout Tour ✓ Support Staff ✓ Bottled Water and Vegetarian / Flexible Meal Plan

**Book Your Spiritual and Cultural Journey Today! Contact: Ali Rai (Surrey, BC, Canada)**

gurdhamtours@gmail.com WhatsApp +1 778 895 4446



੧ੴ ਸਤਿਗੁਰ ਪ੍ਰਸਾਦਿ

ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਵੱਲੋਂ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ

# ਖਾਲਸਾ ਦੇ ਜਨਮ ਦਿਹਾੜੇ ਵਿਸਾਖੀ

ਦੀਆਂ ਲੱਖ-ਲੱਖ ਮੁਬਾਰਕਾਂ



Designed By Punjab Mail USA




## Randhir Singh Nijjar

Lakhy Singh | Sajjad Anwar

# CAMP LOGISTICS

TRANSPORATATION & BROKERAGE INC

9365, Miko Circle, Elk Grove, CA 95624

## ਧੀਰਾ ਨਿੱਝਰ (ਖੇਡ ਪ੍ਰਮੋਟਰ)


ੴ ਸਤਿਗੁਰ ਪ੍ਰਸਾਦਿ
ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ
ਖਾਲਸਾ ਦੇ ਜਨਮ ਦਿਹਾੜੇ ਵਿਸਾਖੀ
ਦੀਆਂ ਲੱਖ-ਲੱਖ ਵਧਾਈਆਂ
ਪਰਗਟ ਸਿੰਘ ਸੰਧੂ
ਮੇਅਰ, ਗਾਲਟ ਸਿਟੀ
Designed By Punjab Mail USA
PARGAT SINGH SANDHU
Mayor City of GALT, CALIFORNIA



# ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ

## ਦੀਆਂ ਲੱਖ-ਲੱਖ ਵਧਾਈਆਂ



Amolak Singh Gakhal



Iqbal Singh Gakhal



Palwinder Singh Gakhal









Designed By Punjab Mail USA

A&I Watsonville, CA

GAKHAL GROUP

GB Entertainment

## ਅਮੋਲਕ ਸਿੰਘ ਗਾਖਲ (ਕਬੱਡੀ ਪ੍ਰਮੋਟਰ)

## ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ

123, E LEE ROAD WATSONVILLE, CA 95076


ੴ ਸਤਿਗੁਰ ਪ੍ਰਸਾਦਿ
ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ
ਖਾਲਸਾ ਦੇ ਜਨਮ ਦਿਹਾੜੇ ਵਿਸਾਖੀ
ਦੀਆਂ ਲੱਖ-ਲੱਖ ਮੁਬਾਰਕਾਂ
Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ
ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ
SACRAMENTO
5855 Auburn Blvd,
Sacramento, CA 95841,
+1-916-307-4620
FRESNO
1625 E Shaw Ave
#122, Fresno,
CA 93726
559-271-5511
FREMONT
3155 KEARNEY ST,
SUITE #248,
FREMONT, CA 94538.
+1-510-657-6444
NEWYORK
108-14 Jamaica Ave,
Richmond Hill,
NY 11418
Phone: 718-533-8444
Designed By Punjab Mail USA

ੴ ਸਤਿਗੁਰ ਪ੍ਰਸਾਦਿ



ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ

# ਖਾਲਸਾ ਦੇ ਜਨਮ ਦਿਹਾੜੇ ਵਿਸਾਖੀ

## ਦੀਆਂ ਲੱਖ-ਲੱਖ ਵਧਾਈਆਂ

Designed By Punjab Mail USA



# ਚਰਨਜੀਤ ਸਿੰਘ ਬਾਠ

## ਸੋਗੀ ਦੇ ਬਾਦਸ਼ਾਹ

# CHARANJIT SINGH BATTH

RAISIN, GRAPE AND ALMOND GROWER

5434 W. KAMM AVENUE, CARUTHERS, CALIFORNIA 93609


ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ
ਖਾਲਸਾ ਦੇ ਜਨਮ ਦਿਹਾੜੇ ਵਿਸਾਖੀ
ਦੀਆਂ ਲੱਖ-ਲੱਖ ਮੁਬਾਰਕਾਂ
Designed By Punjab Mail USA
JASSI SHERGILL
PARAMJIT S. KHAIRA
SAM BATH
PALWINDER SHERGILL
ਜਸਵਿੰਦਰ ਜੱਸੀ ਸ਼ੇਰਗਿੱਲ, ਪਰਮਜੀਤ ਸਿੰਘ ਖਹਿਰਾ, ਸੈਮ ਬਾਠ, ਪਲਵਿੰਦਰ ਸ਼ੇਰਗਿੱਲ
ਪੰਜਾਬੀ ਭਰਾਵਾਂ ਦਾ ਸੈਕਰਾਮੈਂਟੋ ਵਿਚ ਆਪਣੇ ਟਰੱਕ ਸਟਾਪ
SAC VALLEY VELLERO
7891, Stockton Blvd, Sacramento, CA 95823
ਟਰੱਕਾਂ ਵਾਲੇ ਭਰਾਵਾਂ ਲਈ ਹਰ ਸਹੂਲਤਾਂ ਨਾਲ ਲੈਸ ਟਰੱਕ ਸਟਾਪ
WEST SAC AM PM TRUCK STOP
4790, West Captial Avenue, West Sacramento, CA 95691

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ
ਖਾਲਸਾ ਦੇ ਜਨਮ ਦਿਹਾੜੇ ਵਿਸਾਖੀ
ਦੀਆਂ ਲੱਖ-ਲੱਖ ਮੁਬਾਰਕਾਂ





Mohabatpal Singh Kaile
President Haryana American Association California



Sukhwinder Singh



Sukhraj Singh Kang

Designed By Punjab Mail USA

ਮੁਹੱਬਤਪਾਲ ਸਿੰਘ ਕੈਲੇ ਸੁਖਵਿੰਦਰ ਸਿੰਘ ਸੁਖਰਾਜ ਸਿੰਘ ਕੰਗ

Gas Station, Farming & Hotel Business Owner

Marysville, Lincoln, Sacramento.



ੴ ਸਤਿਗੁਰ ਪ੍ਰਸਾਦਿ

ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ
ਅਕੈਡਮੀ ਸੈਕਰਾਮੈਂਟੋ ਵੱਲੋਂ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ

# ਖਾਲਸਾ ਦੇ ਜਨਮ ਦਿਹਾੜੇ ਵਿਸਾਖੀ

ਦੀਆਂ ਲੱਖ-ਲੱਖ ਮੁਬਾਰਕਾਂ

# ਪਾਲ ਸਿਹੋਤਾ

ਪ੍ਰਧਾਨ, ਵੈਸਟ ਕੋਸਟ ਇੰਡੀਅਨ ਓਵਰਸੀਜ਼ ਕਾਂਗਰਸ



Designed By Punjab Mail USA

**Royal Express, INC,**

**Smartway Express INC,**

**Smartway Logestic INC**

www.royalexp.com

3545, East Date Ave. Fresno CA

**Paul Sihota**

Chairman, Indian Overseas Congress (California)

ੴ ਸਤਿਗੁਰ ਪ੍ਰਸਾਦਿ



# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ
# ਖਾਲਸਾ ਦੇ ਜਨਮ ਦਿਹਾੜੇ ਵਿਸਾਖੀ
# ਦੀਆਂ ਲੱਖ-ਲੱਖ ਮੁਬਾਰਕਾਂ



ਸ. ਪਾਖਰ ਸਿੰਘ ਅਕਾਲੀ



ਸ. ਸੌਦਾਗਰ ਸਿੰਘ ਅਕਾਲੀ



ਸ. ਸੁਰਿੰਦਰ ਸਿੰਘ ਨਿੱਝਰ, ਸ. ਅਵਤਾਰ ਸਿੰਘ ਅਕਾਲੀ, ਸ. ਅੰਮ੍ਰਿਤਪਾਲ ਸਿੰਘ ਨਿੱਝਰ

Designed By Punjab Mail USA



Varinder Singh Nijjar Jagbir Singh Nijjar



Manhamir Singh Nijjar

## ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ

ਟਕਸਾਲੀ ਅਕਾਲੀ ਆਗੂ, ਪਿੰਡ ਭਾਗਸਿੰਘ ਪੁਰਾ, ਫਿਲੌਰ (ਜਲੰਧਰ)

ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ

# ਨਿੱਝਰ ਬ੍ਰਦਰਜ਼ ਤੇ ਪਰਿਵਾਰ

ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ: 559-479-1804, 1-800-317-2577

TRANSCORP

Hiring Owner Operators & Drivers

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ

# ਖਾਲਸਾ ਦੇ ਜਨਮ ਦਿਹਾੜੇ ਵਿਸਾਖੀ

ਦੀਆਂ ਲੱਖ-ਲੱਖ ਮੁਬਾਰਕਾਂ







Designed By Punjab Mail USA

**Daljit Singh Basanti & Avtar Singh Basanti**

***Basanti Brothers, Reno***

ੴ ਸਤਿਗੁਰ ਪ੍ਰਸਾਦਿ
ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹੌ ਕਰੌ ਨਿਵਾਸ



# ਸਮੂਹ ਸਿੱਖ ਜਗਤ ਨੂੰ ਖਾਲਸਾ ਸਿਰਜਣਾ ਦਿਵਸ ਅਤੇ ਖੁਸ਼ੀਆਂ-ਖੇੜਿਆਂ ਦੇ ਤਿਉਹਾਰ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ।

ਖਾਲਸਾ ਜੀ ਦੇ ਜਨਮ ਦਿਹਾੜੇ ਵਿਸਾਖੀ ਮੌਕੇ ਅਮਰੀਕਾ ਦੇ ਗੁਰੂ ਘਰਾਂ ਵਿਚ ਧਾਰਮਿਕ ਦੀਵਾਨ ਸਜਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।




Designed By Punjab Mail USA

## ਜਸਵੰਤ ਸਿੰਘ ਹੋਠੀ

# Jaswant S. Hothi

## ਪ੍ਰਧਾਨ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ




RE/MAX

RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।





**916-320-9444**

web: www.RealtorRandhawa.com
garysingh123@yahoo.com

**Gurjatinder S. Randhawa**
REALTOR CA DRE licence # 01490567

ੴ ਸਤਿਗੁਰ ਪ੍ਰਸਾਦਿ



# ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ

## ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ

## ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ

ਖਾਲਸਾ ਜੀ ਦੇ ਜਨਮ ਦਿਹਾੜੇ ਵਿਸਾਖੀ ਮੌਕੇ ਅਮਰੀਕਾ ਦੇ ਗੁਰੂ ਘਰਾਂ ਵਿਚ ਧਾਰਮਿਕ ਦੀਵਾਨ ਸਜਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਵਿਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਡਾ. ਪ੍ਰਿਤਪਾਲ ਸਿੰਘ

**ਕੋ-ਆਰਡੀਨੇਟਰ**

## ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ।

**American Gurdwara Parbandhak Committee**

Designed By Punjab Mail USA

# ਸਮੂਹ ਸਿੱਖ ਜਗਤ ਨੂੰ ਖਾਲਸਾ ਜੀ ਦੇ ਸਿਰਜਣਾ ਦਿਵਸ ਅਤੇ ਵਿਸਾਖੀ ਦੀ ਲੱਖ-ਲੱਖ ਵਧਾਈ।




# EXPO Furniture Gallery



We offer 0% interest financing and carry all major brands.

ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ

In business for over 30 years

New Year Special Sale

Best price guaranteed.



Designed By Punjab Mail USA

7310 HOME LEISURE PLAZA, SACRAMENTO, CA 95823

(916) 392-3233

www.expofurnituregallery.com


ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ
ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ
BAGGA JEWELERS®
SINCE 1996
ਸੈਕਰਾਮੈਂਟੋ ਚ ਸਭ ਤੋਂ ਪੁਰਾਣਾ ਗਹਿਣਿਆਂ ਦਾ ਸਟੋਰ
"Every Piece of Jewelery tells a story"
New Wedding Collecton Available Now
ਸੋਨੇ ਦੇ ਬਿਸਕੁਟ ਹਰ ਸਾਈਜ਼ ਵਿੱਚ ਇਥੇ ਉਪਲਬਧ ਹਨ।
ਇਥੋਂ ਤੁਸੀਂ 22, 23 ਤੇ 24 ਕੈਰਟ ਦੇ ਡਿਜ਼ਾਇਨ ਦਾਰ ਗਹਿਣੇ ਖਰੀਦ ਸਕਦੇ ਹੋ।
ਰਾਸ਼ੀ ਨਗ ਵਾਲੀਆਂ ਚਮਕਦਾਰ ਮੁੰਦਰੀਆਂ ਬੱਗਾ ਜਿਊਲਰਸ ਤੋਂ ਲੈ ਕੇ ਤੁਸੀਂ ਆਪਣੀ ਕਿਸਮਤ ਵੀ ਚਮਕਾ ਸਕਦੇ ਹੋ।
Signature Collections as exclusive as you
Custom handcrafted jewellery
Hallmark Certified 22 K Gold Jewellery
Deals in Gold BUY-Sell-Trade
Call Johny : 916-912-8842
6930, 65th Street, Suite 115, Sacramento, California 95829
Designed By Punjab Mail USA




ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ

ਖਾਲਸਾ ਦੇ ਜਨਮ ਦਿਹਾੜੇ ਵਿਸਾਖੀ

ਦੀਆਂ ਲੱਖ-ਲੱਖ ਵਧਾਈਆਂ

Global Allianz

LAW FIRM LLP

ਕਾਨੂੰਨੀ ਸਲਾਹਾਂ



Atul Kapoor
C.E.O

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188


ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ
ਖਾਲਸਾ ਦੇ ਜਨਮ ਦਿਹਾੜੇ ਵਿਸਾਖੀ
ਦੀਆਂ ਲੱਖ-ਲੱਖ ਵਧਾਈਆਂ
Designed By Punjab Mail USA
ਸੈਕਰਾਮੈਂਟੋ ਦਾ ਸਭ ਤੋਂ ਵੱਡਾ ਇੰਡੀਅਨ ਰੈਸਟੋਰੈਂਟ
SPICE OF LIFE
PAKISTANI • INDIAN • CHINESE • THAI CUISINE
Lunch Buffet
11AM - 3PM
Dinner Buffet Friday : Sunday
5:30PM - 9:30PM
» PAKISTANI
» INDIAN
» AFGHAN
Business Hours
11AM - 10PM Daily
CLOSED ON TUESDAY
SPICE OF LIFE
ਟਰੱਕਾਂ ਵਾਲੇ ਵੀਰਾਂ ਲਈ ਵਿਸ਼ੇਸ਼ ਪੈਕੇਜ
ਹਰ ਤਰ੍ਹਾਂ ਦੀ ਕੈਟਰਿੰਗ ਕਰਾਉਣ ਲਈ ਸੰਪਰਕ ਕਰੋ
Catering & Parties | Call : 916-261-4892
6640 Valley Hi Dr Sacramento, CA 95823
Designed By Punjab Mail USA

# ਦੇਸ਼-ਵਿਦੇਸ਼ 'ਚ ਬੈਠੇ ਪੰਜਾਬ ਮੇਲ USA ਦੇ ਪਾਠਕਾਂ ਅਤੇ ਦਰਸ਼ਕਾਂ ਨੂੰ ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ।



PUNJAB MAIL USA
TV Channel, Newspaper, Radio



## ਪੰਜਾਬ ਮੇਲ ਯੂ.ਐੱਸ.ਏ

TV Channel, Newspaper, Radio



**Gurjatinder S. Randhawa**
CEO & Chief Editor
Punjab Mail USA TV Channel & Newspaper

## All over America, Canada, Australia & Europe

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**



# ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ


pizzatwist®

Order online at PIZZATWIST.COM

WITH SO MANY DEALS, IT'S A PIZZA PARTY, EVERYTIME!

ਸੈਕਰਾਮੈਂਟੋ ਵਿਚ ਖੁੱਲ੍ਹ ਗਿਆ ਹੈ ਪੀਜ਼ਾ ਰੇਸਟੋਰੈਂਟ



ਅਸੀਂ ਤੁਹਾਡੀ ਪਸੰਦ ਦਾ ਪੀਜ਼ਾ ਬਣਾ ਕੇ ਦਿੰਦੇ ਹਾਂ।

FAMILY DEAL 33.99 — 2 LARGE 3-TOPPING

FREE SMALL CHEESE PIZZA — WHEN BUY 2 LARGE SPECIALTY PIZZA

PIZZA + SODA 21.99 — 1 LARGE 2 TOPPING + 2L SODA

CHEESE PIZZA — CLASSIC / PLANT-BASED — PLANT-BASED +$2

PEPPERONI PIZZA — CLASSIC / PLANT-BASED — PLANT-BASED +$2

ONE FOR YOU & ONE FOR KID 35.99 — 1 LARGE SPECIALTY PIZZA AND 1 LARGE PIZZA 2-TOPPINGS

PIZZA, WINGS & SODA 29.99 — 1 MEDIUM 2 TOPPING PIZZA + 10 WINGS + 2L SODA (UPGRADE TO LARGE SIZE +$4)

TWISTY SPECIAL $12.99 8pcs



CHOOSE YOUR PROTEIN
- Chaap
- Speciality Boneless Chicken

CHOOSE YOUR FLAVOR
- Achari
- Tandoori
- Tikka
- Machurian
- Curry Masala

ਆਪਣੀ ਪੰਸਦ ਦਾ ਪੀਜ਼ਾ ਖਾਣ ਲਈ ਇਕ ਵਾਰੀ ਜ਼ਰੂਰ ਪਧਾਰੋ।

1915 Cosumnes River Blvd #110, Sacramento, CA 95832

916-892-0003

Designed By Punjab Mail USA



ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

HOTHI FREIGHTLINES




Your Job Search Ends With Us!

- $2500 salary per week (depending on experience)
- Sign On and Referral Bonuses
- Contracted Freight and Brand New Equipment
- Average salary of our drivers is $10,000/month

Come and Join Our Team!

- Class A License
- 6-Months continuous experience
- 1 year of driving experience
- 23 years of age or older
- 3 years MVR is verified
- 6 months of reefer experience
- No slip seating

Gary Hothi • (408) 332-9355 • Gary@hflfreight.com

# ਟੈਰਿਫ ਕਾਰਨ ਮਹਿੰਗਾਈ ਤੇ ਬੇਯਕੀਨੀ ਵਾਲੇ ਹਾਲਾਤ ਬਣਨ ਦੀ ਸੰਭਾਵਨਾ; ਫੈਡਰਲ ਰਿਜ਼ਰਵ ਚੇਅਰਮੈਨ ਵੱਲੋਂ ਚਿਤਾਵਨੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ ਸਮੇਤ ਵਿਸ਼ਵ ਭਰ ਦੇ ਦੇਸ਼ਾਂ ਦੀਆਂ ਦਰਾਮਦਾਂ ਉਪਰ ਲਾਏ ਟੈਰਿਫ਼ ਕਾਰਨ ਅਮਰੀਕੀ ਲੋਕਾਂ ਦਾ ਜਨਜੀਵਨ ਵੱਡੀ ਪੱਧਰ 'ਤੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਫੈਡਰਲ ਰਿਜ਼ਰਵ ਚੇਅਰਮੈਨ ਜੇਰੋਮ ਪਾਵਲ ਨੇ ਇਸ ਬਾਰੇ ਕਿਹਾ ਹੈ ਕਿ ਜਿਸ ਢੰਗ ਨਾਲ ਸਮੁੱਚੇ ਦੇਸ਼ਾਂ ਉਪਰ ਟੈਰਿਫ਼ ਲਾਇਆ ਗਿਆ ਹੈ, ਉਸ ਨਾਲ ਬਹੁਤ ਜ਼ਿਆਦਾ ਮਹਿੰਗਾਈ ਹੋ ਸਕਦੀ ਹੈ। ਉਨ੍ਹਾਂ ਕਿਹਾ ਹੈ ਕਿ "ਵੱਡੀ ਪੱਧਰ 'ਤੇ ਬੇਯਕੀਨੀ ਦੇ ਹਾਲਾਤ ਕਾਰਨ ਬੇਰੁਜ਼ਗਾਰੀ ਤੇ ਮਹਿੰਗਾਈ ਦੋਨਾਂ ਦਾ ਬੋਲਬਾਲਾ ਰਹਿ ਸਕਦਾ ਹੈ। ਉਨ੍ਹਾਂ ਕਿਹਾ ਕਿ



ਫੈਡਰਲ ਰਿਜ਼ਰਵ ਚੇਅਰਮੈਨ ਜੇਰੋਮ ਪਾਵਲ।

ਵਿਆਜ ਦਰਾਂ ਸਥਿਰ ਰਹਿਣਗੀਆਂ। ਉਨ੍ਹਾਂ ਨੇ ਵਿਕਾਸ ਦੀ ਰਫਤਾਰ ਮੱਧਮ ਹੋ ਜਾਣ ਦੀ ਚਿਤਾਵਨੀ ਵੀ ਦਿੱਤੀ। ਉਹ ਵਾਸ਼ਿੰਗਟਨ ਡੀ.ਸੀ. ਤੋਂ ਬਾਹਰ ਸੋਸਾਇਟੀ ਫਾਰ ਐਡਵਾਂਸ ਬਿਜ਼ਨਸ ਐਡੀਟਿੰਗ ਐਂਡ ਰਾਈਟਿੰਗ ਕਾਨਫਰੰਸ ਵਿਚ ਬੋਲ ਰਹੇ ਸਨ। ਉਨ੍ਹਾਂ ਕਿਹਾ ਕਿ ਘੱਟੋ-ਘੱਟ ਆਰਜੀ ਤੌਰ 'ਤੇ ਮਹਿੰਗਾਈ ਤਾਂ ਵਧਣ ਦੀ ਸੰਭਾਵਨਾ ਹੈ ਹੀ, ਪਰੰਤੂ ਇਹ ਵੀ ਸੰਭਾਵਨਾ ਹੈ ਕਿ ਇਹ ਲੰਬਾ ਸਮਾਂ ਰਹੇ। ਪਾਵਲ ਦੇ ਭਾਸ਼ਣ ਤੋਂ ਪਹਿਲਾਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ਉਪਰ ਪਾਈ ਇਕ ਪੋਸਟ ਵਿਚ ਲਿਖਿਆ ਹੈ ਕਿ ਫੈਡਰਲ ਰਿਜ਼ਰਵ ਨੂੰ ਉਧਾਰ ਲਾਗਤਾਂ ਘਟਾਉਣੀਆਂ ਚਾਹੀਦੀਆਂ ਹਨ। ਟਰੰਪ ਨੇ ਕੇਂਦਰੀ ਬੈਂਕ ਦੇ ਆਗੂ ਉਪਰ ਰਾਜਨੀਤੀ ਖੇਡਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਫੈਡਰਲ ਰਿਜ਼ਰਵ ਦੇ ਚੇਅਰਮੈਨ ਜੇਰੋਮ ਪਾਵਲ ਲਈ ਇਹ ਉਚਿਤ ਸਮਾਂ ਹੈ ਕਿ ਉਹ ਵਿਆਜ ਦਰਾਂ ਵਿਚ ਕਟੌਤੀ ਕਰਨ। ਇਥੇ ਜ਼ਿਕਰਯੋਗ ਹੈ ਕਿ ਟਰੰਪ ਦੁਆਰਾ ਅਮਰੀਕੀ ਦਰਾਮਦਾਂ ਉਪਰ ਐਲਾਨਿਆ 10% ਟੈਰਿਫ਼ ਤਾਂ ਲਾਗੂ ਹੋ ਗਿਆ ਹੈ, ਜਦ ਕਿ ਵੱਖ-ਵੱਖ ਦੇਸ਼ਾਂ ਉਪਰ ਲਾਏ ਟੈਰਿਫ਼ 9 ਅਪ੍ਰੈਲ ਤੋਂ ਲਾਗੂ ਹੋਣਗੇ। ਮਾਹਿਰਾਂ ਦਾ ਵਿਚਾਰ ਹੈ ਕਿ ਟਰੰਪ ਦੁਆਰਾ ਲਾਏ ਟੈਰਿਫ਼ ਅਨੁਮਾਨ ਨਾਲੋਂ ਕਿਤੇ ਵਧ ਖਤਰਨਾਕ ਹਨ। ਅਰਥਸ਼ਾਸ਼ਤਰੀ ਜੇ.ਪੀ. ਮੋਰਗਨ ਦਾ ਵਿਚਾਰ ਹੈ ਕਿ ਜੇਕਰ ਟੈਰਿਫ਼ ਲਾਗੂ ਰਹਿੰਦੇ ਹਨ, ਤਾਂ ਕੌਮਾਂਤਰੀ ਮੰਦਾ ਆਵੇਗਾ। ਮੁੱਖ ਅਰਥਸ਼ਾਸ਼ਤਰੀ ਕੈਥੀ ਬੋਸਟਜੈਨਸਿਸ ਨੇ ਕਿਹਾ ਹੈ ਕਿ ਫੈਡਰਲ ਰਿਜ਼ਰਵ ਬਹੁਤ ਕਸੂਤੀ ਸਥਿਤੀ ਵਿਚ ਹੈ ਕਿਉਂਕਿ ਮਹਿੰਗਾਈ ਵਧਣੀ ਤੇ ਅਰਥਵਿਵਸਥਾ ਵਿਚ ਮੰਦਾ ਆਉਣਾ ਤੈਅ ਹੈ।

# ਅਮਰੀਕੀ ਸੈਨੇਟ ਵੱਲੋਂ ਹਰਮੀਤ ਢਿੱਲੋਂ ਦੀ ਅਸਿਸਟੈਂਟ ਅਟਾਰਨੀ ਜਨਰਲ ਵਜੋਂ ਪੁਸ਼ਟੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕੀ ਸੈਨੇਟ ਨੇ ਪੰਜਾਬੀ ਤੇ ਅਮਰੀਕੀ ਭਾਈਚਾਰੇ ਵਿਚ ਜਾਣੀ ਪਛਾਣੀ ਸ਼ਖਸੀਅਤ ਹਰਮੀਤ ਢਿੱਲੋਂ ਦੀ ਮਾਨਵੀ ਹੱਕਾਂ ਬਾਰੇ ਅਸਿਸਟੈਂਟ ਅਟਾਰਨੀ ਜਨਰਲ ਵਜੋਂ ਪੁਸ਼ਟੀ ਕਰ ਦਿੱਤੀ ਹੈ। ਹਰਮੀਤ ਢਿੱਲੋਂ ਦੇ ਸੰਵਿਧਾਨਕ ਆਜ਼ਾਦੀ ਕਾਇਮ ਰੱਖਣ ਵਿਚ ਪਾਏ ਯੋਗਦਾਨ ਨੂੰ ਮੁੱਖ ਰਖਦਿਆਂ ਰਾਸ਼ਟਰਪਤੀ ਡੋਨਾਲਟ ਟਰੰਪ ਨੇ ਇਸ ਅਹਿਮ ਅਹੱਦੇ ਲਈ ਉਨਾਂ ਨੂੰ ਨਾਮਜ਼ਦ ਕੀਤਾ ਸੀ। ਅਲਾਸਕਾ ਤੋਂ ਕੇਵਲ ਇਕ ਰਿਪਬਲੀਕਨ ਸਾਂਸਦ ਲੀਸਾ ਮੁਰਕੋਵਸਕੀ ਨੇ ਪਾਰਟੀ ਲਾਈਨ ਤੋਂ ਹਟ ਕੇ ਢਿੱਲੋਂ ਦੇ ਵਿਰੋਧ ਵਿਚ ਡੈਮੋਕਰੈਟਸ ਦਾ ਸਾਥ ਦਿੱਤਾ, ਬਾਕੀ



ਹਰਮੀਤ ਢਿੱਲੋਂ

ਸਭ ਰਿਪਬਲੀਕਨ ਸੈਨੇਟ ਮੈਂਬਰਾਂ ਨੇ ਪਾਰਟੀ ਲਾਈਨ ਅਨੁਸਾਰ ਉਨ੍ਹਾਂ ਨੂੰ ਵੋਟ ਪਾਈ। ਹਰਮੀਤ ਢਿੱਲੋਂ ਦੇ ਹੱਕ ਵਿਚ 52 ਤੇ ਵਿਰੁੱਧ 42 ਵੋਟਾਂ ਪਈਆਂ। ਰਾਸ਼ਟਰਪਤੀ ਟਰੰਪ ਦੀ ਕੱਟੜ ਸਮਰਥਕ ਢਿੱਲੋਂ ਨਿਆਂ ਵਿਭਾਗ ਨਾਲ ਸਬੰਧਿਤ ਕੰਮਕਾਜ਼ ਵੇਖੇਗੀ।

# ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਘਰ ਗ੍ਰਨੇਡ ਸੁੱਟਣ ਵਾਲੇ ਗ੍ਰਿਫ਼ਤਾਰ

**ਜਲੰਧਰ, (ਪੰਜਾਬ ਮੇਲ)-** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਲੀਡਰ ਅਤੇ ਸਾਬਕਾ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਦੇ ਘਰ ਗ੍ਰਨੇਡ ਹਮਲੇ ਦਾ ਮਾਮਲਾ ਪੁਲਿਸ ਨੇ ਸੁਲਝਾ ਲਿਆ ਹੈ। ਸੂਤਰਾਂ ਮੁਤਾਬਕ ਪੁਲਿਸ ਵੱਲੋਂ 2 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਵਾਰਦਾਤ ਵਿਚ ਵਰਤਿਆ ਗਿਆ ਈ-ਰਿਕਸ਼ਾ ਵੀ ਜ਼ਬਤ ਕਰ ਲਿਆ ਗਿਆ ਹੈ।





ਦੱਸਿਆ ਜਾ ਰਿਹਾ ਹੈ ਕਿ ਫੜੇ ਗਏ ਮੁਲਜ਼ਮਾਂ ਦੇ ਤਾਰ ਮੁੰਬਈ ਦੇ ਮਸ਼ਹੂਰ ਬਾਬਾ ਸਿੱਦਕੀ ਕਤਲਕਾਂਡ ਦੇ ਨਾਲ ਜੁੜੇ ਹੋਏ ਹਨ। ਪੂਰੇ ਮਾਮਲੇ ਦਾ ਮਾਸਟਰਮਾਈਂਡ ਇਸ ਕਤਲਕਾਂਡ ਵਿਚ ਸ਼ਾਮਲ ਜੀਸ਼ਾਨ ਅਖ਼ਤਰ ਦੱਸਿਆ ਜਾ ਰਿਹਾ ਹੈ। ਸੂਤਰਾਂ ਦੀ ਮੰਨੀਏ ਤਾਂ ਜੀਸ਼ਾਨ ਦੇ ਕਹਿਣ 'ਤੇ ਹੀ ਇਹ ਗ੍ਰਨੇਡ ਅਟੈਕ ਹੋਇਆ ਹੈ। ਜੀਸ਼ਾਨ ਅਖ਼ਤਰ ਜੋ ਕਿ ਜਲੰਧਰ ਜ਼ਿਲ੍ਹੇ ਦੇ ਨਕੋਦਰ ਇਲਾਕੇ ਦੇ ਪਿੰਡ ਸ਼ੰਕਰ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ। ਬਾਬਾ ਸਿੱਦਕੀ ਕਤਲਕਾਂਡ ਤੋਂ ਬਾਅਦ ਉਹ ਫ਼ਰਾਰ ਚੱਲ ਰਿਹਾ ਹੈ। ਇਹ ਵੀ ਆਖ਼ਿਆ ਜਾ ਰਿਹਾ ਹੈ ਕਿ ਜੀਸ਼ਾਨ ਵਿਦੇਸ਼ ਚਲਾ ਗਿਆ ਸੀ।

ਉੱਥੇ ਹੀ ਪੁਲਿਸ ਸੂਤਰ ਦੱਸਦੇ ਹਨ ਕਿ ਮਨੋਰੰਜਨ ਕਾਲੀਆ ਦੇ ਘਰ ਹਮਲਾ ਆਈ.ਐੱਸ.ਆਈ. ਵੱਲੋਂ ਪੰਜਾਬ ਦੇ ਆਪਸੀ ਭਾਈਚਾਰੇ ਨੂੰ ਵਿਗਾੜਣ ਦੀ ਸਾਜ਼ਿਸ਼ ਹੈ। ਜੀਸ਼ਾਨ ਅਖ਼ਤਰ ਲਾਰੈਂਸ ਬਿਸ਼ਨੋਈ ਦਾ ਕਰੀਬੀ ਵੀ ਦੱਸਿਆ ਜਾ ਰਿਹਾ ਹੈ ਅਤੇ ਪੁਲਿਸ ਇਸ ਦੇ ਲਿੰਕਾਂ ਦੀ ਜਾਂਚ ਕਰ ਰਹੀ ਹੈ। ਪੁਲਿਸ ਨੂੰ ਸ਼ੱਕ ਹੈ ਕਿ ਜੀਸ਼ਾਨ ਦੇ ਲਿੰਕ ਪਾਕਿਸਤਾਨੀ ਅੱਤਵਾਦੀ ਹਰਵਿੰਦਰ ਸਿੰਘ ਉਰਫ਼ ਰਿੰਦਾ ਅਤੇ ਹੈਪੀ ਪਾਸ਼ੀਆ ਨਾਲ ਵੀ ਜੁੜੇ ਹੋ ਸਕਦੇ ਹਨ। ਫ਼ਿਲਹਾਲ ਪੁਲਿਸ ਇਸ ਹਮਲੇ ਨੂੰ ਸਰਹੱਦ ਪਾਰੋਂ ਕਰਵਾਇਆ ਹੋਇਆ ਮੰਨ ਰਹੀ ਹੈ।

ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀ ਜਲਦੀ ਹੀ ਇਸ ਮਾਮਲੇ ਵਿਚ ਪ੍ਰੈੱਸ ਕਾਨਫ਼ਰੰਸ ਕਰਕੇ ਵੱਡੇ ਖ਼ੁਲਾਸੇ ਕਰ ਸਕਦੇ ਹਨ। ਇਸ ਦੇ ਨਾਲ ਹੀ ਦੱਸ ਦਈਏ ਕਿ ਮੰਗਲਵਾਰ ਸਵੇਰੇ ਤਕਰੀਬਨ 1 ਵਜੇ ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਘਰ ਈ-ਰਿਕਸ਼ਾ ਸਵਾਰ ਲੋਕਾਂ ਵੱਲੋਂ ਹਮਲਾ ਕੀਤਾ ਗਿਆ। ਸੰਭਾਵਨਾ ਹੈ ਕਿ ਇਹ ਗ੍ਰਨੇਡ ਹਮਲਾ ਸੀ। ਹਮਲੇ ਪਿੱਛੋਂ ਪੁਲਿਸ ਵੱਲੋਂ ਮੌਕੇ 'ਤੇ ਜਾਂਚ ਕੀਤੀ ਗਈ ਅਤੇ ਫ਼ੋਰੈਂਸਿਕ ਟੀਮਾਂ ਵੱਲੋਂ ਸੈਂਪਲ ਲੈ ਲਏ ਗਏ।

## ਟੈਰਿਫ ਬਾਰੇ ਫ਼ੈਸਲਾ ਕੁੱਝ ਦਿਨ ਦੀ ਤੰਗੀ ਤੋਂ ਬਾਅਦ ਇਤਿਹਾਸਕ ਲੱਗੇਗਾ : ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-** 2 ਅਪ੍ਰੈਲ ਨੂੰ ਅਮਰੀਕੀ ਰਾਸ਼ਟਰਪਤੀ



ਡੋਨਾਲਡ ਟਰੰਪ ਨੇ ਰੈਸੀਪ੍ਰੋਕਲ ਟੈਰਿਫ਼ ਦਾ ਐਲਾਨ ਕੀਤਾ ਸੀ, ਜਿਸ 'ਤੇ ਸਖ਼ਤ ਰਹਿੰਦੇ ਹੋਏ ਉਨ੍ਹਾਂ ਆਪਣੇ ਦੇਸ਼ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਕੁਝ ਦਿਨ ਤੱਕ ਤਾਂ ਤੰਗੀ ਝੱਲਣੀ ਪੈ ਸਕਦੀ ਹੈ, ਪਰ ਅੰਤ 'ਚ ਉਨ੍ਹਾਂ ਨੂੰ ਇਹ ਫ਼ੈਸਲਾ ਇਤਿਹਾਸਕ ਲੱਗੇਗਾ ਤੇ ਦੇਸ਼ ਖੁਸ਼ਹਾਲੀ ਵੱਲ ਅੱਗੇ ਵਧੇਗਾ। ਉਨ੍ਹਾਂ ਸੋਸ਼ਲ ਮੀਡੀਆ ਪਲੇਟਫਾਰਮ 'ਟਰੁੱਥ ਸੋਸ਼ਲ' 'ਤੇ ਲਿਖਿਆ, "ਅਸੀਂ ਹੁਣ ਤੱਕ ਬੇਵੱਸ ਤੇ ਮਾਰ ਖਾਣ ਵਾਲੇ ਰਹੇ ਹਾਂ, ਪਰ ਹੁਣ ਹੋਰ ਨਹੀਂ। ਅਸੀਂ ਹੁਣ ਨੌਕਰੀਆਂ ਤੇ ਉਦਯੋਗਾਂ ਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਤੇਜ਼ੀ ਨਾਲ ਵਾਪਸ ਲਿਆ ਰਹੇ ਹਾਂ।"

ਇਸ ਤੋਂ ਇਲਾਵਾ ਟਰੰਪ ਨੇ ਚੀਨ ਬਾਰੇ ਵੀ ਆਪਣਾ ਰਵੱਈਆ ਨਰਮ ਕਰਨ ਦੇ ਸੰਕੇਤ ਦਿੱਤੇ ਹਨ। ਉਨ੍ਹਾਂ ਕਿਹਾ ਕਿ ਜੇਕਰ ਚੀਨ ਟਿਕਟਾਕ ਦੀ ਡੀਲ ਨੂੰ ਮਨਜ਼ੂਰੀ ਦੇ ਦਿੰਦਾ ਹੈ, ਤਾਂ ਅਮਰੀਕਾ ਵੀ ਚੀਨ 'ਤੇ ਲਗਾਏ ਗਏ ਟੈਰਿਫ਼ 'ਚ ਰਾਹਤ ਦੇਣ ਬਾਰੇ ਵਿਚਾਰ ਕਰ ਸਕਦਾ ਹੈ।

# ਭਗੌੜੇ ਕਾਰੋਬਾਰੀ ਮਾਲਿਆ ਨੇ ਬੈਂਕਾਂ ਵੱਲੋਂ ਦਿੱਤੇ ਕਰਜ਼ੇ ਤੋਂ ਦੁੱਗਣੀ ਰਕਮ ਵਸੂਲਣ ਦਾ ਕੀਤਾ ਦਾਅਵਾ



**ਨਵੀਂ ਦਿੱਲੀ, (ਪੰਜਾਬ ਮੇਲ)-** ਭਗੌੜੇ ਸ਼ਰਾਬ ਕਾਰੋਬਾਰੀ ਵਿਜੇ ਮਾਲਿਆ ਨੇ ਦਾਅਵਾ ਕੀਤਾ ਹੈ ਕਿ ਭਾਰਤੀ ਬੈਂਕਾਂ ਕੋਲ ਉਸਦੀ 14,131.6 ਕਰੋੜ ਰੁਪਏ ਦੀ ਜਾਇਦਾਦ ਹੈ, ਜੋ ਕਿ ਜਨਤਕ ਖੇਤਰ ਦੇ ਬੈਂਕਾਂ ਨੂੰ ਉਸਦੇ ਬਕਾਇਆ ਕਰਜ਼ੇ ਤੋਂ ਦੁੱਗਣੀ ਤੋਂ ਵੀ ਵੱਧ ਹੈ। ਮਾਲਿਆ ਨੇ ਵਿੱਤ ਮੰਤਰਾਲੇ ਦੀ ਸਾਲਾਨਾ ਰਿਪੋਰਟ 2024-25 ਵਿਚ ਜਾਣਬੁੱਝ ਕੇ ਡਿਫਾਲਟਰਾਂ ਵਿਰੁੱਧ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਵਸੂਲੀ ਦੇ ਵੇਰਵਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਬੈਂਕਾਂ ਨੇ ਕਰਜ਼ਾ ਵਸੂਲੀ ਟ੍ਰਿਬਿਊਨਲ ਦੁਆਰਾ ਦਿੱਤੇ ਗਏ 6,203 ਕਰੋੜ ਰੁਪਏ ਦੇ ਮੁਕਾਬਲੇ ਪਹਿਲਾਂ ਹੀ 14,131.8 ਕਰੋੜ ਰੁਪਏ ਵਸੂਲ ਕਰ ਲਏ ਹਨ।

ਮਾਲਿਆ ਨੇ ਸੋਸ਼ਲ ਮੀਡੀਆ ਸਾਈਟ ਐਕਸ 'ਤੇ ਲਿਖਿਆ, ਕਰਜ਼ਾ ਵਸੂਲੀ ਟ੍ਰਿਬਿਊਨਲ ਦੇ ਫੈਸਲੇ ਅਨੁਸਾਰ, 6,203 ਕਰੋੜ ਰੁਪਏ ਦੇ ਕਰਜ਼ੇ ਦੇ ਮੁਕਾਬਲੇ 14,131.8 ਕਰੋੜ ਰੁਪਏ ਦੀ ਵਸੂਲੀ ਕੀਤੀ ਗਈ। ਇਸਦਾ ਸਬੂਤ ਮੇਰੀ ਯੂ.ਕੇ. (ਯੂਨਾਈਟਿਡ ਕਿੰਗਡਮ) ਦੀਵਾਲੀਆਪਨ ਰੱਦ ਕਰਨ ਦੀ ਅਰਜ਼ੀ ਵਿਚ ਹੈ। ਮੈਨੂੰ ਹੈਰਾਨੀ ਹੈ ਕਿ ਬੈਂਕ ਯੂ.ਕੇ. ਦੀ ਅਦਾਲਤ ਵਿਚ ਕੀ ਕਹਿਣਗੇ। ਮਾਲਿਆ ਅਤੇ 10 ਹੋਰ ਭਗੌੜੇ ਆਰਥਿਕ ਅਪਰਾਧੀਆਂ ਦੇ ਵੇਰਵੇ ਸਾਂਝੇ ਕਰਦੇ ਹੋਏ, ਰਿਪੋਰਟ ਵਿਚ ਕਿਹਾ ਗਿਆ ਹੈ ਕਿ 36 ਵਿਅਕਤੀਆਂ ਦੇ ਸਬੰਧ ਵਿਚ ਵੱਖ-ਵੱਖ ਦੇਸ਼ਾਂ ਨੂੰ ਕੁੱਲ 44 ਹਵਾਲਗੀ ਬੇਨਤੀਆਂ ਭੇਜੀਆਂ ਗਈਆਂ ਹਨ। ਮੰਤਰਾਲੇ ਦੀ ਸਾਲਾਨਾ ਰਿਪੋਰਟ ਅਨੁਸਾਰ ਮਾਲਿਆ ਦੇ ਮਾਮਲੇ ਵਿਚ ਜ਼ਬਤ ਕੀਤੀਆਂ ਗਈਆਂ 14,131.6 ਕਰੋੜ ਰੁਪਏ ਦੀਆਂ ਜਾਇਦਾਦਾਂ ਜਨਤਕ ਖੇਤਰ ਦੇ ਬੈਂਕਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਯਤਨਾਂ ਦੇ ਨਤੀਜੇ ਵਜੋਂ ਵੱਖ-ਵੱਖ ਭਗੌੜੇ ਆਰਥਿਕ ਅਪਰਾਧੀਆਂ ਅਤੇ ਹੋਰ ਮੁਲਜ਼ਮਾਂ ਦੀ ਹਵਾਲਗੀ ਵਿਚ ਵਿਦੇਸ਼ਾਂ ਵਿਚ ਸਮਰੱਥ ਅਦਾਲਤਾਂ ਦੇ ਸਾਹਮਣੇ ਸਫਲ ਪ੍ਰਤੀਨਿਧਤਾ ਹੋਈ ਹੈ। ਇਸ ਸਬੰਧ ਵਿਚ ਇਹ ਦੱਸਣਾ ਉਚਿਤ ਹੈ ਕਿ ਯੂ.ਕੇ. ਦੀ ਅਦਾਲਤ ਨੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਭਾਰਤੀ ਦੂਤਘਰ ਦੇ ਤਾਲਮੇਲ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ ਦੁਆਰਾ ਪ੍ਰਭਾਵਸ਼ਾਲੀ ਪ੍ਰਤੀਨਿਧਤਾ ਤੋਂ ਬਾਅਦ ਕੁਝ ਮੁੱਖ ਦੋਸ਼ੀਆਂ ਦੀ ਭਾਰਤ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਕਰਜ਼ਾ ਵਸੂਲੀ ਟ੍ਰਿਬਿਊਨਲ ਦੇ ਬੰਗਲੁਰੂ ਬੈਂਚ ਨੇ 2017 ਵਿਚ ਸਟੇਟ ਬੈਂਕ ਆਫ਼ ਇੰਡੀਆ (ਐੱਸ.ਬੀ.ਆਈ.) ਦੀ ਅਗਵਾਈ ਵਾਲੇ ਬੈਂਕਾਂ ਦੇ ਇੱਕ ਸਮੂਹ ਨੂੰ ਕਿੰਗਫਿਸ਼ਰ ਏਅਰਲਾਈਨਜ਼ ਮਾਮਲੇ

# ਅਮਰੀਕੀ ਕਿਰਤ ਬਾਜ਼ਾਰ 'ਚ ਨੌਕਰੀਆਂ ਦਾ ਵਾਧਾ ਹੋਇਆ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਸੰਘੀ ਸਰਕਾਰ ਵਿਚ ਰੁਜ਼ਗਾਰ ਵਿਚ ਗਿਰਾਵਟ ਦੇ ਬਾਵਜੂਦ ਇਸ ਸਾਲ ਮਾਰਚ ਵਿਚ ਲਗਭਗ 2,28,000 ਨੌਕਰੀਆਂ ਕੱਢੀਆਂ ਗਈਆਂ ਹਨ, ਜਦੋਂਕਿ ਬੇਰੁਜ਼ਗਾਰੀ ਦਰ 4.2 ਪ੍ਰਤੀਸ਼ਤ ਤੱਕ ਪਹੁੰਚ ਗਈ। ਕਿਰਤ ਵਿਭਾਗ ਦੇ ਕਿਰਤ ਅੰਕੜਾ ਬਿਊਰੋ ਅਨੁਸਾਰ ਸਿਹਤ ਸੰਭਾਲ, ਸਮਾਜਿਕ ਸਹਾਇਤਾ, ਆਵਾਜਾਈ ਅਤੇ ਗੋਦਾਮਾਂ ਵਿਚ ਰੁਜ਼ਗਾਰ ਵਧਿਆ ਹੈ। ਪ੍ਰਚੂਨ ਵਪਾਰ ਵਿਚ ਵੀ ਰੁਜ਼ਗਾਰ ਵਧਿਆ।

ਰਿਪੋਰਟ ਅਨੁਸਾਰ ਫੈਡਰਲ ਸਰਕਾਰ ਨੇ ਫਰਵਰੀ ਵਿਚ 11,000 ਨੌਕਰੀਆਂ ਗੁਆਉਣ ਤੋਂ ਬਾਅਦ ਮਾਰਚ ਵਿਚ 4,000 ਨੌਕਰੀਆਂ ਗੁਆ ਦਿੱਤੀਆਂ ਅਤੇ ਉਹ ਕਰਮਚਾਰੀ ਜੋ ਤਨਖਾਹ ਵਾਲੀ ਛੁੱਟੀ 'ਤੇ ਹਨ ਜਾਂ ਵਾਧੇ ਵਿਚ ਤਨਖਾਹ ਪ੍ਰਾਪਤ ਕਰ ਰਹੇ ਹਨ, ਉਨ੍ਹਾਂ ਨੂੰ ਵੀ ਰੁਜ਼ਗਾਰ ਪ੍ਰਾਪਤ ਮੰਨਿਆ ਜਾਂਦਾ ਹੈ। ਡੋਨਾਲਡ ਟਰੰਪ ਪ੍ਰਸ਼ਾਸਨ ਦੇ ਅਧੀਨ ਸੰਘੀ ਕਾਰਜਬਲ ਨੂੰ ਲਗਾਤਾਰ ਘਟਾਇਆ ਜਾ ਰਿਹਾ ਹੈ, ਜੋ ਆਉਣ ਵਾਲੇ ਮਹੀਨਿਆਂ ਵਿਚ ਇਸ ਡੇਟਾ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰ ਸਕਦਾ ਹੈ। ਮਾਰਚ 'ਚ ਨਿੱਜੀ ਗੈਰ-ਖੇਤੀ ਖੇਤਰ ਦੇ ਸਾਰੇ ਕਰਮਚਾਰੀਆਂ ਲਈ ਔਸਤ ਘੰਟਾਵਾਰ ਦਰ ਨੌਂ ਸੈਂਟ, ਜਾਂ 0.3 ਪ੍ਰਤੀਸ਼ਤ ਵਧ ਕੇ 36.00 ਅਮਰੀਕੀ ਡਾਲਰ ਹੋ ਗਈ। ਪਿਛਲੇ 12 ਮਹੀਨਿਆਂ ਵਿਚ ਔਸਤ ਘੰਟੇ ਦੀ ਦਰ ਵਿਚ 3.8 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ।


Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit
Ishu Hallan
Vijay
Surbhi Sharma
Sanjeev Khanna



Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਰਵਾਇਤੀ ਪੰਜਾਬੀ ਗਾਇਕੀ ਦਾ ਵਕਤ ਮੁੜਕੇ ਜ਼ਰੂਰ ਆਵੇਗਾ : ਸਿੱਧਵਾਂ

**ਲੁਧਿਆਣਾ, (ਪੰਜਾਬ ਮੇਲ)**- ਸੱਭਿਆਚਾਰਕ ਸੱਥ ਪੰਜਾਬ ਵੱਲੋਂ ਕਰਵਾਏ ਇੱਕ ਪ੍ਰਭਾਵਸ਼ਾਲੀ ਸਮਾਗਮ ਵਿਚ ਬੋਲਦਿਆਂ ਕੈਨੇਡਾ ਵਸਦੇ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਪੰਜਾਬੀ ਢਾਡੀ ਅਤੇ ਪ੍ਰਚਾਰਕ ਸਤਿੰਦਰਪਾਲ ਸਿੰਘ ਸਿੱਧਵਾਂ ਨੇ ਕਿਹਾ ਕਿ ਰਵਾਇਤੀ ਪੰਜਾਬੀ ਗਾਇਕੀ ਦਾ ਵਕਤ ਫਿਰ ਮੁੜਕੇ ਆਵੇਗਾ ਅਤੇ ਲੋਕ ਢਾਡੀ, ਕਵੀਸ਼ਰੀ, ਕਲੀਆਂ ਅਤੇ ਲੋਕ ਗਾਥਾਵਾਂ ਸੁਣਿਆ ਕਰਨਗੇ। ਇਸ ਮੌਕੇ ਸੱਥ ਦੇ ਚੇਅਰਮੈਨ ਜਸਮੇਰ ਸਿੰਘ ਢੱਟ ਅਤੇ ਸਕੱਤਰ ਜਨਰਲ ਨਿਰਮਲ ਜੌੜਾ ਵੱਲੋਂ ਸਿੱਧਵਾਂ ਦਾ ਸਨਮਾਨ ਕੀਤਾ ਗਿਆ, ਜਿਸ ਉਪਰੰਤ ਸਿੱਧਵਾਂ ਨੇ ਪ੍ਰੰਪਰਿਕ ਗਾਇਕੀ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਸਿੱਧਵਾਂ ਨੇ ਕਿਹਾ, ਕੋਈ ਵੇਲਾ ਸੀ, ਜਦੋਂ ਲੋਕ ਸੱਥਾਂ, ਧਰਮਸ਼ਾਲਾਵਾਂ, ਵਿਆਹਾਂ ਸ਼ਾਦੀਆਂ ਅਤੇ ਹੋਰ ਸਾਂਝੇ ਸਮਾਗਮਾਂ ਵਿਚ ਗੱਵਈਆਂ ਨੂੰ ਸਾਹਮਣੇ ਬੈਠਕੇ ਆਰਾਮ ਨਾਲ ਸੁਣਦੇ ਹੁੰਦੇ ਸੀ ਅਤੇ ਕਈ-ਕਈ ਘੰਟੇ ਗਾਥਾਵਾਂ ਦੇ ਰੂਪ ਵਿਚ ਲੋਕ ਗਾਇਕੀ ਦਾ ਪ੍ਰਵਾਹ ਵਹਿੰਦਾ ਸੀ। ਉਨ੍ਹਾਂ ਕਿਹਾ, ਬੇਸ਼ੱਕ ਸਮੇਂ ਦੀ ਤੇਜ਼ ਰਫਤਾਰ ਅਤੇ ਵਿਸ਼ਵ ਮੰਡੀਕਰਨ ਕਰਕੇ ਗਾਇਕੀ ਦਾ ਰੰਗਰੂਪ ਬਦਲ ਗਿਆ ਹੈ, ਜਿਸ ਵਿਚ ਬਹੁਤ ਕੁਝ ਚੰਗਾ ਵੀ ਹੈ ਪਰ ਸਹਿਜਤਾ ਗੁਆਚ ਗਈ ਹੈ। ਸਿੱਧਵਾਂ ਨੇ ਵਿਸ਼ਵਾਸ ਅਤੇ ਪੂਰੀ ਆਸ ਨਾਲ ਕਿਹਾ ਕਿ ਉਹ ਸਮਾਂ ਮੁੜਕੇ ਆਵੇਗਾ, ਅਸੀਂ ਸਹਿਜ ਵਾਲੀ ਪ੍ਰੰਪਰਿਕ ਗਾਇਕੀ ਦਾ ਅਨੰਦ ਮਾਨਣ ਲੱਗਾਂਗੇ। ਉਨ੍ਹਾਂ ਕਿਹਾ ਕਿ ਸੱਭਿਆਚਾਰਕ ਸੱਥ ਪੰਜਾਬ ਨੂੰ ਇਸ ਗੱਲ ਦਾ ਸੇਹਰਾ ਜਾਂਦਾ ਹੈ, ਇਸਨੇ ਆਪਣੇ ਪ੍ਰੋਗਰਾਮਾਂ ਰਾਹੀਂ ਪੰਜਾਬੀ ਮੁਟਿਆਰਾਂ ਨੂੰ ਆਪਣੇ ਵਿਰਸੇ ਨਾਲ ਜੋੜਨ ਦੇ ਉਪਰਾਲੇ ਕੀਤੇ ਹਨ।



ਸਵਾਗਤ ਕਰਦਿਆਂ ਜਸਮੇਰ ਸਿੰਘ ਢੱਟ ਨੇ ਕਿਹਾ, ਪੰਜਾਬੀ ਸੱਭਿਆਚਾਰ ਦੀ ਪ੍ਰਫੁਲਤਾ ਲਈ ਕੰਮ ਕਰਨ ਵਾਲੀਆਂ ਸ਼ਖਸੀਅਤਾਂ ਦਾ ਮਾਣ-ਸਨਮਾਨ ਕਰਨਾ ਸਾਡਾ ਫਰਜ਼ ਹੈ। ਨਿਰਮਲ ਜੌੜਾ ਨੇ ਦੱਸਿਆ ਕਿ ਸਤਿੰਦਰ ਪਾਲ ਸਿੰਘ ਸਿੱਧਵਾਂ ਨੇ ਸੱਤ ਸਮੁੰਦਰ ਪਾਰ ਜਾਕੇ ਵੀ ਆਪਣੀ ਮਾਂ ਬੋਲੀ ਅਤੇ ਪੰਜਾਬੀ ਗਾਇਕੀ ਨੂੰ ਅਪਣਾਕੇ ਰੱਖਿਆ ਹੈ, ਬਲਕਿ ਇੱਕ ਮੀਡੀਆ ਕਰਮੀ ਵਜੋਂ ਇਸਦਾ ਪ੍ਰਚਾਰ ਪਸਾਰ ਵੀ ਕੀਤਾ ਹੈ। ਵਰਨਣਯੋਗ ਹੈ ਕਿ ਸਤਿੰਦਰ ਪਾਲ ਸਿੰਘ ਸਿੱਧਵਾਂ ਦਾ ਕੈਨੇਡਾ ਵਿਚ ਜਨਮਿਆਂ ਅਤੇ ਪਲਿਆ ਬੇਟਾ ਨਵੀ ਸਿੱਧੂ ਵੀ ਪੰਜਾਬੀ ਦੇ ਪ੍ਰਚਾਰ ਲਈ ਯਤਨਸ਼ੀਲ ਹੈ।

ਇਸ ਮੌਕੇ ਸਿੱਧਵਾਂ ਨੇ ਆਪਣੇ ਚੋਣਵੇਂ, ਪ੍ਰਸੰਗ ਜੱਗ ਜੰਕਸ਼ਨ ਰੇਲਾਂ ਦਾ, ਇਹ ਕੀਹਨੇ ਕੈਦ ਕਰੀ ਭੇਣੋਂ ਦੋ ਹੰਸਾਂ ਦੀ ਜੋੜੀ, ਕੁੰਢਲੀਆ ਸੱਪ, ਵੀਰ ਖਾਲਸਾ ਅਜੇ ਨਹੀਂ ਮਰਿਆ ਅਤੇ ਲੱਗਦੇ ਰਹਿਣ ਖੁਸ਼ੀ ਦੇ ਮੇਲੇ ਪੇਸ਼ ਕਰਕੇ ਮਾਹੌਲ ਨੂੰ ਪੰਜਾਬੀ ਰੰਗਤ ਦਿੱਤੀ।

# ਗੁਰਦੁਆਰਾ ਸਿੰਘ ਸਭਾ ਵਿਖੇ ਵਿਸਾਖੀ ਮੌਕੇ ਕਰਵਾਈਆਂ ਗਈਆਂ ਵਿਰਾਸਤੀ ਖੇਡਾਂ

**ਫਰਿਜ਼ਨੋ, (ਪੰਜਾਬ ਮੇਲ)**- ਵਿਸਾਖੀ ਅਤੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਇਸ ਮੌਕੇ 'ਤੇ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਵਿਰਾਸਤੀ ਖੇਡਾਂ ਦੀ ਰੌਣਕ ਨੇ ਸਮੂਹ ਸੰਗਤ ਦਾ ਮਨ ਮੋਹ ਲਿਆ।

ਸਵੇਰੇ ਤੋਂ ਹੀ ਗੁਰਦੁਆਰੇ ਵਿਚ ਭਾਵਨਾਤਮਕ ਦੀਵਾਨ ਸਜਾਏ ਗਏ, ਜਿੱਥੇ ਕੀਰਤਨ, ਕਥਾ ਅਤੇ ਅਰਦਾਸ ਰਾਹੀਂ ਸੰਗਤ ਨੇ ਵਿਸਾਖੀ ਦੀ ਮਹਿਮਾ ਨੂੰ ਯਾਦ ਕੀਤਾ। ਸਮਾਗਮ ਦੌਰਾਨ ਤਰ੍ਹਾਂ-ਤਰ੍ਹਾਂ ਦੇ ਲੰਗਰ ਵੀ ਲਗਾਏ ਗਏ, ਜਿਨ੍ਹਾਂ ਦਾ ਸੰਗਤ ਨੇ ਭਰਪੂਰ ਆਨੰਦ ਮਾਣਿਆ।



ਵਿਰਾਸਤੀ ਖੇਡਾਂ- ਜਿਵੇਂ ਕਿ ਚਾਟੀ ਦੌੜ, ਗਿੱਟਿਆਂ ਦੀ ਖੇਡ ਤੇ ਬੋਰਿਆਂ ਦੀ ਦੌੜ ਆਦਿ ਖੇਡਾਂ ਵਿਚ ਛੋਟੇ ਬੱਚਿਆਂ ਤੋਂ ਲੈ ਕੇ ਔਰਤਾਂ ਅਤੇ ਮਰਦਾਂ ਤੱਕ ਨੇ ਪੂਰੇ ਜੋਸ਼ ਨਾਲ ਭਾਗ ਲਿਆ। ਜੇਤੂਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਖ਼ਰੀਦੋ-ਫ਼ਰੋਖ਼ਤ ਦੇ ਸਟਾਲਾਂ ਤੋਂ ਸੰਗਤਾਂ ਨੇ ਖ਼ੂਬ ਖਰੀਦਦਾਰੀ ਕੀਤੀ। ਇਹ ਪ੍ਰੋਗਰਾਮ ਅਮਿੱਟ ਪੈੜਾਂ ਛੱਡਦਾ ਯਾਦਗਾਰੀ ਹੋ ਨਿੱਬੜਿਆ।

# ਪੰਜਾਬ 'ਚ ਰਜਿਸਟਰੀ ਕਰਵਾਉਣ ਸੰਬੰਧੀ ਸਰਕਾਰ ਵੱਲੋਂ ਨਵੇਂ ਆਦੇਸ਼ ਜਾਰੀ

**ਅੰਮ੍ਰਿਤਸਰ (ਪੰਜਾਬ ਮੇਲ)**- ਹਾਲ ਹੀ ਵਿਚ ਮੁੱਖ ਮੰਤਰੀ ਭਾਗਵਤ ਸਿੰਘ ਮਾਨ ਵੱਲੋਂ ਤਹਿਸੀਲਦਾਰਾਂ, ਨਾਇਬ ਤਹਿਸੀਲਦਾਰਾਂ ਅਤੇ ਸਬ-ਰਜਿਸਟਰਾਰਾਂ ਤੋਂ ਰਜਿਸਟਰੀਆਂ ਦੀ ਰਜਿਸਟ੍ਰੇਸ਼ਨ ਦੇ ਅਧਿਕਾਰ ਵਾਪਸ ਲੈ ਲਏ ਗਏ ਹਨ। ਇਸ ਲਈ ਡਿਪਟੀ ਕਮਿਸ਼ਨਰਾਂ ਨੇ ਆਪਣੇ-ਆਪਣੇ ਜ਼ਿਲ੍ਹਿਆਂ ਵਿਚ ਲਿਖਤੀ ਤੌਰ 'ਤੇ ਹੁਕਮ ਜਾਰੀ ਕੀਤੇ ਸਨ, ਪਰ ਹੁਣ ਫਿਰ ਸਰਕਾਰ ਨੇ ਤਹਿਸੀਲਦਾਰਾਂ, ਨਾਇਬ ਤਹਿਸੀਲਦਾਰਾਂ ਅਤੇ ਸਬ ਰਜਿਸਟਰਾਰਾਂ ਨੂੰ ਕੇਸ ਦਰਜ ਕਰਨ ਦੇ ਅਧਿਕਾਰ ਦੇ ਦਿੱਤੇ ਹਨ।

ਤੁਹਾਨੂੰ ਦੱਸ ਦੇਈਏ ਕਿ ਪਿਛਲੇ ਤਿੰਨ ਹਫ਼ਤਿਆਂ ਤੋਂ ਮਾਲ ਵਿਭਾਗ ਦੇ ਕਾਨੂੰਨਗੋ ਰਜਿਸਟ੍ਰੇਸ਼ਨ ਦਾ ਕੰਮ ਕਰ ਰਹੇ ਸਨ ਅਤੇ ਤਹਿਸੀਲਦਾਰਾਂ ਨੂੰ ਸਿਰਫ਼ ਤਬਾਦਲੇ ਨੂੰ ਮਨਜ਼ੂਰੀ ਦੇਣ ਦਾ ਕੰਮ ਦਿੱਤਾ ਗਿਆ ਸੀ ਅਤੇ ਉਹ ਵੀ ਇੱਕ ਹਫ਼ਤਾ ਪਹਿਲਾਂ ਹੀ ਦਿੱਤਾ ਗਿਆ ਸੀ। ਜਦੋਂ ਪੰਜਾਬ ਰੈਵੇਨਿਊ ਅਫ਼ਸਰ ਐਸੋਸੀਏਸ਼ਨ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਹੜਤਾਲ ਦਾ ਐਲਾਨ ਕੀਤਾ ਸੀ, ਤਾਂ ਮੁੱਖ ਮੰਤਰੀ ਨੇ 15 ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਨੂੰ ਮੁਅੱਤਲ ਕਰ ਦਿੱਤਾ ਸੀ।

ਇਸ ਤੋਂ ਪਹਿਲਾਂ, ਸਰਕਾਰ ਵੱਲੋਂ ਜਾਰੀ ਕੀਤੇ ਗਏ ਇੱਕ ਪੱਤਰ ਅਨੁਸਾਰ, ਨਾਇਬ ਤਹਿਸੀਲਦਾਰਾਂ ਜਿਨ੍ਹਾਂ ਨੇ ਪੰਜਾਬ ਨਾਇਬ ਤਹਿਸੀਲਦਾਰ ਵਿਭਾਗੀ ਪ੍ਰੀਖਿਆ ਨਿਯਮ 2020 ਵਿਚ ਦੱਸੇ ਗਏ ਪਹਿਲੇ 1 ਤੋਂ 4 ਦੇ ਪੇਪਰ ਪਾਸ ਕੀਤੇ ਹਨ, ਨੂੰ ਬਕਾਇਆ ਤਬਾਦਲਿਆਂ ਦਾ ਨਿਪਟਾਰਾ ਕਰਨ ਲਈ ਸਹਾਇਕ ਕੁਲੈਕਟਰ ਗ੍ਰੇਡ 2 ਦੀਆਂ ਸ਼ਕਤੀਆਂ ਦਿੱਤੀਆਂ ਗਈਆਂ ਸਨ। ਅੰਮ੍ਰਿਤਸਰ ਜ਼ਿਲ੍ਹੇ ਦੀ ਗੱਲ ਕਰੀਏ ਤਾਂ ਕਾਨੂੰਨਗੋ ਦੇ ਹੱਥਾਂ ਵਿਚ ਰਜਿਸਟ੍ਰੇਸ਼ਨਾਂ ਦਾ ਕੰਮ ਆਉਣ ਤੋਂ ਬਾਅਦ, ਰਜਿਸਟਰੀ ਦਫ਼ਤਰ ਇੱਕ, ਰਜਿਸਟਰੀ ਦਫ਼ਤਰ ਦੋ ਅਤੇ ਰਜਿਸਟਰੀ ਦਫ਼ਤਰ ਤਿੰਨ ਦੇ ਨਾਲ-ਨਾਲ ਸਬ-ਤਹਿਸੀਲਾਂ ਅਤੇ ਤਹਿਸੀਲਾਂ ਵਿਚ ਵੱਡੀ ਗਿਣਤੀ ਵਿਚ ਰਜਿਸਟ੍ਰੇਸ਼ਨਾਂ ਸ਼ੁਰੂ ਹੋ ਗਈਆਂ ਸਨ, ਜਿਸ ਕਾਰਨ ਹਜ਼ਾਰਾਂ ਇੰਤਕਾਲ ਪੈਂਡਿੰਗ ਹੋ ਗਏ ਸਨ।

# ਟਰੰਪ ਵੱਲੋਂ 5 ਮਿਲੀਅਨ ਡਾਲਰ ਦੇ ਗੋਲਡ ਕਾਰਡ ਦਾ ਪਹਿਲਾ ਲੁੱਕ ਜਾਰੀ

**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ ਦੇ ਰਾਸ਼ਟਰਪਤੀ ਵਜੋਂ ਦੂਜੀ ਵਾਰ ਸੱਤਾ ਵਿਚ ਆਉਣ ਤੋਂ ਬਾਅਦ ਡੋਨਾਲਡ ਟਰੰਪ ਨੇ ਕਈ ਮਹੱਤਵਪੂਰਨ ਫ਼ੈਸਲੇ ਲਏ ਹਨ। ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਿਆ ਗਿਆ ਹੈ। ਇਸ ਤੋਂ ਇਲਾਵਾ ਵਿਦੇਸ਼ੀਆਂ ਲਈ ਜਨਮ ਅਧਿਕਾਰ ਨਾਗਰਿਕਤਾ ਨੂੰ ਖ਼ਤਮ ਕਰ ਦਿੱਤਾ ਗਿਆ। ਵੀਜ਼ੇ ਮੁਅੱਤਲ ਕਰ ਦਿੱਤੇ ਗਏ ਹਨ। ਪਰ ਇਸ ਦੌਰਾਨ ਇੱਕ ਮਹੱਤਵਪੂਰਨ ਫ਼ੈਸਲੇ ਦਾ ਐਲਾਨ ਕੀਤਾ ਗਿਆ। ਇਹ ਖੁਲਾਸਾ ਹੋਇਆ ਕਿ ਅਮਰੀਕਾ ਵਿਚ ਨਿਵੇਸ਼ ਕਰਨ ਵਾਲਿਆਂ ਨੂੰ ਗੋਲਡ ਕਾਰਡ ਦਿੱਤਾ ਜਾਵੇਗਾ ਅਤੇ ਜੇਕਰ ਉਹ 5 ਮਿਲੀਅਨ ਡਾਲਰ ਲੈ ਕੇ ਆਉਂਦੇ ਹਨ, ਤਾਂ ਉਹ ਨਾਗਰਿਕਤਾ ਪ੍ਰਾਪਤ ਕਰ ਸਕਦੇ ਹਨ।

ਟਰੰਪ ਨੇ ਹਾਲ ਹੀ ਵਿਚ ਗੋਲਡ ਕਾਰਡ ਦਾ ਪਹਿਲਾ ਲੁੱਕ ਜਾਰੀ ਕੀਤਾ ਹੈ। ਏਅਰ ਫੋਰਸ ਵਨ 'ਤੇ ਮੀਡੀਆ ਦੇ ਨਾਲ ਗੱਲ ਕਰਦੇ ਹੋਏ ਰਾਸ਼ਟਰਪਤੀ ਟਰੰਪ ਨੇ 5 ਮਿਲੀਅਨ ਡਾਲਰ ਦਾ ਗੋਲਡ ਕਾਰਡ ਦਿਖਾਇਆ। ਕਾਰਡ 'ਤੇ ਟਰੰਪ ਦੀ ਫੋਟੋ ਹੈ। ਟਰੰਪ ਨੇ ਕਿਹਾ ਕਿ ਇਹ ਕਾਰਡ ਦੋ ਹਫ਼ਤਿਆਂ ਦੇ ਅੰਦਰ ਉਪਲਬਧ ਹੋ ਜਾਵੇਗਾ।

ਸਫਾ 1 ਦਾ ਬਾਕੀ

### ਪੰਜਾਬ ਵਿਧਾਨ ਸਭਾ ਚੋਣਾਂ ਲਈ ਸੈਮੀਫਾਈਨਲ ...

ਵਿਰੋਧੀ ਧਿਰ ਕਾਂਗਰਸ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ ਵੀ ਲੁਧਿਆਣਾ ਵਿਖੇ ਫੇਰੀਆਂ ਮਾਰ ਰਹੇ ਹਨ ਅਤੇ

ਆਪਣੀ ਪਾਰਟੀ ਆਗੂਆਂ ਨਾਲ ਮੀਟਿੰਗਾਂ ਆਯੋਜਿਤ ਕਰ ਰਹੇ ਹਨ।

ਹਾਲੇ ਤੱਕ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਸਮੇਤ ਕਿਸੇ ਹੋਰ ਪਾਰਟੀ ਨੇ ਆਪਣਾ ਉਮੀਦਵਾਰ ਨਹੀਂ ਐਲਾਨਿਆ ਹੈ, ਜਿਸ ਕਰਕੇ ਹੁਣ ਇਨ੍ਹਾਂ ਦੋਵਾਂ ਆਗੂਆਂ ਵਿਚ ਮੁਕਾਬਲਾ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਨੂੰ ਹਾਲੇ ਡੇਢ ਸਾਲ ਦੇ ਕਰੀਬ ਸਮਾਂ ਪਿਆ ਹੈ, ਜਿਸ ਕਰਕੇ ਇਸ ਜ਼ਿਮਨੀ ਚੋਣ ਨੂੰ ਸੈਮੀਫਾਈਨਲ ਵਜੋਂ ਮੰਨਿਆ ਜਾ ਰਿਹਾ ਹੈ।

ਸਫਾ 1 ਦਾ ਬਾਕੀ

### ਟਰੰਪ ਨੇ ਚਿਤਾਵਨੀ ਮਗਰੋਂ ਚੀਨ 'ਤੇ ਲਾਇਆ 104 ...

ਲਗਾਇਆ ਗਿਆ ਟੈਰਿਫ ਨਹੀਂ ਹਟਾਉਂਦਾ, ਤਾਂ ਉਸ 'ਤੇ 50 ਫੀਸਦੀ ਵਾਧੂ ਟੈਰਿਫ ਲਗਾਇਆ ਜਾਵੇਗਾ। ਇੰਨਾ ਹੀ ਨਹੀਂ, ਚੀਨ ਵੱਲੋਂ ਪ੍ਰਸਤਾਵਿਤ ਕਿਸੇ ਵੀ ਮੀਟਿੰਗ 'ਤੇ ਗੱਲਬਾਤ ਵੀ ਤੁਰੰਤ ਪ੍ਰਭਾਵ ਨਾਲ ਖਤਮ ਕਰ ਦਿੱਤੀ ਜਾਵੇਗੀ।

ਟਰੰਪ ਨੇ ਫੈਡਰਲ ਰਿਜ਼ਰਵ ਨੂੰ ਵੀ ਵਿਆਜ ਦਰਾਂ ਘਟਾਉਣ ਲਈ ਕਿਹਾ ਹੈ। ਸ਼ੁੱਕਰਵਾਰ ਨੂੰ, ਫੈਡਰਲ ਰਿਜ਼ਰਵ ਦੇ ਚੇਅਰਮੈਨ ਜੇਰੋਮ ਪਾਵੇਲ ਨੇ ਚੇਤਾਵਨੀ ਦਿੱਤੀ ਕਿ ਟੈਰਿਫ ਮਹਿੰਗਾਈ ਨੂੰ ਵਧਾ ਸਕਦੇ ਹਨ ਅਤੇ ਉਸਨੇ ਕਿਹਾ ਕਿ ਅਸੀਂ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਬਹੁਤ ਉਡੀਕ ਅਤੇ ਦੇਖ ਰਹੇ ਹਾਂ। ਨਿਵੇਸ਼ਕ ਉਮੀਦ ਕਰਦੇ ਹਨ ਕਿ ਯੂ.ਐੱਸ. ਕੇਂਦਰੀ ਬੈਂਕ ਸਾਲ ਦੇ ਅੰਤ ਤੱਕ ਘੱਟੋ-ਘੱਟ ਚਾਰ ਵਾਰ ਆਪਣੀਆਂ ਬੈਂਚਮਾਰਕ ਵਿਆਜ ਦਰਾਂ ਵਿਚ ਕਟੌਤੀ ਕਰੇਗਾ।

ਸਫਾ 1 ਦਾ ਬਾਕੀ

### ਰਾਮ ਰਹੀਮ 21 ਦਿਨ ਦੀ ਫਰਲੋ 'ਤੇ ਫਿਰ ਆਇਆ...

ਉਹ 2 ਸਾਧਵੀਆਂ ਦੇ ਨਾਲ ਜਬਰ-ਜਨਾਹ ਅਤੇ ਪੱਤਰਕਾਰ ਛੱਤਰਪਤੀ ਕਤਲਕਾਂਡ ਵਿਚ ਸਜ਼ਾ ਕੱਟ ਰਿਹਾ ਹੈ।

ਜਾਣਕਾਰੀ ਮੁਤਾਬਕ 29 ਅਪ੍ਰੈਲ ਨੂੰ ਡੇਰਾ ਸੱਚਾ ਸੌਦਾ ਸਿਰਸਾ ਦਾ ਸਥਾਪਨਾ ਦਿਵਸ ਹੈ, ਜਿਸ ਮੌਕੇ ਡੇਰੇ ਵਿਚ ਵੱਡਾ ਪ੍ਰੋਗਰਾਮ ਹੋਣ ਜਾ ਰਿਹਾ ਹੈ। ਸੂਤਰਾਂ ਮੁਤਾਬਕ ਇਸੇ ਸਮਾਗਮ ਨੂੰ ਰਾਮ ਰਹੀਮ ਨੂੰ ਫ਼ਰਲੋ ਦਾ ਅਧਾਰ ਬਣਾਇਆ ਗਿਆ ਹੈ। ਗੁਰਮੀਤ ਰਾਮ ਰਹੀਮ ਨੇ ਡੇਰੇ ਦਾ ਸਥਾਪਨਾ ਦਿਵਸ ਮਨਾਉਣ ਲਈ ਫ਼ਰਲੋ ਦੀ ਅਰਜ਼ੀ ਲਗਾਈ ਸੀ, ਜਿਸ ਨੂੰ ਮਨਜ਼ੂਰ ਕਰਦਿਆਂ ਹਰਿਆਣਾ ਸਰਕਾਰ ਨੇ ਉਸ ਨੂੰ 21 ਦਿਨ ਦੀ ਫ਼ਰਲੋ ਦਿੱਤੀ ਹੈ। ਇੱਥੇ ਦੱਸ ਦਈਏ ਕਿ 2017 ਤੋਂ ਹੁਣ ਤੱਕ ਰਾਮ ਰਹੀਮ ਨੂੰ ਤਕਰੀਬਨ 13 ਵਾਰ ਪੈਰੋਲ ਤੇ ਫ਼ਰਲੋ 'ਤੇ ਬਾਹਰ ਕੱਢਿਆ ਜਾ ਚੁੱਕਿਆ ਹੈ।

ਸਫਾ 1 ਦਾ ਬਾਕੀ

### ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਪ੍ਰਧਾਨ ਦੀ ਚੋਣ 12 ...

ਵਰਕਿੰਗ ਕਮੇਟੀ ਦੀ ਮੀਟਿੰਗ ਮਗਰੋਂ ਮੌਜੂਦਾ ਸਮੁੱਚਾ ਢਾਂਚਾ ਭੰਗ ਹੋ ਗਿਆ ਹੈ।

ਮੀਟਿੰਗ ਮਗਰੋਂ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਵਰਕਿੰਗ ਕਮੇਟੀ ਨੇ ਸੂਬੇ ਵਿਚ ਅਮਨ-ਕਾਨੂੰਨ ਦੀ ਵਿਗੜਦੀ ਵਿਵਸਥਾ ਅਤੇ ਆਏ ਦਿਨ ਹੋ ਰਹੇ ਗਰਨੇਡ ਹਮਲਿਆਂ 'ਤੇ ਚਿੰਤਾ ਜ਼ਾਹਿਰ ਕੀਤੀ ਹੈ। ਚੀਮਾ ਨੇ ਕਿਹਾ ਕਿ ਇਸ ਤਰ੍ਹਾਂ ਦੇ ਹਾਲਾਤ ਬਣਨ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਤੁਰੰਤ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਵਰਕਿੰਗ ਕਮੇਟੀ ਨੇ ਵਕਫ਼ ਐਕਟ ਵਿਚ ਸੋਧ ਦੀ ਸਖ਼ਤ ਨਿਖੇਧੀ ਕੀਤੀ। ਕਮੇਟੀ ਨੇ ਕਿਹਾ ਕਿ ਪਹਿਲਾਂ ਵੀ ਕੇਂਦਰ ਸਰਕਾਰ ਨੇ ਤਖ਼ਤ ਹਜ਼ੂਰ ਸਾਹਿਬ ਅਤੇ ਤਖ਼ਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਕੰਮਕਾਜ ਵਿਚ ਦਖ਼ਲਅੰਦਾਜ਼ੀ ਕੀਤੀ ਸੀ। ਸਰਕਾਰ ਵੱਲੋਂ ਵਕਫ਼ ਬੋਰਡ 'ਤੇ ਕਬਜ਼ਾ ਘੱਟਗਿਣਤੀਆਂ ਖ਼ਿਲਾਫ਼ ਹੈ।

ਸਫਾ 1 ਦਾ ਬਾਕੀ

### ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਪ੍ਰਧਾਨ ਦੀ ਚੋਣ 12 ...

ਸਿੱਧੂ ਮੂਸੇਵਾਲਾ ਕਤਲ ਕੇਸ; ਨਾਮਜ਼ਦ ਮੁਲਜ਼ਮ ਜੀਵਨਜੋਤ ਦਿੱਲੀ ਹਵਾਈ ਅੱਡੇ ਤੋਂ ਕਾਬੂ

ਦਿੱਲੀ ਹਵਾਈ ਅੱਡਾ ਅਥਾਰਟੀ ਨੇ ਉਸ ਨੂੰ ਫੜਨ ਤੋਂ ਬਾਅਦ ਮਾਨਸਾ ਪੁਲਿਸ ਨੂੰ ਸੂਚਿਤ ਕੀਤਾ ਸੀ, ਜਿਸ ਤਹਿਤ ਮਾਨਸਾ ਪੁਲਿਸ ਉਸ ਨੂੰ ਲੈਣ ਲਈ ਦਿੱਲੀ ਰਵਾਨਾ ਹੋਈ ਹੈ। ਦਿੱਲੀ ਤੋਂ ਲਿਆ ਕੇ ਡਾਕਟਰੀ ਮੁਆਇਨਾ ਕਰਵਾਉਣ ਤੋਂ ਬਾਅਦ ਉਸ ਨੂੰ ਮਾਨਸਾ ਦੀ ਅਦਾਲਤ ਵਿਚ ਪੇਸ਼ ਕਰ ਕੇ ਰਿਮਾਂਡ ਹਾਸਲ ਕੀਤਾ ਜਾਵੇਗਾ। ਇਸ ਤੋਂ ਬਾਅਦ ਉਸ ਪਾਸੋਂ ਪੁੱਛਗਿੱਛ ਕੀਤੀ ਜਾਵੇਗੀ, ਜਿਸ ਰਾਹੀਂ ਕਈ ਅਹਿਮ ਖੁਲਾਸੇ ਹੋਣ ਦੇ ਆਸਾਰ ਹਨ। ਉਧਰ ਮਾਨਸਾ ਪੁਲਿਸ ਦੇ ਉਚ ਅਧਿਕਾਰੀ ਇਸ ਮਾਮਲੇ ਲਈ ਕੁੱਝ ਵੀ ਦੱਸਣ ਤੋਂ ਇਨਕਾਰੀ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

ਸਫਾ 1 ਦਾ ਬਾਕੀ

### ਪਾਕਿ ਗੁਰਦੁਆਰਿਆਂ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਨੂੰ ਵਿਸਾਖੀ 'ਤੇ ਡਾਲਰਾਂ 'ਚ ਭੁਗਤਾਨ ਦੇ ਹੁਕਮ ...

'ਤੇਅਜਿਹੀ ਸਥਿਤੀ ਵਿਚ, ਇਸ ਵਾਰ ਪਾਕਿਸਤਾਨ ਪਹੁੰਚਣ ਵਾਲੇ ਤਿੰਨ ਹਜ਼ਾਰ ਭਾਰਤੀ ਸ਼ਰਧਾਲੂਆਂ ਨੂੰ ਸਿਰਫ਼ ਡਾਲਰਾਂ ਵਿਚ ਹੀ ਭੁਗਤਾਨ ਕਰਨਾ ਪਵੇਗਾ। ਇਹ ਹੁਕਮ ਪਾਕਿਸਤਾਨ ਵਕਫ਼ ਬੋਰਡ ਦੇ ਸਕੱਤਰ ਸੈਫੁੱਲਾ ਖੋਖਰ ਨੇ ਜਾਰੀ ਕੀਤੇ ਹਨ। ਖੋਖਰ ਨੇ ਕਿਹਾ ਕਿ ਸਰਕਾਰ ਨੂੰ ਭਾਰਤੀ ਕਰੰਸੀ ਨੂੰ ਪਾਕਿਸਤਾਨੀ ਕਰੰਸੀ ਵਿਚ ਬਦਲਣ ਵਿਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਲਈ ਸ਼ਰਧਾਲੂਆਂ ਨੂੰ ਪਾਕਿਸਤਾਨ ਵਿਚ ਦਾਖਲ ਹੋਣ ਤੋਂ ਪਹਿਲਾਂ ਘੱਟੋ-ਘੱਟ 60 ਅਮਰੀਕੀ ਡਾਲਰ ਆਪਣੇ ਨਾਲ ਲੈ ਕੇ ਜਾਣਾ ਚਾਹੀਦਾ ਹੈ, ਨਹੀਂ ਤਾਂ ਉਨ੍ਹਾਂ ਨੂੰ ਪ੍ਰਵੇਸ਼ ਦੌਰਾਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1942 ਸ਼ਰਧਾਲੂਆਂ ਦੇ ਪਾਸਪੋਰਟ ਦਿੱਲੀ ਸਥਿਤ ਪਾਕਿਸਤਾਨੀ ਦੂਤਾਵਾਸ ਨੂੰ ਭੇਜੇ ਗਏ ਸਨ। ਉਸ ਨੂੰ ਦੂਤਾਵਾਸ ਵੱਲੋਂ ਵੀਜ਼ਾ ਜਾਰੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਵਾਂਗ ਇਸ ਵਾਰ ਵੀ ਖਾਲਸਾ ਸਾਜਨਾ ਦਿਵਸ ਮੌਕੇ ਸਿੱਖ ਸ਼ਰਧਾਲੂਆਂ ਦਾ ਇੱਕ ਜਥਾ ਪਾਕਿਸਤਾਨ ਭੇਜਿਆ ਜਾਣਾ ਹੈ। ਇਹ ਜੱਥਾ 10 ਅਪ੍ਰੈਲ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫ਼ਤਰ ਤੋਂ ਜੈਕਾਰਿਆਂ ਨਾਲ ਰਵਾਨਾ ਹੋਵੇਗਾ। ਉਹ ਪਾਕਿਸਤਾਨ ਦੇ ਗੁਰਦੁਆਰਾ ਸ਼੍ਰੀ ਪੰਜਾ ਸਾਹਿਬ ਹਸਨ ਅਬਦਾਲ ਵਿਖੇ ਖਾਲਸਾ ਸਾਜਨਾ ਦਿਵਸ ਵਿਸਾਖੀ ਦੇ ਮੁੱਖ ਸਮਾਗਮ ਵਿਚ ਸ਼ਾਮਲ ਹੋਣਗੇ। ਇਸ ਤੋਂ ਬਾਅਦ ਉਹ ਵੱਖ-ਵੱਖ ਧਾਰਮਿਕ ਸਥਾਨਾਂ ਦਾ ਦੌਰਾ ਕਰਨਗੇ ਅਤੇ 19 ਅਪ੍ਰੈਲ ਨੂੰ ਘਰ ਵਾਪਸ ਆਉਣਗੇ।

# ਕੈਲਗਰੀ ਨਿਵਾਸੀ ਪ੍ਰਸਿੱਧ ਪੰਜਾਬੀ ਕਵੀ ਸ. ਕੇਸਰ ਸਿੰਘ ਨੀਰ ਦਾ ਦਿਹਾਂਤ



**ਕੈਲਗਰੀ, (ਜਸਵਿੰਦਰ ਸਿੰਘ ਰੁਪਾਲ/ਪੰਜਾਬ ਮੇਲ)-** ਪ੍ਰਸਿੱਧ ਪੰਜਾਬੀ ਗਜ਼ਲਗੋ ਅਤੇ ਸਾਹਿਤਕਾਰ ਸ. ਕੇਸਰ ਸਿੰਘ ਨੀਰ ਇਸ ਸੰਸਾਰ ਨੂੰ ਅਲਵਿਦਾ ਆਖ ਗਏ। ਉਹ 92 ਵਰ੍ਹਿਆਂ ਦੇ ਸਨ। 1933 ਨੂੰ ਜਨਮੇ ਕੇਸਰ ਸਿੰਘ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਛਜਾਵਾਲ ਦੇ ਸਨ। ਉਨ੍ਹਾਂ ਨੂੰ ਸਕੂਲ ਸਮੇਂ ਤੋਂ ਹੀ ਕਵਿਤਾਵਾਂ ਲਿਖਣ ਦਾ ਸ਼ੌਕ ਸੀ। ਐੱਮ.ਏ. ਬੀ.ਐਡ. ਕਰਕੇ ਉਹ ਅਧਿਆਪਕ ਲੱਗ ਗਏ। ਉਹ ਅਧਿਆਪਕ ਸੰਘਰਸ਼ ਵਿਚ ਵੀ ਸਰਗਰਮ ਰਹੇ ਅਤੇ ਕਈ-ਕਈ ਮਹੀਨੇ ਦੀ ਜੇਲ੍ਹ ਯਾਤਰਾ ਵੀ ਕੀਤੀ। ਪੰਜਾਬ ਰਹਿੰਦੇ ਹੋਏ ਉਹ ਸਾਹਿਤ ਸਭਾ ਜਗਰਾਓਂ ਦੇ ਮੋਢੀ ਮੈਂਬਰ ਵੀ ਰਹੇ। ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਵੀ ਕਾਫੀ ਯੋਗਦਾਨ ਰਿਹਾ। ਵੀਹਵੀਂ ਸਦੀ ਦੇ ਆਖਰੀ ਦਹਾਕੇ ਉਹ ਕੈਨੇਡਾ ਦੇ ਸ਼ਹਿਰ ਕੈਲਗਰੀ ਆ ਗਏ। ਇੱਥੇ ਵੀ ਸਾਹਿਤਿਕ ਗਤੀਵਿਧੀਆਂ ਵਿਚ ਸਰਗਰਮ ਰਹੇ। ਅਰਪਨ ਲਿਖਾਰੀ ਸਭਾ ਕੈਲਗਰੀ ਦੇ ਪ੍ਰਧਾਨ ਵੀ ਰਹੇ। ਉਹ ਪ੍ਰਿੰ. ਤਖਤ ਸਿੰਘ ਜੀ ਦੇ ਗ਼ਜ਼ਲ ਸਕੂਲ ਦੇ ਪ੍ਰਸਿੱਧ ਗਜ਼ਲਗੋ ਸਨ। ਉਨ੍ਹਾਂ ਨੇ ਦਰਜਨ ਤੋਂ ਵੱਧ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ, ਜਿਨ੍ਹਾਂ ਵਿਚੋਂ ਕਾਵਿ ਸੰਗ੍ਰਹਿ ਕਸਕਾਂ (1960), ਗਮ ਨਹੀਂ (1981), ਗ਼ਜ਼ਲ ਸੰਗ੍ਰਹਿ ਕਿਰਣਾਂ ਦੇ ਬੋਲ (1989) ਅਣਵਗੇ ਅੱਥਰੂ (1996), ਕਾਵਿ ਸੰਗ੍ਰਹਿ ਆਰ ਦੀਆਂ ਤੇ ਪਾਰ ਦੀਆਂ (2010) ਅਤੇ ਮਹਿਕਾਂ ਦੀ ਪੀੜ ਗ਼ਜ਼ਲ ਸੰਗ੍ਰਹਿ ਪ੍ਰਮੁੱਖ ਹਨ। ਬਾਲ ਪੁਸਤਕਾਂ ਗਾਉਂਦੇ ਬਾਲ, ਝਿਲਮਿਲ ਝਿਲਮਿਲ ਤਾਰੇ, ਫੁੱਲ ਰੰਗ ਬਿਰੰਗੇ, ਮਿੱਠੀਆਂ ਮੁਸਕਾਨਾਂ ਰਾਹੀਂ ਬਾਲ ਸਾਹਿਤ ਵਿਚ ਵੀ ਆਪਣਾ ਯੋਗਦਾਨ ਪਾਇਆ ਹੈ। ਆਪ ਜੀ ਨੂੰ ਬਹੁਤ ਸਾਰੀਆਂ ਸਾਹਿਤ ਸਭਾਵਾਂ ਅਤੇ ਸੰਸਥਾਵਾਂ ਵਲੋਂ ਵੱਖ-ਵੱਖ ਸਮੇਂ ਸਨਮਾਨਿਆ ਵੀ ਗਿਆ ਸੀ, ਜਿਨ੍ਹਾਂ ਵਿਚੋਂ ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਸਨਮਾਨ ਦੇ ਕੇ ਆਪ ਜੀ ਦੀ ਸਾਹਿਤਿਕ ਦੇਣ ਨੂੰ ਮਾਣ ਦਿੱਤਾ। ਅਜੇ ਪਿਛਲੇ ਸਾਲ ਹੀ ਅਰਪਨ ਲਿਖਾਰੀ ਸਭਾ ਕੈਲਗਰੀ ਵਲੋਂ ਨਵੀ ਪਿਰਤ ਪਾਉਂਦਿਆ ਉਨ੍ਹਾਂ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਉਹ ਆਪਣੇ ਪਿੱਛੇ 4 ਬੇਟੀਆਂ ਅਤੇ 2 ਬੇਟੇ ਛੱਡ ਗਏ ਹਨ। ਵੱਖ-ਵੱਖ ਸਾਹਿਤਕ ਅਦਾਰੇ ਅਤੇ ਲੇਖਕ ਉਨ੍ਹਾਂ ਦੇ ਪਰਿਵਾਰ ਨਾਲ ਉਨ੍ਹਾਂ ਦੇ ਵਿਛੋੜੇ ’ਤੇ ਦੁੱਖ ਸਾਂਝਾ ਕਰ ਰਹੇ ਹਨ।


## NAME CHANGE

I ROHIT KUMAR S/o RAVINDER SACHAR, SACHAR VILLA, RAILWAY ROAD, PHAGWARA, KAPURTHALA PIN:144401, PUNJAB (INDIA) Now R/o 2501, OLIVE AVE APT 1, LONG BEACH, CA 90806, USA have changed my name to ROHIT SACHAR.

## ਮੈਟਰੀਮੋਨੀਅਲ

ਜੱਟ ਸਿੱਖ ਸਿੱਧੂ, ਉਮਰ 28 ਸਾਲ, ਕੱਦ 5’-9”, ਦਸਤਾਰਧਾਰੀ, ਯੂ.ਐੱਸ.ਏ. ਵਿਚ ਸਟੱਡੀ ਵੀਜ਼ੇ ’ਤੇ PhD ਕਰ ਰਹੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ।

ਵਟਸਐੱਪ ਨੰਬਰ : (706) 206-2516

845


# ਭਾਰਤੀ-ਅਮਰੀਕੀ ਜੱਜ ਮਨੀ ਲਾਂਡਰਿੰਗ ਦੇ ਦੋਸ਼ ’ਚ ਗ੍ਰਿਫ਼ਤਾਰ

**ਹਿਊਸਟਨ, (ਪੰਜਾਬ ਮੇਲ)-** ਅਮਰੀਕਾ ਦੇ ਫੋਰਟ ਬੈਂਡ ਕਾਉਂਟੀ ਵਿਚ ਭਾਰਤੀ ਮੂਲ ਦੇ ਜੱਜ ਕੇ.ਪੀ. ਜਾਰਜ ਨੂੰ ‘ਵਾਇਰ ਧੋਖਾਧੜੀ’ ਅਤੇ ‘ਚੋਣ ਵਿੱਤ ਰਿਪੋਰਟਾਂ’ ਨੂੰ ਜਾਅਲਸਾਜ਼ੀ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਡੈਮੋਕ੍ਰੇਟਿਕ ਪਾਰਟੀ ਨਾਲ ਜੁੜੇ ਜਾਰਜ 2018 ਤੋਂ ਕਾਉਂਟੀ ਜੱਜ ਵਜੋਂ ਸੇਵਾ ਨਿਭਾ ਰਹੇ ਹਨ। ਉਨ੍ਹਾਂ ਨੂੰ ਸ਼ੁੱਕਰਵਾਰ ਨੂੰ ਦੁਪਹਿਰ 3:30 ਵਜੇ ਦੇ ਕਰੀਬ ਕਾਉਂਟੀ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਅਤੇ ਫਿਰ 20,000 ਡਾਲਰ ਦੀ ਜ਼ਮਾਨਤ ਦੇਣ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਅਦਾਲਤੀ ਰਿਕਾਰਡਾਂ ਅਤੇ ਫੋਰਟ ਬੈਂਡ ਕਾਉਂਟੀ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਅਨੁਸਾਰ ਜਾਰਜ ’ਤੇ 30,000 ਡਾਲਰ ਅਤੇ 150,000 ਡਾਲਰ ਦੇ ਵਿਚਕਾਰ ਮਨੀ ਲਾਂਡਰਿੰਗ ਦਾ ਦੋਸ਼ ਹੈ। ਸ਼ੁੱਕਰਵਾਰ ਨੂੰ ਜਾਰੀ ਇੱਕ ਬਿਆਨ ਵਿਚ ਜਾਰਜ ਨੇ ਕਿਹਾ, “ਮੈਨੂੰ ਨਿਆਂ ਪ੍ਰਣਾਲੀ ਵਿਚ ਪੂਰਾ ਵਿਸ਼ਵਾਸ ਹੈ ਅਤੇ ਮੈਂ ਆਪਣੇ ਆਪ ਨੂੰ ਬੇਕਸੂਰ ਸਾਬਤ ਕਰਨ ਲਈ ਲੜਾਂਗਾ।”

# ਅਮਰੀਕਾ ਵੱਲੋਂ ਹੁਣ ਦੱਖਣੀ ਸੂਡਾਨ ਦੇ ਵੀਜ਼ਾ ਰੱਦ ਕਰਨ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਦੱਖਣੀ ਸੂਡਾਨ ਦੇ ਪਾਸਪੋਰਟ ਧਾਰਕਾਂ ਦੇ ਸਾਰੇ ਵੀਜ਼ੇ ਰੱਦ ਕਰਨ ਅਤੇ ਨਵੇਂ ਵੀਜ਼ੇ ਜਾਰੀ ਕਰਨ ਨੂੰ ਰੋਕਣ ਲਈ ਤੁਰੰਤ ਉਪਾਵਾਂ ਦਾ ਐਲਾਨ ਕੀਤਾ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਸ਼ਨੀਵਾਰ ਨੂੰ ਕਿਹਾ ਕਿ ਅਮਰੀਕਾ ਹੁਣ ਦੱਖਣੀ ਸੂਡਾਨ ਦੇ ਪਾਸਪੋਰਟ ਧਾਰਕਾਂ ਦੇ ਸਾਰੇ ਵੀਜ਼ੇ ਰੱਦ ਕਰ ਰਿਹਾ ਹੈ। ਰੂਬੀਓ ਨੇ ਦੱਖਣੀ ਸੂਡਾਨ ਦੀ ਸਰਕਾਰ ’ਤੇ ਅਮਰੀਕਾ ਦਾ ਫਾਇਦਾ ਉਠਾਉਣ ਦਾ ਦੋਸ਼ ਲਗਾਇਆ। ਰੂਬੀਓ ਨੇ ਇੱਕ ਬਿਆਨ ਵਿਚ ਕਿਹਾ, “ਜੇਕਰ ਕੋਈ ਵੀ ਦੇਸ਼, ਜਿਸ ਵਿਚ ਅਮਰੀਕਾ ਵੀ ਸ਼ਾਮਲ ਹੈ, ਕਿਸੇ ਹੋਰ ਦੇਸ਼ ਦੇ ਨਾਗਰਿਕਾਂ ਨੂੰ ਕੱਢਦਾ ਹੈ, ਤਾਂ ਉਸ ਦੇਸ਼ ਨੂੰ ਸਮੇਂ ਸਿਰ ਆਪਣੇ ਨਾਗਰਿਕਾਂ ਨੂੰ ਵਾਪਸ ਬੁਲਾ ਲੈਣਾ ਚਾਹੀਦਾ ਹੈ। ਹਾਲਾਂਕਿ ਦੱਖਣੀ ਸੂਡਾਨ ਦੀ ਸਰਕਾਰ ਇਸ ਨਿਯਮ ਦੀ ਸਹੀ ਢੰਗ ਨਾਲ ਪਾਲਣਾ ਨਹੀਂ ਕਰ ਰਹੀ ਹੈ।” ਰੂਬੀਓ ਨੇ ਕਿਹਾ ਕਿ ਵੀਜ਼ਾ ਰੱਦ ਕਰਨ ਤੋਂ ਇਲਾਵਾ ਅਮਰੀਕਾ ਦੱਖਣੀ ਸੂਡਾਨੀ ਪਾਸਪੋਰਟ ਧਾਰਕਾਂ ਨੂੰ ਅਮਰੀਕਾ ਵਿਚ ਦਾਖਲ ਹੋਣ ਤੋਂ ਰੋਕਣ ਲਈ ਭਵਿੱਖ ਵਿਚ ਵੀਜ਼ਾ ਜਾਰੀ ਕਰਨ ’ਤੇ ਵੀ ਪਾਬੰਦੀ ਲਗਾਏਗਾ। ਬਿਆਨ ਵਿਚ ਅੱਗੇ ਕਿਹਾ ਗਿਆ ਹੈ, “ਜਦੋਂ ਦੱਖਣੀ ਸੂਡਾਨ ਪੂਰਾ ਸਹਿਯੋਗ ਕਰੇਗਾ, ਤਾਂ ਅਸੀਂ ਇਨ੍ਹਾਂ ਕਾਰਵਾਈਆਂ ਦੀ ਸਮੀਖਿਆ ਕਰਨ ਲਈ ਤਿਆਰ ਰਹਾਂਗੇ।”

# ਅਮਰੀਕਾ ’ਚ ਬੇਰੁਜ਼ਗਾਰੀ ਦਰ 4.2 ਪ੍ਰਤੀਸ਼ਤ ਤੱਕ ਪਹੁੰਚੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਸੰਘੀ ਸਰਕਾਰ ਵਿਚ ਰੁਜ਼ਗਾਰ ਵਿਚ ਗਿਰਾਵਟ ਦੇ ਬਾਵਜੂਦ ਇਸ ਸਾਲ ਮਾਰਚ ਵਿਚ ਲਗਭਗ 2,28,000 ਨੌਕਰੀਆਂ ਕੱਢੀਆਂ ਗਈਆਂ ਹਨ, ਜਦੋਂਕਿ ਬੇਰੁਜ਼ਗਾਰੀ ਦਰ 4.2 ਪ੍ਰਤੀਸ਼ਤ ਤੱਕ ਪਹੁੰਚ ਗਈ। ਕਿਰਤ ਵਿਭਾਗ ਦੇ ਕਿਰਤ ਅੰਕੜਾ ਬਿਊਰੋ ਅਨੁਸਾਰ ਸਿਹਤ ਸੰਭਾਲ, ਸਮਾਜਿਕ ਸਹਾਇਤਾ, ਆਵਾਜਾਈ ਅਤੇ ਗੋਦਾਮਾਂ ਵਿਚ ਰੁਜ਼ਗਾਰ ਵਧਿਆ ਹੈ। ਪ੍ਰਚੂਨ ਵਪਾਰ ਵਿਚ ਵੀ ਰੁਜ਼ਗਾਰ ਵਧਿਆ। ਰਿਪੋਰਟ ਅਨੁਸਾਰ ਫੈਡਰਲ ਸਰਕਾਰ ਨੇ ਫਰਵਰੀ ਵਿਚ 11,000 ਨੌਕਰੀਆਂ ਗੁਆਉਣ ਤੋਂ ਬਾਅਦ ਮਾਰਚ ਵਿਚ 4,000 ਨੌਕਰੀਆਂ ਗੁਆ ਦਿੱਤੀਆਂ ਅਤੇ ਉਹ ਕਰਮਚਾਰੀ ਜੋ ਤਨਖਾਹ ਵਾਲੀ ਛੁੱਟੀ ’ਤੇ ਹਨ ਜਾਂ ਵਾਧੇ ਵਿਚ ਤਨਖਾਹ ਪ੍ਰਾਪਤ ਕਰ ਰਹੇ ਹਨ, ਉਨ੍ਹਾਂ ਨੂੰ ਵੀ ਰੁਜ਼ਗਾਰ ਪ੍ਰਾਪਤ ਮੰਨਿਆ ਜਾਂਦਾ ਹੈ।







# ਕੈਨੇਡਾ ਫੈਡਰਲ ਚੋਣਾਂ: ਪੰਜਾਬੀ ਮੂਲ ਦੇ ਉਮੀਦਵਾਰਾਂ ਵੱਲੋਂ ਚੋਣ ਪ੍ਰਚਾਰ ਤੇਜ਼

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਵਿਚ ਇਸ ਮਹੀਨੇ ਫੈਡਰਲ ਚੋਣਾਂ ਹੋਣ ਜਾ ਰਹੀਆਂ ਹਨ। ਇਸ ਦੌਰਾਨ ਫੈਡਰਲ ਚੋਣਾਂ ਵਿਚ ਪੰਜਾਬੀ ਮੂਲ ਦੇ ਉਮੀਦਵਾਰ ਲੀਡ ਲੈ ਕੇ ਚੋਣ ਮੈਦਾਨ ਵਿਚ ਨਿੱਤਰ ਆਏ ਹਨ। ਇਸ ਦੇ ਨਾਲ ਹੀ ਸਿਆਸਤ ਗਰਮਾ ਗਈ ਹੈ। ਤਾਜ਼ਾ ਸਮੀਕਰਨਾਂ 'ਚ ਲਿਬਰਲ ਅਤੇ ਕੰਜ਼ਰਵੇਟਿਵ ਵਿਚਾਲੇ ਕਰੀਬੀ ਮੁਕਾਬਲਾ ਹੈ। ਇੱਥੇ ਦੱਸ ਦਈਏ ਕਿ 2025 ਦੀਆਂ ਕੈਨੇਡੀਅਨ ਸੰਘੀ ਚੋਣਾਂ 28 ਅਪ੍ਰੈਲ ਨੂੰ ਹੋਣਗੀਆਂ, ਜਿਸ ਵਿਚ 45ਵੀਂ ਕੈਨੇਡੀਅਨ ਸੰਸਦ ਲਈ ਹਾਊਸ ਆਫ਼ ਕਾਮਨਜ਼ ਦੇ ਮੈਂਬਰਾਂ ਦੀ ਚੋਣ ਹੋਵੇਗੀ।

ਐਬਟਸਫੋਰਡ-ਸਾਊਥ ਲੈਂਗਲੀ ਤੋਂ ਕੰਜ਼ਰਵੇਟਿਵ ਉਮੀਦਵਾਰ ਸੁਖਮਨ ਗਿੱਲ ਦੇ ਚੋਣ ਦਫ਼ਤਰ ਦਾ ਉਦਘਾਟਨ ਸੀਡਰ ਪਾਰਕ ਐਬਟਸਫੋਰਡ ਨੇੜੇ ਇੱਕ ਇਮਾਰਤ ਵਿਚ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਪਹੁੰਚੇ ਉਨ੍ਹਾਂ ਦੇ ਸਮਰਥਕਾਂ ਅਤੇ ਕੰਜ਼ਰਵੇਟਿਵ ਵਰਕਰਾਂ ਨੇ ਜ਼ੋਰਦਾਰ ਚੋਣ ਪ੍ਰਚਾਰ ਸ਼ੁਰੂ ਕੀਤਾ। ਸੁਖਮਨ ਗਿੱਲ ਨੇ ਕਿਹਾ ਕਿ ਉਨ੍ਹਾਂ ਦਾ ਜਨਮ ਤੇ ਪਾਲਣ ਪੋਸ਼ਣ ਇਸੇ ਹਲਕੇ ਵਿਚ ਹੋਇਆ ਹੈ। ਉਹ ਆਪਣੇ ਲੋਕਾਂ ਦੀਆਂ ਸਮੱਸਿਆਵਾਂ, ਉਨ੍ਹਾਂ ਦੀਆਂ ਲੋੜਾਂ ਅਤੇ ਇੱਛਾਵਾਂ ਅਤੇ ਆਪਣੇ ਹਲਕੇ ਦੇ ਮਾਮਲਿਆਂ ਤੋਂ ਚੰਗੀ ਤਰ੍ਹਾਂ ਜਾਣੂ ਹੈ। ਉਨ੍ਹਾਂ ਪਾਰਟੀ ਮੈਂਬਰਾਂ ਵੱਲੋਂ ਚੋਣਾਂ ਵਿਚ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਪਾਰਟੀ ਆਗੂ ਪੀਅਰੇ ਪੋਲੀਵਰੇ ਨੂੰ ਮੌਜੂਦਾ ਸਮੇਂ ਵਿਚ ਇੱਕ ਮਜ਼ਬੂਤ ਅਤੇ ਸਹੀ ਆਗੂ ਦੱਸਿਆ।

ਫਲੀਟਵੁੱਡ ਪੋਰਟ ਕੇਲਸ ਤੋਂ ਲਿਬਰਲ ਉਮੀਦਵਾਰ ਗੁਰਬਖਸ਼ ਸੈਣੀ ਨੇ ਆਪਣੇ ਸਮਰਥਕਾਂ ਦੀ ਮੌਜੂਦਗੀ ਵਿਚ ਸਰੀ ਦੇ 15164 ਫਰੇਜ਼ਰ ਹਾਈਵੇਅ 'ਤੇ ਆਪਣੇ ਚੋਣ ਦਫਤਰ ਦਾ ਉਦਘਾਟਨ ਕੀਤਾ। ਗੁਰਬਖਸ਼ ਸੈਣੀ ਨੇ ਆਪਣੀ ਉਮੀਦਵਾਰੀ ਲਈ ਸਾਬਕਾ ਸੰਸਦ ਮੈਂਬਰ ਕੇਨ ਹਾਰਡੀ ਅਤੇ ਲਿਬਰਲ ਸਮਰਥਕਾਂ ਦਾ ਵਿਸ਼ੇਸ਼ ਧੰਨਵਾਦ ਕੀਤਾ।

ਸਰੀ ਸੈਂਟਰ ਲਈ ਲਿਬਰਲ ਉਮੀਦਵਾਰ ਰਣਦੀਪ ਸਿੰਘ ਸਰਾਏ ਨੇ ਆਪਣੇ ਸਮਰਥਕਾਂ ਅਤੇ ਲਿਬਰਲ ਕਾਰਕੁਨਾਂ ਦੀ ਮੌਜੂਦਗੀ ਵਿਚ 10576 ਕਿੰਗ ਜਾਰਜ ਬਲਵੀਡ ਵਿਖੇ ਆਪਣੇ ਪ੍ਰਚਾਰ ਦਫਤਰ ਦਾ ਉਦਘਾਟਨ ਕੀਤਾ। ਰਣਦੀਪ ਸਰਾਏ ਨੇ ਕਿਹਾ ਕਿ ਉਹ ਵੋਟਰਾਂ ਅਤੇ ਸਮਰਥਕਾਂ ਦੇ ਹਮੇਸ਼ਾ ਰਿਣੀ ਰਹਿਣਗੇ, ਜਿਨ੍ਹਾਂ ਨੇ ਉਨ੍ਹਾਂ ਨੂੰ 2015 ਤੋਂ ਬਾਅਦ ਹਾਊਸ ਆਫ ਕਾਮਨਜ਼ ਦੀ ਅਗਵਾਈ ਕਰਨ ਦਾ ਮੌਕਾ ਦਿੱਤਾ। ਉਨ੍ਹਾਂ ਸਰੀ ਸੈਂਟਰ ਦੇ ਵਿਕਾਸ ਅਤੇ ਹੋਰ ਕੰਮਾਂ ਨੂੰ ਪਹਿਲ ਦਿੰਦੇ ਹੋਏ ਹਮੇਸ਼ਾ ਲੋਕਾਂ ਨਾਲ ਖੜ੍ਹਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਲਿਬਰਲ ਲੀਡਰ ਮਾਰਕ ਕਾਰਨੀ ਅਤੇ ਲਿਬਰਲ ਪਾਰਟੀ ਨੂੰ ਸਰੀ ਸੈਂਟਰ ਦੀ ਲਗਾਤਾਰ ਨੁਮਾਇੰਦਗੀ ਦਾ ਸਮਰਥਨ ਕਰਨ ਅਤੇ ਲੋਕਾਂ ਦੇ ਨਾਲ ਖੜ੍ਹੇ ਹੋਣ ਦਾ ਸੱਦਾ ਦਿੱਤਾ। ਉਸਨੇ ਪਿਛਲੀ ਲਿਬਰਲ ਸਰਕਾਰ ਦੌਰਾਨ ਸਰੀ ਅਤੇ ਬੀ.ਸੀ. ਸ਼ਹਿਰ ਵਿੱਚ ਕੀਤੇ ਕੰਮਾਂ ਦਾ ਹਵਾਲਾ ਦਿੱਤਾ।

ਬਰੈਂਪਟਨ ਈਸਟ ਤੋਂ ਮਨਿੰਦਰ ਸਿੱਧੂ ਲਿਬਰਲ ਪਾਰਟੀ ਵੱਲੋਂ ਤੀਜੀ ਵਾਰ ਚੋਣ ਲੜ ਰਹੇ ਹਨ। ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਉਸ ਦੇ ਸਮਰਥਨ ਵਿਚ ਮੋਰਚਾ ਸੰਭਾਲ ਲਿਆ ਹੈ। ਮਨਿੰਦਰ ਸਿੱਧੂ ਨੇ ਕਿਹਾ ਕਿ ਉਦਾਰਵਾਦੀ ਹਵਾ ਮੁੜ ਤੇਜ਼ੀ ਨਾਲ ਵਗ ਰਹੀ ਹੈ। ਇਮੀਗ੍ਰੇਸ਼ਨ ਅਤੇ ਹੋਰ ਮਾਮਲਿਆਂ 'ਤੇ ਸਖ਼ਤ ਰੁਖ਼ ਅਪਣਾਉਣ ਤੋਂ ਬਾਅਦ ਲਿਬਰਲਾਂ 'ਤੇ ਲੋਕਾਂ ਦਾ ਭਰੋਸਾ ਵਧਿਆ ਹੈ।

ਸਰੀ-ਨਿਊਟਨ ਤੋਂ ਲਿਬਰਲ ਉਮੀਦਵਾਰ ਸੁੱਖ ਧਾਲੀਵਾਲ ਨੇ ਆਪਣੇ ਸਮਰਥਕਾਂ ਅਤੇ ਹਲਕਾ ਨਿਵਾਸੀਆਂ ਦੇ ਵੱਡੇ ਇਕੱਠ ਦਰਮਿਆਨ ਆਪਣੇ ਚੋਣ ਦਫਤਰ ਦਾ ਉਦਘਾਟਨ ਕੀਤਾ। ਸਰੀ ਵਿਚ 7536-130 ਸਟਰੀਟ ਸਥਿਤ ਇਮਾਰਤ ਵਿਚ ਚੋਣ ਦਫ਼ਤਰ ਦੇ ਉਦਘਾਟਨ ਮੌਕੇ ਬੋਲਦਿਆਂ ਧਾਲੀਵਾਲ ਨੇ ਲਿਬਰਲ ਆਗੂ ਮਾਰਕ ਕਾਰਨੀ ਦੀ ਅਗਵਾਈ ਵਿਚ ਨਵੀਂ ਸਰਕਾਰ ਬਣਾਉਣ ਲਈ ਲਿਬਰਲ ਉਮੀਦਵਾਰਾਂ ਨੂੰ ਸ਼ਾਨਦਾਰ ਜਿੱਤ ਦੀ ਅਪੀਲ ਕੀਤੀ।

# ਕੈਨੇਡਾ ਪੁਲਿਸ ਭਾਰਤੀ ਨਾਗਰਿਕ ਦੇ ਕਤਲ ਮਾਮਲੇ ਦੀ ਸੰਭਾਵੀ ਨਸਲੀ ਅਪਰਾਧ ਵਜੋਂ ਕਰ ਰਹੀ ਹੈ ਜਾਂਚ



**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੀ ਰਾਜਧਾਨੀ ਓਟਾਵਾ ਨੇੜੇ ਸਥਿਤ ਰੌਕਲੈਂਡ ਟਾਊਨ ਵਿਚ ਬੀਤੇ ਦਿਨੀਂ ਇੱਕ ਭਾਰਤੀ ਨੌਜਵਾਨ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਗੁਜਰਾਤ ਦੇ ਭਾਵਨਗਰ ਦਾ ਰਹਿਣ ਵਾਲਾ ਧਰਮੇਸ਼ ਕਥਿਰੀਆ 2019 ਵਿਚ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਵਜੋਂ ਕੈਨੇਡਾ ਆਇਆ ਸੀ ਅਤੇ ਵਰਕ ਪਰਮਿਟ 'ਤੇ ਸੀ। 27 ਸਾਲਾ ਧਰਮੇਸ਼ ਕਥਿਰੀਆ ਦਾ ਘਰੋਂ ਬਾਹਰ ਨਿਕਲਦੇ ਸਮੇਂ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ। ਘਟਨਾ ਦੇ ਸਮੇਂ ਮ੍ਰਿਤਕ ਦੀ ਪਤਨੀ ਘਰ 'ਚ ਹੀ ਸੀ। ਦੱਸਿਆ ਜਾ ਰਿਹਾ ਹੈ ਕਿ ਦੋਸ਼ੀ ਪੀੜਤਾ ਅਤੇ ਉਸ ਦੀ ਪਤਨੀ ਨੂੰ ਕਾਫੀ ਸਮੇਂ ਤੋਂ ਪ੍ਰੇਸ਼ਾਨ ਕਰ ਰਿਹਾ ਸੀ। ਇਸ ਹਮਲੇ ਪਿੱਛੇ ਫਿਲਹਾਲ ਨਸਲਵਾਦ ਨੂੰ ਕਾਰਨ ਮੰਨਿਆ ਜਾ ਰਿਹਾ ਹੈ।

ਹਮਲਾਵਰ 60 ਸਾਲਾ ਗੋਰਾ ਦੱਸਿਆ ਜਾ ਰਿਹਾ ਹੈ। ਦੋਸ਼ ਹੈ ਕਿ ਇਸ ਤੋਂ ਪਹਿਲਾਂ ਵੀ ਉਹ ਧਰਮੇਸ਼ ਅਤੇ ਉਸ ਦੀ ਪਤਨੀ 'ਤੇ ਭਾਰਤ ਵਿਰੋਧੀ ਅਤੇ ਨਸਲਵਾਦੀ ਟਿੱਪਣੀਆਂ ਕਰਦਾ ਰਿਹਾ ਹੈ। ਚਸ਼ਮਦੀਦਾਂ ਮੁਤਾਬਕ ਉਕਤ ਵਿਅਕਤੀ ਨੇ ਅਚਾਨਕ ਹਮਲਾ ਕਰ ਦਿੱਤਾ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ 'ਚ ਧਰਮੇਸ਼ ਦੀ ਪਤਨੀ ਦੀਆਂ ਚੀਕਾਂ ਸੁਣੀਆਂ ਜਾ ਸਕਦੀਆਂ ਹਨ। ਦੋਵਾਂ ਦਾ ਵਿਆਹ ਮਹਿਜ਼ ਇੱਕ ਸਾਲ ਪਹਿਲਾਂ ਹੋਇਆ ਸੀ ਅਤੇ ਨਵੀਂ ਜ਼ਿੰਦਗੀ ਦੀ ਭਾਲ ਵਿਚ ਕੈਨੇਡਾ ਆਏ ਸਨ।

ਧਰਮੇਸ਼ ਰਾਕਲੈਂਡ ਦੇ ਮਸ਼ਹੂਰ 'ਮਿਲਾਨੋ ਪੀਜ਼ਾ' 'ਚ ਬਤੌਰ ਮੈਨੇਜਰ ਕੰਮ ਕਰਦਾ ਸੀ। ਇਸ ਘਟਨਾ ਤੋਂ ਬਾਅਦ ਰੈਸਟੋਰੈਂਟ ਨੇ ਅਸਥਾਈ ਤੌਰ 'ਤੇ ਸੰਚਾਲਨ ਬੰਦ ਕਰ ਦਿੱਤਾ।

# ਅਮਰੀਕੀ ਅਰਥਸ਼ਾਸਤਰੀਆਂ ਵੱਲੋਂ ਟਰੰਪ ਦੇ ਟੈਰਿਫ ਕਾਰਨ ਭਵਿੱਖ 'ਚ ਮੰਦੀ ਆਉਣੀ ਦੀ ਚਿਤਾਵਨੀ

**ਨਵੀਂ ਦਿੱਲੀ, (ਪੰਜਾਬ ਮੇਲ)-** ਗਲੋਬਲ ਬ੍ਰੋਕਰੇਜ ਅਤੇ ਅਰਥਸ਼ਾਸਤਰੀਆਂ ਨੇ ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਐਲਾਨੇ ਰੈਸਿਪ੍ਰੋਕਲ ਟੈਰਿਫ ਦੇ ਅਸਰ ਨੂੰ ਧਿਆਨ 'ਚ ਰੱਖਦੇ ਹੋਏ ਭਵਿੱਖ 'ਚ ਅਮਰੀਕਾ 'ਚ ਮੰਦੀ ਆਉਣ ਦੀ ਚਿਤਾਵਨੀ ਦਿੱਤੀ ਹੈ। ਜੇ.ਪੀ. ਮਾਰਗਨ ਚੇਜ਼ ਐਂਡ ਕੰਪਨੀ ਅਨੁਸਾਰ, ਅਸੀਂ ਟੈਰਿਫ ਦੇ ਬੋਝ ਤਹਿਤ ਅਸਲ ਜੀ.ਡੀ.ਪੀ. ਅੰਦਾਜ਼ੇ 'ਚ ਕਟੌਤੀ ਦੀ ਉਮੀਦ ਕਰਦੇ ਹਨ ਅਤੇ ਪੂਰੇ ਸਾਲ ਲਈ ਹੁਣ ਅਸਲ ਜੀ.ਡੀ.ਪੀ. ਵਾਧਾ -0.3 ਫ਼ੀਸਦੀ ਦੀ ਉਮੀਦ ਕਰਦੇ ਹਾਂ, ਜੋ ਪਹਿਲਾਂ 1.3 ਫ਼ੀਸਦੀ ਸੀ।

ਬੈਂਕ ਦੇ ਮੁੱਖ ਅਮਰੀਕੀ ਅਰਥਸ਼ਾਸਤਰੀ ਮਾਈਕਲ ਫੇਰੋਲੀ ਨੇ ਗਾਹਕਾਂ ਨੂੰ ਲਿਖੇ ਇਕ ਨੋਟ 'ਚ ਕਿਹਾ ਕਿ ਆਰਥਿਕ ਸਰਗਰਮੀ 'ਚ ਅੰਦਾਜ਼ਨ ਕਮੀ ਨਾਲ ਹਾਇਰਿੰਗ 'ਚ ਕਟੌਤੀ ਕੀਤੀ ਜਾ ਸਕਦੀ ਹੈ ਅਤੇ ਸਮੇਂ ਦੇ ਨਾਲ ਬੇਰੋਜ਼ਗਾਰੀ ਦਰ 5.3 ਫ਼ੀਸਦੀ ਤੱਕ ਵਧ ਜਾਵੇਗੀ।

ਮੁੰਗੜਾਅ ਦਾ ਮਤਲਬ ਬਿਜ਼ਨੈੱਸ ਸਾਈਕਲ ਦੇ ਉਸ ਫੇਜ਼ ਤੋਂ ਹੈ, ਜਿਸ 'ਚ ਸਮੁੱਚੀ ਅਰਥਵਿਵਸਥਾ 'ਚ ਗਿਰਾਵਟ ਆਉਂਦੀ ਹੈ। ਫੇਰੋਲੀ ਨੂੰ ਉਮੀਦ ਹੈ ਕਿ ਅਮਰੀਕੀ ਫੈੱਡਰਲ ਰਿਜ਼ਰਵ ਜੂਨ 'ਚ ਆਪਣੀ ਬੈਂਚਮਾਰਕ ਵਿਆਜ ਦਰ 'ਚ ਕਟੌਤੀ ਸ਼ੁਰੂ ਕਰ ਦੇਵੇਗਾ ਅਤੇ ਅਗਲੇ ਸਾਲ ਜਨਵਰੀ ਤੱਕ ਹਰ ਇਕ ਅਗਲੀ ਬੈਠਕ 'ਚ ਦਰਾਂ 'ਚ ਕਟੌਤੀ ਜਾਰੀ ਰੱਖੇਗਾ। ਫੇਰੋਲੀ ਨੇ ਲਿਖਿਆ, ਜੇ ਇਹ ਸੱਚ ਹੋ ਜਾਂਦਾ ਹੈ, ਤਾਂ ਸਾਡਾ ਮਹਿੰਗਾਈ ਨਾਲ ਜੁੜਿਆ ਅਗਾਊਂ ਅੰਦਾਜ਼ਾ ਫੈੱਡ ਨੀਤੀ ਨਿਰਮਾਤਾਵਾਂ ਲਈ ਦੁਬਿਧਾ ਪੈਦਾ ਕਰੇਗਾ।

ਸਿਟੀ ਦੇ ਅਰਥਸ਼ਾਸਤਰੀਆਂ ਨੇ ਇਸ ਸਾਲ ਵਿਕਾਸ ਦਰ ਲਈ ਆਪਣੇ ਅਗਾਊਂ ਅੰਦਾਜ਼ੇ ਨੂੰ ਘਟਾ ਕੇ ਸਿਰਫ 0.1 ਫ਼ੀਸਦੀ ਕਰ ਦਿੱਤਾ ਹੈ, ਜਦੋਂ ਕਿ ਯੂ.ਬੀ.ਐੱਸ. ਅਰਥਸ਼ਾਸਤਰੀਆਂ ਨੇ ਅੰਗਾਊਂ ਅੰਦਾਜ਼ੇ ਨੂੰ ਘਟਾ ਕੇ ਸਿਰਫ 0.4 ਫ਼ੀਸਦੀ ਕਰ ਦਿੱਤਾ ਹੈ। ਯੂ.ਬੀ.ਐੱਸ. ਦੇ ਮੁੱਖ ਅਮਰੀਕੀ ਅਰਥਸ਼ਾਸਤਰੀ ਜੋਨਾਥਨ ਪਿੰਗਲ ਨੇ ਇਕ ਨੋਟ 'ਚ ਕਿਹਾ, "ਸਾਨੂੰ ਉਮੀਦ ਹੈ ਕਿ ਦੁਨੀਆਂ ਦੇ ਦੂਜੇ ਦੇਸ਼ਾਂ ਤੋਂ ਅਮਰੀਕੀ ਦਰਾਮਦ ਸਾਡੇ ਅਗਾਊਂ ਅੰਦਾਜ਼ੇ ਸਮੇਂ ਖਾਸ ਕਰ ਕੇ ਅਗਲੀਆਂ ਕਈ ਤਿਮਾਹੀਆਂ 'ਚ 20 ਫ਼ੀਸਦੀ ਤੋਂ ਜ਼ਿਆਦਾ ਘਟੇਗੀ, ਜਿਸ ਨਾਲ ਕੁੱਲ ਘਰੇਲੂ ਉਤਪਾਦ ਦੇ ਹਿੱਸੇ ਵਜੋਂ ਦਰਾਮਦ 1986 ਤੋਂ ਪਹਿਲਾਂ ਦੇ ਪੱਧਰ 'ਤੇ ਵਾਪਸ ਆ ਜਾਵੇਗੀ।

ਉਨ੍ਹਾਂ ਅੰਦਾਜ਼ਾ ਪ੍ਰਗਟਾਇਆ ਕਿ ਵਪਾਰ ਨੀਤੀ ਕਾਰਵਾਈ ਦੀ ਕਠੋਰਤਾ ਦਾ ਮਤਲਬ 30 ਟ੍ਰਿਲੀਅਨ ਡਾਲਰ ਅਰਥਵਿਵਸਥਾ ਲਈ ਮੈਕਰੋਇਕਾਨਮਿਕ ਐਡਜਸਟਮੈਂਟ ਹੋਵੇਗਾ।

ਫੈੱਡ ਦੇ ਪ੍ਰਧਾਨ ਜੇਰੋਮ ਪਾਵੇਲ ਨੇ ਕਿਹਾ ਕਿ ਦਰਾਂ 'ਚ ਕਿਸੇ ਵੀ ਐਡਜਸਟਮੈਂਟ ਲਈ ਸਾਨੂੰ ਜਲਦਬਾਜ਼ੀ ਕਰਨ ਦੀ ਲੋੜ ਨਹੀਂ ਹੈ। ਉਨ੍ਹਾਂ ਦੀ ਟਿੱਪਣੀ ਲੇਬਰ ਸਟੈਟਿਸਟਿਕਸ ਬਿਊਰੋ ਦੀ ਤਾਜ਼ਾ ਮਹੀਨਾਵਾਰੀ ਰੋਜ਼ਗਾਰ ਰਿਪੋਰਟ ਦੇ ਜਾਰੀ ਹੋਣ ਤੋਂ ਬਾਅਦ ਆਈ, ਜਿਸ 'ਚ ਮਾਰਚ 'ਚ ਮਜ਼ਬੂਤ ਭਰਤੀ ਦੇ ਨਾਲ-ਨਾਲ ਬੇਰੋਜ਼ਗਾਰੀ ਦਰ 'ਚ ਮਾਮੂਲੀ ਵਾਧਾ, 4.2 ਫ਼ੀਸਦੀ ਵਿਖਾਈ ਗਈ।

# ਅਫਗਾਨਿਸਤਾਨ 'ਚੋਂ 5 ਲੱਖ ਅਮਰੀਕੀ ਹਥਿਆਰ ਗਾਇਬ

**ਕਾਬੁਲ, (ਪੰਜਾਬ ਮੇਲ)-** ਅਫਗਾਨਿਸਤਾਨ 'ਚੋਂ 5 ਲੱਖ ਅਮਰੀਕੀ ਹਥਿਆਰ ਗਾਇਬ ਹੋ ਗਏ ਹਨ। ਇਨ੍ਹਾਂ ਨੂੰ ਜਾਂ ਤਾਂ ਵੇਚ ਦਿੱਤਾ ਗਿਆ ਹੈ ਜਾਂ ਇਨ੍ਹਾਂ ਦੀ ਸਮੱਗਲਿੰਗ ਕਰ ਦਿੱਤੀ ਗਈ ਹੈ। ਸੰਯੁਕਤ ਰਾਸ਼ਟਰ ਦਾ ਮੰਨਣਾ ਹੈ ਕਿ ਇਨ੍ਹਾਂ ਵਿਚੋਂ ਕੁਝ ਹਥਿਆਰ ਅਲਕਾਇਦਾ ਨਾਲ ਜੁੜੇ ਕੱਟੜਪੰਥੀ ਸੰਗਠਨਾਂ ਦੇ ਹੱਥਾਂ ਵਿਚ ਵੀ ਚਲੇ ਗਏ ਹਨ। ਤਾਲਿਬਾਨ ਨੇ 2021 'ਚ ਜਦੋਂ ਅਫਗਾਨਿਸਤਾਨ ਨੂੰ ਮੁੜ ਆਪਣੇ ਕੰਟਰੋਲ ਵਿਚ ਲਿਆ, ਤਾਂ ਉਨ੍ਹਾਂ ਨੂੰ ਲੱਗਭਗ 10 ਲੱਖ ਫੌਜੀ ਹਥਿਆਰਾਂ ਤੇ ਸਾਜ਼ੋ-ਸਾਮਾਨ ਦਾ ਜ਼ਖੀਰਾ ਮਿਲਿਆ। ਇਨ੍ਹਾਂ ਵਿਚੋਂ ਜ਼ਿਆਦਾਤਰ ਅਮਰੀਕਾ ਦੀ ਵਿੱਤੀ ਮਦਦ ਨਾਲ ਖਰੀਦੇ ਗਏ ਸਨ।

ਪਿਛਲੇ ਸਾਲ ਦੋਹਾ 'ਚ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਕਮੇਟੀ ਬੈਠਕ ਵਿਚ ਤਾਲਿਬਾਨ ਨੇ ਹਥਿਆਰਾਂ ਦੇ ਗਾਇਬ ਹੋਣ ਦੀ ਗੱਲ ਮੰਨੀ ਸੀ। ਅਲਕਾਇਦਾ ਨਾਲ ਜੁੜੇ ਸੰਗਠਨ ਇਹ ਹਥਿਆਰ ਬਲੈਕ ਮਾਰਕੀਟ ਤੋਂ ਖਰੀਦ ਰਹੇ ਹਨ। ਇਨ੍ਹਾਂ ਵਿਚ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ, ਇਸਲਾਮਿਕ ਮੂਵਮੈਂਟ ਆਫ ਉਜ਼ਬੇਕਿਸਤਾਨ, ਈਸਟ ਤੁਰਕਿਸਤਾਨ ਇਸਲਾਮਿਕ ਮੂਵਮੈਂਟ ਤੇ ਯਮਨ ਦਾ ਅੰਸਾਰੁੱਲ੍ਹਾ ਮੂਵਮੈਂਟ ਤਾਲਿਬਾਨ ਸ਼ਾਮਲ ਹਨ।

ਤਾਲਿਬਾਨ ਨੇ ਜ਼ਬਤ ਅਮਰੀਕੀ ਹਥਿਆਰਾਂ ਦਾ 20 ਫੀਸਦੀ ਹਿੱਸਾ ਸਥਾਨਕ ਕਮਾਂਡਰਾਂ ਨੂੰ ਦੇ ਦਿੱਤਾ ਸੀ। ਇਹ ਕਮਾਂਡਰ ਆਪੋ-ਆਪਣੇ ਇਲਾਕਿਆਂ ਵਿਚ ਆਜ਼ਾਦ ਹਨ। ਇਹੀ ਕਾਰਨ ਹੈ ਕਿ ਹਥਿਆਰਾਂ ਦੀ ਕਾਲਾਬਾਜ਼ਾਰੀ ਹੋ ਰਹੀ ਹੈ। ਕੰਧਾਰ ਦੇ ਗੋਦਾਮਾਂ ਵਿਚ 'ਸੈਂਕੜੇ' ਹਾਈ ਮੋਬੀਲਿਟੀ ਮਲਟੀਪਰਪਜ਼ ਵ੍ਹੀਕਲ (ਐੱਚ.ਐੱਮ.ਐੱਮ.ਡਬਲਯੂ.ਵੀ.), ਬਾਰੂਦੀ ਸੁਰੰਗ ਰੋਕੂ ਸੁਰੱਖਿਅਤ ਵਾਹਨ (ਐੱਮ.ਆਰ.ਏ.ਪੀ.) ਤੇ ਬਲੈਕ ਹਾਕ ਹੈਲੀਕਾਪਟਰ ਅਜੇ ਵੀ ਤਾਲਿਬਾਨ ਕੋਲ ਮੌਜੂਦ ਹਨ।

## ਨਵੀਆਂ ਤਕਨੀਕਾਂ ਅਪਣਾਉਣ ਦੇ ਮਾਮਲੇ 'ਚ ਭਾਰਤ 36ਵੇਂ ਸਥਾਨ 'ਤੇ

**ਸੰਯੁਕਤ ਰਾਸ਼ਟਰ, (ਪੰਜਾਬ ਮੇਲ)-** ਨਵੀਆਂ ਤਕਨੀਕਾਂ ਅਪਣਾਉਣ ਲਈ ਤਿਆਰੀ ਦੇ ਮਾਮਲੇ 'ਚ ਦੁਨੀਆਂ ਦੇ 170 ਮੁਲਕਾਂ ਦੀ ਦਰਜਾਬੰਦੀ 'ਚ ਭਾਰਤ 36ਵੇਂ ਸਥਾਨ 'ਤੇ ਹੈ। ਸੰਯੁਕਤ ਰਾਸ਼ਟਰ ਵੱਲੋਂ ਜਾਰੀ ਰਿਪੋਰਟ ਮੁਤਾਬਕ ਭਾਰਤ ਦੀ ਰੈਂਕਿੰਗ 'ਚ ਪਹਿਲਾਂ ਨਾਲੋਂ ਸੁਧਾਰ ਹੋਇਆ ਹੈ। ਸੰਯੁਕਤ ਰਾਸ਼ਟਰ ਵਪਾਰ ਅਤੇ ਵਿਕਾਸ (ਯੂ.ਐੱਨ.ਸੀ.ਟੀ.ਏ.ਡੀ.) ਵੱਲੋਂ ਜਾਰੀ ਤਕਨੀਕੀ ਤੇ ਨਵੀਨੀਕਰਨ ਰਿਪੋਰਟ-2025 ਵਿਚ ਕਿਹਾ ਗਿਆ ਕਿ ਭਾਰਤ 2024 ਵਿਚ 'ਫਰੰਟੀਅਰ ਤਕਨੀਕਾਂ ਲਈ ਤਿਆਰੀ' ਸੂਚਕ ਅੰਕ ਵਿਚ 36ਵੇਂ ਸਥਾਨ 'ਤੇ ਹੈ, ਜੋ ਉਸ ਦੇ 2022 ਦੇ ਪ੍ਰਦਰਸ਼ਨ ਤੋਂ ਬਿਹਤਰ ਹੈ।

# ਪਾਕਿ ਫੌਜ ਹਥਿਆਰਾਂ ਲਈ ਹੁਣ ਪੂਰੀ ਤਰ੍ਹਾਂ ਚੀਨ ਦੇ ਭਰੋਸੇ 'ਤੇ!

**ਕਰਾਚੀ, (ਪੰਜਾਬ ਮੇਲ)-** ਪਾਕਿਸਤਾਨ ਦੀ ਫੌਜ ਹੁਣ ਹਥਿਆਰਾਂ ਲਈ ਪੂਰੀ ਤਰ੍ਹਾਂ ਚੀਨ ਦੇ ਭਰੋਸੇ 'ਤੇ ਬੈਠੀ ਹੈ। ਅਮਰੀਕਾ ਨੇ ਜਦੋਂ ਤੋਂ ਪਾਕਿਸਤਾਨ ਤੋਂ ਮੂੰਹ ਮੋੜਿਆ ਹੈ, ਪਾਕਿਸਤਾਨ ਦੀ ਨਜ਼ਰ ਸਿਰਫ ਆਪਣੇ ਸਭ ਤੋਂ ਅਜ਼ੀਮ ਦੋਸਤ ਡਰੈਗਨ 'ਤੇ ਟਿਕ ਗਈ ਹੈ। 'ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ' (ਸਿਪਰੀ) ਦੀ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਬੀਤੇ 5 ਸਾਲਾਂ 'ਚ ਪਾਕਿਸਤਾਨ ਨੇ ਜਿੰਨੇ ਵੀ ਹਥਿਆਰ ਖਰੀਦੇ ਹਨ, ਉਨ੍ਹਾਂ ਵਿਚੋਂ 81 ਫੀਸਦੀ ਸਿਰਫ ਚੀਨ ਤੋਂ ਆਏ ਹਨ। ਪਹਿਲਾਂ ਇਹ ਅੰਕੜਾ 74 ਫੀਸਦੀ ਸੀ ਮਤਲਬ ਡਰੈਗਨ ਦੀ ਮੁੱਠੀ ਵਿਚ ਹੁਣ ਪਾਕਿਸਤਾਨ ਹੋਰ ਵੀ ਕੱਸ ਕੇ ਫਸ ਚੁੱਕਾ ਹੈ। ਚੀਨ ਨਾਲ ਰਿਸ਼ਤੇ ਡੂੰਘੇ ਕਰਨ ਦੀ ਹੋੜ 'ਚ ਪਾਕਿਸਤਾਨ ਆਪਣੀ ਫੌਜ ਨੂੰ ਮਜ਼ਬੂਤ ਕਰਨ ਬਾਰੇ ਸੋਚ ਰਿਹਾ ਹੈ ਪਰ ਇਹ ਭੁੱਲ ਰਿਹਾ ਹੈ ਕਿ ਇਕੋ ਮੁਲਕ 'ਤੇ ਲੋੜ ਤੋਂ ਵੱਧ ਨਿਰਭਰਤਾ ਉਸ ਨੂੰ ਕਦੇ ਵੀ ਭਾਰੀ ਨੁਕਸਾਨ 'ਚ ਪਾ ਸਕਦੀ ਹੈ।

ਸਿਪਰੀ ਦੀ ਰਿਪੋਰਟ ਸਪੱਸ਼ਟ ਕਹਿੰਦੀ ਹੈ ਕਿ ਪਾਕਿ ਫੌਜ ਦੀ ਹਰ ਲੋੜ ਹੁਣ ਬੀਜਿੰਗ ਦੀ ਮਿਹਰਬਾਨੀ 'ਤੇ ਟਿਕੀ ਹੋਈ ਹੈ, ਭਾਵੇਂ ਉਹ ਰਾਈਫਲ ਹੋਵੇ, ਜੈੱਟ ਫਾਈਟਰ ਹੋਵੇ ਜਾਂ ਫਿਰ ਜੰਗੀ ਬੇੜਾ। ਹੁਣ ਪਾਕਿਸਤਾਨ ਦਾ ਚੀਨ ਦੀ ਨਿਰਭਰਤਾ ਤੋਂ ਬਿਨਾਂ ਇਕ ਕਦਮ ਵੀ ਚੱਲਣਾ ਮੁਸ਼ਕਲ ਹੈ।

ਇਸਲਾਮਾਬਾਦ ਅਜੇ ਜੇ-35ਏ. ਵਰਗੇ ਸਟੇਲਥ ਲੜਾਕੂ ਜਹਾਜ਼ਾਂ ਦੀ ਖਰੀਦ ਨੂੰ ਅੰਤਿਮ ਰੂਪ ਦੇਣ 'ਚ ਲੱਗਾ ਹੈ, ਜਿਸ ਦੀ ਕੀਮਤ ਅਰਬਾਂ ਡਾਲਰ 'ਚ ਹੋ ਸਕਦੀ ਹੈ। ਇਸ ਦੇ ਨਾਲ ਹੀ 'ਜੇ-17' ਜੈੱਟ, ਵੀ.ਟੀ.-4 ਟੈਂਕ, ਦੂਰਦਰਸ਼ੀ ਡਰੋਨ ਤੇ ਗਾਈਡਿਡ ਮਿਜ਼ਾਈਲ ਫ੍ਰਿਗੇਟ, ਸਭ ਕੁਝ ਚੀਨ ਤੋਂ ਹੀ ਆਇਆ ਹੈ ਪਰ ਇਸ ਵਧਦੀ ਦੋਸਤੀ ਦਾ ਇਕ ਹਨੇਰਮਈ ਪਹਿਲੂ ਵੀ ਹੈ। ਸਾਬਕਾ ਭਾਰਤੀ ਫੌਜ ਅਫਸਰਾਂ ਦੀ ਮੰਨੀਏ ਤਾਂ ਇਹ ਨਿਰਭਰਤਾ ਪਾਕਿਸਤਾਨ ਨੂੰ ਵੱਡੀ ਮੁਸੀਬਤ 'ਚ ਫਸਾ ਸਕਦੀ ਹੈ।

# ਪਾਕਿਸਤਾਨ ਵੱਲੋਂ 6,700 ਅਫਗਾਨ ਨਾਗਰਿਕ ਨੂੰ ਦੇਸ਼ ਨਿਕਾਲਾ

**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ ਸਰਕਾਰ ਨੇ 1 ਅਪ੍ਰੈਲ ਤੋਂ ਹੁਣ ਤੱਕ 6,700 ਅਫਗਾਨ ਨਾਗਰਿਕਾਂ (ਕੁੱਲ 944 ਪਰਿਵਾਰ) ਨੂੰ ਦੇਸ਼ ਨਿਕਾਲਾ ਦਿੱਤਾ ਹੈ। ਪਾਕਿਸਤਾਨ ਸਰਕਾਰ ਨੇ ਇਹ ਕਦਮ ਪਿਛਲੇ ਹਫ਼ਤੇ ਸਮਾਂ ਸੀਮਾ ਖਤਮ ਹੋਣ ਤੋਂ ਬਾਅਦ ਚੁੱਕਿਆ ਹੈ। ਇਹ ਜਾਣਕਾਰੀ ਮੀਡੀਆ ਵਿਚ ਪ੍ਰਕਾਸ਼ਿਤ ਖ਼ਬਰਾਂ ਵਿਚ ਦਿੱਤੀ ਗਈ ਹੈ। ਇਸ ਵਿਚ ਕਿਹਾ ਗਿਆ ਹੈ ਕਿ ਸਾਰੇ ਅਫਗਾਨ ਨਾਗਰਿਕ ਕਾਰਡਾਂ (ਏ.ਸੀ.ਸੀ.) ਦੀ ਸਵੈ-ਇੱਛਤ ਵਾਪਸੀ ਦੀ 31 ਮਾਰਚ ਦੀ ਸਮਾਂ ਸੀਮਾ ਖਤਮ ਹੋਣ ਤੋਂ ਬਾਅਦ ਦੇਸ਼ ਨਿਕਾਲੇ ਵਿਚ ਤੇਜ਼ੀ ਆਈ।

ਇਮੀਗ੍ਰੇਸ਼ਨ ਮਾਮਲਿਆਂ ਤੋਂ ਜਾਣੂ ਸੂਤਰਾਂ ਦਾ ਹਵਾਲਾ ਦਿੰਦੇ ਹੋਏ, ਐਕਸਪ੍ਰੈਸ ਟ੍ਰਿਬਿਊਨ ਅਖ਼ਬਾਰ ਨੇ ਰਿਪੋਰਟ ਦਿੱਤੀ ਕਿ ਦੇਸ਼ ਨਿਕਾਲਾ ਦਿੱਤੇ ਗਏ ਲੋਕਾਂ ਵਿਚ 2,874 ਪੁਰਸ਼, 1,755 ਔਰਤਾਂ ਅਤੇ 2,071 ਬੱਚੇ ਸ਼ਾਮਲ ਹਨ। ਇਨ੍ਹਾਂ ਵਿਅਕਤੀਆਂ ਨੂੰ ਪੇਸ਼ਾਵਰ ਦੇ ਨੇੜੇ ਲੈਂਡੀ ਕੋਟਲ ਵਿਖੇ ਇੱਕ 'ਟ੍ਰਾਂਜ਼ਿਟ' ਕੈਂਪ ਵਿਚ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਤੋਰਖਮ ਸਰਹੱਦੀ ਬਿੰਦੂ ਰਾਹੀਂ ਦੇਸ਼ ਨਿਕਾਲਾ ਦੇਣ ਤੋਂ ਪਹਿਲਾਂ ਜ਼ਰੂਰੀ ਪ੍ਰਕਿਰਿਆ ਪੂਰੀ ਕੀਤੀ ਗਈ। ਇਹ ਸਤੰਬਰ 2023 ਵਿਚ ਗੈਰ-ਕਾਨੂੰਨੀ ਵਿਦੇਸ਼ੀਆਂ ਨੂੰ ਬਾਹਰ ਕੱਢਣ ਲਈ ਸ਼ੁਰੂ ਕੀਤੇ ਗਏ ਪਹਿਲੇ ਪੜਾਅ ਤੋਂ ਬਾਅਦ ਏ.ਸੀ.ਸੀ. ਧਾਰਕਾਂ ਨੂੰ ਨਿਸ਼ਾਨਾ ਬਣਾ ਕੇ ਦੇਸ਼ ਨਿਕਾਲੇ ਦਾ ਦੂਜਾ ਪੜਾਅ ਸੀ।



ਪਹਿਲੇ ਪੜਾਅ ਦੇ ਤਹਿਤ, 70,494 ਅਫਗਾਨ ਪਰਿਵਾਰ ਜਾਂ 4,69,159 ਵਿਅਕਤੀ ਤੋਰਖਮ ਰਾਹੀਂ ਆਪਣੇ ਵਤਨ ਵਾਪਸ ਪਰਤੇ। ਹਾਲਾਂਕਿ, ਪਹਿਲੇ ਪੜਾਅ ਤਹਿਤ ਵੱਖ-ਵੱਖ ਸਰਹੱਦੀ ਥਾਵਾਂ ਰਾਹੀਂ ਵਾਪਸ ਆਉਣ ਵਾਲੇ ਅਫਗਾਨਾਂ ਦੀ ਕੁੱਲ ਗਿਣਤੀ 8,00,000 ਤੋਂ ਵੱਧ ਸੀ। 1980 ਦੇ ਦਹਾਕੇ ਵਿਚ ਸਾਬਕਾ ਸੋਵੀਅਤ ਯੂਨੀਅਨ ਦੀਆਂ ਫੌਜਾਂ ਦੇ ਹਮਲੇ ਤੋਂ ਬਾਅਦ ਵਿਗੜਦੀ ਸੁਰੱਖਿਆ ਸਥਿਤੀ ਦੇ ਮੱਦੇਨਜ਼ਰ ਅਫਗਾਨਾਂ ਨੇ ਪਾਕਿਸਤਾਨ ਵਿਚ ਸ਼ਰਨ ਲੈਣੀ ਸ਼ੁਰੂ ਕਰ ਦਿੱਤੀ। ਪਾਕਿਸਤਾਨ 'ਚ ਰਹਿ ਰਹੇ ਅਫਗਾਨ ਸ਼ਰਨਾਰਥੀਆਂ ਦੀ ਸਹੀ ਗਿਣਤੀ ਪਤਾ ਨਹੀਂ ਹੈ। ਵੱਖ-ਵੱਖ ਅਨੁਮਾਨਾਂ ਅਨੁਸਾਰ, ਲਗਭਗ 25 ਲੱਖ ਅਫਗਾਨ ਨਾਗਰਿਕ ਪਾਕਿਸਤਾਨ ਵਿਚ ਰਹਿ ਰਹੇ ਹਨ।

# ਅਮਰੀਕਾ ਭਰ ਵਿਚ ਟਰੰਪ ਤੇ ਮਸਕ ਵਿਰੁੱਧ ਪ੍ਰਦਰਸ਼ਨ

## ਲੋਕਾਂ ਦੇ ਅਧਿਕਾਰ ਤੇ ਆਜ਼ਾਦੀ ਖੋਹਣ ਦਾ ਦੋਸ਼



ਰਾਸ਼ਟਰਪਤੀ ਟਰੰਪ ਤੇ ਐਲਨ ਮਸਕ ਵਿਰੁੱਧ ਹੋਏ ਪ੍ਰਦਰਸ਼ਨ ਦੇ ਦ੍ਰਿਸ਼।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਸਮੁੱਚੇ 50 ਰਾਜਾਂ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਨ੍ਹਾਂ ਦੇ ਜੋਟੀਦਾਰ ਅਰਬਪਤੀ ਐਲਨ ਮਸਕ ਵਿਰੁੱਧ ਹੋਏ ਪ੍ਰਦਰਸ਼ਨਾਂ ਵਿਚ ਲੱਖਾਂ ਲੋਕਾਂ ਵੱਲੋਂ ਹਿੱਸਾ ਲੈਣ ਦੀ ਖਬਰ ਹੈ। ਇਨ੍ਹਾਂ ਪ੍ਰਦਰਸ਼ਨਾਂ ਦਾ ਆਯੋਜਨ ਇਕ 'ਪ੍ਰੋ ਡੈਮੋਕਰੇਸੀ ਮੂਵਮੈਂਟ' ਦੁਆਰਾ ਕੀਤਾ ਗਿਆ, ਜਿਸ ਨੇ ਕਿਹਾ ਹੈ ਕਿ ਸੱਤਾ ਉਪਰ ਕਾਬਜ਼ ਲੋਕਾਂ ਨੇ ਦੁਸ਼ਮਣੀ ਵਾਲਾ ਵਤੀਰਾ ਅਪਣਾਇਆ ਹੋਇਆ ਹੈ ਤੇ ਉਹ ਅਮਰੀਕੀਆਂ ਦੇ ਅਧਿਕਾਰਾਂ ਅਤੇ ਆਜ਼ਾਦੀ ਉਪਰ ਹਮਲੇ ਕਰ ਰਹੇ ਹਨ। ਪ੍ਰਬੰਧਕਾਂ ਅਨੁਸਾਰ ਰਾਜਾਂ ਦੀਆਂ ਰਾਜਧਾਨੀਆਂ, ਸੰਘੀ ਇਮਾਰਤਾਂ, ਕਾਂਗਰਸ ਦੇ ਦਫਤਰਾਂ, ਸਮਾਜਿਕ ਸੁਰੱਖਿਆ ਦੇ ਮੁੱਖ ਦਫਤਰਾਂ, ਪਾਰਕਾਂ ਤੇ ਨਗਰ ਨਿਗਮਾਂ ਦੀਆਂ ਇਮਾਰਤਾਂ ਵਿਚ 1400 ਤੋਂ ਵਧ ਸਮੂਹਿਕ ਪ੍ਰਦਰਸ਼ਨ ਕੀਤੇ ਗਏ। "ਦੂਰ ਰਹੋ" ਦੇ ਨਾਅਰੇ ਹੇਠ ਹੋਏ ਇਹ ਪ੍ਰਦਰਸ਼ਨ ਉਸ ਹਰ ਥਾਂ ਉਪਰ ਕੀਤੇ ਗਏ, ਜਿਥੋਂ ਲੋਕਾਂ ਦੀ ਆਵਾਜ਼ ਵਾਈਟ ਹਾਊਸ ਤੱਕ ਪਹੁੰਚ ਸਕੇ। ਪ੍ਰਦਰਸ਼ਨਕਾਰੀਆਂ ਨੇ ਅਰਬਪਤੀਆਂ ਦੇ ਸੱਤਾ ਉਪਰ ਕਬਜ਼ੇ ਨੂੰ ਖਤਮ ਕਰਨ ਦੀ ਮੰਗ ਕੀਤੀ। ਪ੍ਰਬੰਧਕਾਂ ਨੇ ਕਿਹਾ ਹੈ "ਲੋਕਤੰਤਰ ਉਪਰ ਹੋ ਰਹੇ ਹਮਲੇ, ਨੌਕਰੀਆਂ ਵਿਚ ਕਟੌਤੀ, ਨਿੱਜਤਾ ਉਪਰ ਹਮਲਿਆਂ ਤੇ ਸੇਵਾਵਾਂ ਉਪਰ ਹਮਲਿਆਂ ਨੇ ਸਾਨੂੰ ਇਕਜੁੱਟ ਹੋਣ ਲਈ ਮਜਬੂਰ ਕੀਤਾ ਹੈ, ਇਹ ਅੰਦੋਲਨ ਲੋਕਾਂ ਲਈ ਹੈ।" ਅੰਦੋਲਨ ਦੀ ਅਗਵਾਈ ਕਰਨ ਵਾਲੀਆਂ ਸੰਸਥਾਵਾਂ ਵਿਚੋਂ ਇਕ 'ਇੰਡੀਵਿਸੀਬਲ' ਸੰਸਥਾ ਅਨੁਸਾਰ ਤਕਰੀਬਨ 6 ਲੱਖ ਲੋਕਾਂ ਨੇ ਪ੍ਰਦਰਸ਼ਨਾਂ ਵਿਚ ਸ਼ਾਮਲ ਹੋ ਕੇ ਦਸਤਖਤ ਕੀਤੇ ਹਨ। ਦੇਸ਼ ਵਿਆਪੀ ਇਹ ਪ੍ਰਦਰਸ਼ਨ ਮਨੁੱਖੀ ਹੱਕਾਂ ਬਾਰੇ ਸੰਸਥਾਵਾਂ, ਸਾਬਕਾ ਫੌਜੀਆਂ, ਔਰਤਾਂ ਦੇ ਹੱਕਾਂ ਨਾਲ ਸਬੰਧਿਤ ਸਮੂਹਾਂ, ਕਿਰਤੀਆਂ ਦੀਆਂ ਯੂਨੀਅਨਾਂ ਤੇ ਟਰਾਂਸ ਭਾਈਚਾਰੇ ਦੇ ਹੱਕਾਂ ਦੇ ਅਲੰਬਰਦਾਰਾਂ ਦੇ ਸਹਿਯੋਗ ਨਾਲ ਕੀਤੇ ਗਏ ਹਨ। ਪ੍ਰਬੰਧਕਾਂ ਅਨੁਸਾਰ ਉਨ੍ਹਾਂ ਦੀਆਂ 3 ਮੰਗਾਂ ਹਨ। ਅਰਬਪਤੀਆਂ ਦਾ ਸੱਤਾ ਉਪਰ ਕਬਜ਼ਾ ਖਤਮ ਕਰਨਾ ਅਤੇ ਟਰੰਪ ਪ੍ਰਸ਼ਾਸਨ ਵਿਚ ਫੈਲਿਆ ਵਿਆਪਕ ਭ੍ਰਿਸ਼ਟਾਚਾਰ ਖਤਮ ਕਰਨਾ, ਡਾਕਟਰੀ, ਸਮਾਜਿਕ ਸੁਰੱਖਿਆ ਤੇ ਹੋਰ ਪ੍ਰੋਗਰਾਮਾਂ ਜਿਨ੍ਹਾਂ ਉਪਰ ਕਾਮੇ ਨਿਰਭਰ ਹਨ, ਲਈ ਫੰਡਾਂ ਵਿਚ ਕਟੌਤੀ ਨੂੰ ਰੋਕਣਾ ਤੇ ਪ੍ਰਵਾਸੀਆਂ, ਟਰਾਂਸ ਲੋਕਾਂ ਤੇ ਹੋਰ ਭਾਈਚਾਰਿਆਂ ਉਪਰ ਹਮਲਿਆਂ ਨੂੰ ਰੋਕਣਾ ਸ਼ਾਮਲ ਹਨ। ਵਾਸ਼ਿੰਗਟਨ ਡੀ.ਸੀ. ਵਿਚ ਹੋਏ ਪ੍ਰਦਰਸ਼ਨ ਮੌਕੇ ਡੈਮੋਕ੍ਰੈਟਿਕ ਪ੍ਰਤੀਨਿੱਧ ਜੈਮੀ ਰਸਕਿਨ ਮੈਰੀਲੈਂਡ ਸਮੇਤ ਬਹੁਤ ਸਾਰੇ ਪ੍ਰਤੀਨਿਧੀਆਂ ਨੇ ਸੰਬੋਧਨ ਕੀਤਾ, ਜਿਨ੍ਹਾਂ ਨੇ ਕਿਹਾ ਕਿ ਰਾਸ਼ਟਰਪਤੀ ਦੀ ਅਗਵਾਈ ਵਿਚ ਸਾਡਾ ਕੋਈ ਭਵਿੱਖ ਨਹੀਂ ਹੈ, ਜਿਸ ਦੀ ਰਾਜਨੀਤੀ ਮੁਸੋਲੀਨੀ ਵਰਗੀ ਹੈ ਤੇ ਆਰਥਿਕ ਨੀਤੀ ਹਰਬਰਟ ਹੂਵਰ ਵਾਲੀ ਹੈ। ਵਾਸ਼ਿੰਗਟਨ ਮੋਨੂਮੈਂਟ ਵਿਖੇ ਹਜ਼ਾਰਾਂ ਦੀ ਤਦਾਦ ਵਿਚ ਇਕੱਤਰ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਰਸਕਿਨ ਨੇ ਕਿਹਾ ਕਿ ਸਾਡੇ ਮੋਢੀਆਂ ਦੁਆਰਾ ਲਿਖਿਆ ਸੰਵਿਧਾਨ "ਅਸੀਂ ਤਾਨਾਸ਼ਾਹ ਹਾਂ" ਸ਼ਬਦਾਂ ਨਾਲ ਸ਼ੁਰੂ ਨਹੀਂ ਹੁੰਦਾ, ਬਲਕਿ "ਅਸੀਂ ਲੋਕ ਹਾਂ" ਨਾਲ ਸ਼ੁਰੂ ਹੁੰਦਾ ਹੈ। ਮਿਨੀਸੋਟਾ ਦੇ ਡੈਮੋਕ੍ਰੈਟਿਕ ਪ੍ਰਤੀਨਿੱਧ ਇਿਹਾਨ ਉਮਰ ਨੇ ਕਿਹਾ ਕਿ ਜੇਕਰ ਤੁਸੀਂ ਇਕ ਅਜਿਹਾ ਦੇਸ਼ ਚਾਹੁੰਦੇ ਹੋ, ਜੋ ਲੋੜੀਂਦੀ ਪ੍ਰਕ੍ਰਿਆ ਵਿਚ ਵਿਸ਼ਵਾਸ ਰੱਖਦਾ ਹੋਵੇ, ਤਾਂ ਸਾਨੂੰ ਇਸ ਵਾਸਤੇ ਲੜਨਾ ਪਵੇਗਾ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਅਜਿਹੇ ਦੇਸ਼ ਵਿਚ ਵਿਸ਼ਵਾਸ ਰੱਖਦੇ ਹੋ, ਜਿਥੇ ਸਾਡੇ ਗਵਾਂਢੀਆਂ ਦੀ ਦੇਖਰੇਖ ਹੋਵੇ, ਗਰੀਬਾਂ ਦੀ ਗੱਲ ਹੋਵੇ ਤੇ ਸਾਡੇ ਬੱਚਿਆਂ ਦਾ ਯਕੀਨਨ ਭਵਿੱਖ ਹੋਵੇ, ਤਾਂ ਇਸ ਵਾਸਤੇ ਸਾਨੂੰ ਜੱਦੋ-ਜਹਿਦ ਕਰਨੀ ਪਵੇਗੀ। ਫਲੋਰਿਡਾ ਦੇ ਸਾਂਸਦ ਮੈਕਸਵੈਲ ਫਰਾਸਟ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਵਿਖਾਵੇ ਕਰਕੇ ਆਪਣੀ ਆਵਾਜ਼ ਬੁਲੰਦ ਕਰਨ। ਉਨ੍ਹਾਂ ਕਿਹਾ ਕਿ ਮਨੁੱਖੀ ਇਤਿਹਾਸ ਗਵਾਹ ਹੈ ਕਿ ਤਾਨਾਸ਼ਾਹ ਆਪਣੀ ਤਾਕਤ ਤੋਂ ਕਦੀ ਵੀ ਸੰਤੁਸ਼ਟ ਨਹੀਂ ਹੋਏ, ਉਹ ਹੱਦਾਂ ਪਾਰ ਕਰਦੇ ਹਨ, ਕਾਨੂੰਨ ਤੋੜਦੇ ਹਨ ਅਤੇ ਬਾਅਦ ਵਿਚ ਲੋਕਾਂ ਵੱਲ ਵੇਖਦੇ ਹਨ ਕਿ ਉਹ ਚੁੱਪ ਹਨ ਜਾਂ ਰੌਲਾ ਪਾ ਰਹੇ ਹਨ।" ਇਸ ਲਈ ਆਓ ਇਕਜੁੱਟ ਹੋ ਕੇ ਆਜ਼ਾਦੀ ਲਈ ਜੱਦੋ-ਜਹਿਦ ਕਰੀਏ।




# ਸਾਊਦੀ ਅਰਬ ਵੱਲੋਂ ਭਾਰਤ ਸਮੇਤ 14 ਦੇਸ਼ਾਂ 'ਤੇ ਅਸਥਾਈ ਵੀਜ਼ਾ ਪਾਬੰਦੀ

**ਰਿਆਦ, (ਪੰਜਾਬ ਮੇਲ)**- ਸਾਊਦੀ ਅਰਬ ਨੇ ਹਾਲ ਹੀ ਵਿਚ 14 ਦੇਸ਼ਾਂ ਦੇ ਨਾਗਰਿਕਾਂ ਲਈ ਵੀਜ਼ਾ 'ਤੇ ਅਸਥਾਈ ਪਾਬੰਦੀ ਲਗਾ ਦਿੱਤੀ ਹੈ। ਸਾਊਦੀ ਸਰਕਾਰ ਦੀ ਇਹ ਪਾਬੰਦੀ ਕਾਰੋਬਾਰੀ ਅਤੇ ਪਰਿਵਾਰਕ ਵੀਜ਼ੇ ਤੋਂ ਇਲਾਵਾ ਉਮਰਾਹ ਵੀਜ਼ੇ 'ਤੇ ਵੀ ਲਾਗੂ ਹੋਵੇਗੀ। ਤੁਹਾਡੀ ਜਾਣਕਾਰੀ ਲਈ ਦੱਸ ਦਈਏ ਕਿ ਵੀਜ਼ਾ 'ਤੇ ਅਸਥਾਈ ਪਾਬੰਦੀ ਦਾ ਇਹ ਫ਼ੈਸਲਾ ਲੋਕਾਂ ਨੂੰ ਰਜਿਸਟ੍ਰੇਸ਼ਨ ਤੋਂ ਬਿਨਾਂ ਹੱਜ ਵਿਚ ਹਿੱਸਾ ਲੈਣ ਤੋਂ ਰੋਕਣ ਲਈ ਹੈ। ਇਹ ਪਾਬੰਦੀ ਜੂਨ ਦੇ ਅੱਧ ਤੱਕ ਯਾਨੀ ਇਸ ਸਾਲ ਦੇ ਹੱਜ ਦੇ ਪੂਰਾ ਹੋਣ ਤੱਕ ਜਾਰੀ ਰਹੇਗੀ। ਸਾਊਦੀ ਅਧਿਕਾਰੀਆਂ ਨੇ ਕਿਹਾ ਹੈ ਕਿ ਵਿਦੇਸ਼ੀ ਸਿਰਫ 13 ਅਪ੍ਰੈਲ ਤੱਕ ਉਮਰਾਹ ਵੀਜ਼ਾ ਲਈ ਆ ਸਕਦੇ ਹਨ। ਇਸ ਤੋਂ ਬਾਅਦ ਉਮਰਾਹ ਵੀਜ਼ਾ ਨਹੀਂ ਦਿੱਤਾ ਜਾਵੇਗਾ।

ਪਿਛਲੇ ਸਾਲ ਸਾਊਦੀ ਅਰਬ ਵਿਚ ਹੱਜ ਦੌਰਾਨ ਹਜ਼ਾਰਾਂ ਲੋਕਾਂ ਦੀ ਮੌਤ ਹੋ ਗਈ ਸੀ। ਮਰਨ ਵਾਲਿਆਂ ਵਿਚੋਂ ਜ਼ਿਆਦਾਤਰ ਅਣਅਧਿਕਾਰਤ ਹੱਜ ਯਾਤਰੀ ਸਨ। ਅਜਿਹੀ ਸਥਿਤੀ ਵਿਚ ਇਸ ਵੀਜ਼ਾ ਪਾਬੰਦੀ ਦਾ ਉਦੇਸ਼ ਲੋਕਾਂ ਨੂੰ ਰਜਿਸਟ੍ਰੇਸ਼ਨ ਤੋਂ ਬਿਨਾਂ ਹੱਜ ਕਰਨ ਤੋਂ ਰੋਕਣਾ ਹੈ। ਸਾਊਦੀ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੇ ਹੱਜ ਦੌਰਾਨ ਵਿਵਸਥਾ ਬਣਾਈ ਰੱਖਣ ਲਈ ਵੀਜ਼ਾ ਨਿਯਮਾਂ ਨੂੰ ਸਖ਼ਤ ਕਰਨ ਲਈ ਇਹ ਫ਼ੈਸਲਾ ਲਿਆ ਹੈ। ਸਾਊਦੀ ਅਰਬ ਨੇ ਜਿਹੜੇ 14 ਦੇਸ਼ਾਂ ਲਈ ਅਸਥਾਈ ਵੀਜ਼ਾ ਪਾਬੰਦੀ ਲਗਾਈ ਹੈ, ਉਨ੍ਹਾਂ ਦੇਸ਼ਾਂ ਵਿਚ ਪਾਕਿਸਤਾਨ, ਭਾਰਤ, ਬੰਗਲਾਦੇਸ਼, ਮਿਸਰ, ਇੰਡੋਨੇਸ਼ੀਆ, ਇਰਾਕ, ਨਾਈਜੀਰੀਆ, ਜਾਰਡਨ, ਅਲਜੀਰੀਆ, ਸੂਡਾਨ, ਇਥੋਪੀਆ, ਟਿਊਨੀਸ਼ੀਆ ਅਤੇ ਯਮਨ ਸ਼ਾਮਲ ਹਨ। ਸਾਊਦੀ ਅਰਬ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਇਹ ਅਸਥਾਈ ਵੀਜ਼ਾ ਪਾਬੰਦੀ ਯਾਤਰਾ ਨਿਯਮਾਂ ਨੂੰ ਸੌਖਾ ਬਣਾਉਣ ਵਿਚ ਮਦਦ ਕਰੇਗੀ। ਇਸ ਨਾਲ ਹੱਜ ਦੌਰਾਨ ਸੁਰੱਖਿਆ ਵਿਚ ਸੁਧਾਰ ਹੋਵੇਗਾ। ਅਧਿਕਾਰੀਆਂ ਨੇ ਲੋਕਾਂ ਨੂੰ ਨਵੇਂ ਨਿਯਮਾਂ ਦੀ ਪਾਲਣਾ ਕਰਨ ਲਈ ਕਿਹਾ ਹੈ, ਤਾਂ ਜੋ ਉਹ ਕਿਸੇ ਵੀ ਮੁਸੀਬਤ ਤੋਂ ਬਚ ਸਕਣ। ਜੇਕਰ ਕੋਈ ਪਾਬੰਦੀ ਦੇ ਬਾਵਜੂਦ ਸਾਊਦੀ ਅਰਬ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿੰਦਾ ਹੈ, ਤਾਂ ਉਸਨੂੰ ਪੰਜ ਸਾਲਾਂ ਲਈ ਸਾਊਦੀ ਅਰਬ ਵਿਚ ਦਾਖਲ ਹੋਣ ਤੋਂ ਰੋਕਿਆ ਜਾ ਸਕਦਾ ਹੈ। ਇੱਥੇ ਦੱਸ ਦਈਏ ਕਿ ਸਾਊਦੀ ਅਰਬ ਪਹਿਲਾਂ ਹੀ 16 ਭਾਸ਼ਾਵਾਂ ਵਿਚ ਹੱਜ ਅਤੇ ਉਮਰਾਹ ਲਈ ਇੱਕ ਡਿਜੀਟਲ ਗਾਈਡ ਜਾਰੀ ਕਰ ਚੁੱਕਾ ਹੈ।

# ਅਮਰੀਕੀ ਅਦਾਲਤ ਵੱਲੋਂ ਬੱਚਿਆਂ ਦੇ ਜਿਨਸੀ ਸ਼ੋਸ਼ਣ ਮਾਮਲੇ 'ਚ ਭਾਰਤੀ ਨੂੰ 35 ਸਾਲ ਦੀ ਸਜ਼ਾ

**ਨਿਊਯਾਰਕ, (ਪੰਜਾਬ ਮੇਲ)**- ਅਮਰੀਕਾ ਦੀ ਸੰਘੀ ਅਦਾਲਤ ਨੇ 31 ਵਰ੍ਹਿਆਂ ਦੇ ਭਾਰਤੀ ਨਾਗਰਿਕ ਸਾਈ ਕੁਮਾਰ ਕੁਰੇਮੂਲਾ (31) ਨੂੰ ਕਈ ਬੱਚਿਆਂ ਦੇ ਜਿਨਸੀ ਸ਼ੋਸ਼ਣ ਦਾ ਦੋਸ਼ੀ ਠਹਿਰਾਉਂਦਿਆਂ ਉਸ ਨੂੰ 35 ਸਾਲ ਦੀ ਸਜ਼ਾ ਸੁਣਾਈ ਹੈ। ਭਾਰਤੀ ਨਾਗਰਿਕ 'ਤੇ ਦੋਸ਼ ਹੈ ਕਿ ਉਹ ਸੋਸ਼ਲ ਮੀਡੀਆ ਐਪ 'ਤੇ ਆਪਣੀ ਪਛਾਣ ਕਿਸ਼ੋਰ ਵਜੋਂ ਦਿਖਾ ਕੇ ਘੱਟ ਉਮਰ ਦੇ ਲੜਕੇ ਤੇ ਲੜਕੀਆਂ ਨਾਲ ਦੋਸਤੀ ਕਰਦਾ ਸੀ ਅਤੇ ਉਨ੍ਹਾਂ ਦਾ ਭਰੋਸਾ ਜਿੱਤ ਲੈਂਦਾ ਸੀ। ਇਸ ਮਗਰੋਂ ਉਹ ਬੱਚਿਆਂ ਦੀਆਂ ਅਸ਼ਲੀਲ ਤਸਵੀਰਾਂ ਆਦਿ ਦੇਣ ਨੂੰ ਆਖਦਾ ਸੀ ਅਤੇ ਜਦੋਂ ਉਹ ਉਸ ਦੀ ਗੱਲ ਨਹੀਂ ਮੰਨਦੇ ਸਨ, ਤਾਂ ਉਹ ਉਨ੍ਹਾਂ ਨੂੰ ਧਮਕੀ ਦਿੰਦਾ ਸੀ। ਅਮਰੀਕੀ ਅਟਾਰਨੀ ਰੌਬਰਟ ਟ੍ਰੋਇਸਟਰ ਨੇ ਬਿਆਨ 'ਚ ਕਿਹਾ ਕਿ ਸਾਈ ਨੂੰ ਤਿੰਨ ਬੱਚਿਆਂ ਦੇ ਜਿਨਸੀ ਸ਼ੋਸ਼ਣ ਅਤੇ ਬਾਲ ਅਸ਼ਲੀਲਤਾ ਨਾਲ ਜੁੜੀ ਸਮੱਗਰੀ ਰੱਖਣ ਦੇ ਦੋਸ਼ ਹੇਠ 420 ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਉਹ ਇਮੀਗਰੈਂਟ ਵੀਜ਼ੇ 'ਤੇ ਓਕਲਾਹੋਮਾ ਦੇ ਐਡਮੰਡ 'ਚ ਰਹਿੰਦਾ ਸੀ। ਮਾਮਲੇ ਦੀ ਸੁਣਵਾਈ ਦੌਰਾਨ ਸਾਈ ਨੇ ਆਪਣੇ ਦੋਸ਼ ਕਬੂਲੇ ਸਨ।






# ‘ਕਾਂਗਰਸ ਪਾਰਟੀ’ ਵੀ ‘ਅਕਾਲੀ ਦਲ ਬਾਦਲ’ ਦੇ ਰਾਹ ’ਤੇ

## ਜੇ ਕੇਂਦਰੀ ਲੀਡਰਸ਼ਿਪ ਨੇ ਸਿਆਣਪ ਤੋਂ ਕੰਮ ਨਾ ਲਿਆ, ਤਾਂ ਕਾਂਗਰਸ ਪਾਰਟੀ ਨੂੰ ਵੀ ਰਸਾਤਲ ਵਿਚ ਜਾਣ ਤੋਂ ਕੋਈ ਰੋਕ ਨਹੀਂ ਸਕਦਾ!


ਜੰਗ ਸਿੰਘ ਮਰਸ਼ਡ
(ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲUSA






> ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ, ਵਲਭ ਭਾਈ ਪਟੇਲ ਆਦਿ ਕਾਂਗਰਸੀ ਆਗੂਆਂ ਨੇ ਤੇ ਸਿੱਖਾਂ ਦੇ ਆਗੂਆਂ ਮਾਸਟਰ ਤਾਰਾ ਸਿੰਘ ਆਦਿ ਨਾਲ ਇਕ ਵਾਅਦਾ ਕੀਤਾ ਸੀ ਕਿ ਆਜ਼ਾਦ ਭਾਰਤ ਵਿਚ “ਸਿੱਖਾਂ ਨੂੰ ਆਪਣਾ ਵੱਖਰਾ ਖਿੱਤਾ ਦਿੱਤਾ ਜਾਵੇਗਾ, ਜਿਥੇ ਉਹ ਆਜ਼ਾਦੀ ਨਾਲ ਰਹਿ ਸਕਣਗੇ”। ਪਰ ਆਜ਼ਾਦੀ ਤੋਂ ਤੁਰੰਤ ਬਾਅਦ ਕਾਂਗਰਸੀ ਆਗੂ ਇਸ ਵਾਅਦੇ ਤੋਂ ਇਹ ਕਹਿ ਕੇ ਝੱਟ ਮੁੱਕਰ ਗਏ ਕਿ ਹੁਣ ਤਾਂ ਸਮਾਂ ਲੰਘ ਗਿਆ ਹੈ, ਭਾਵ ਪੰਜਾਬੀਆਂ ਤੇ ਸਿੱਖ ਕੌਮ ਨਾਲ ਸਭ ਤੋਂ ਵੱਡੀ ਗਦਾਰੀ ਕਾਂਗਰਸ ਪਾਰਟੀ ਨੇ ਕੀਤੀ।

ਦੇਸ਼ ਦੀ ਆਜ਼ਾਦੀ ਦਿਵਾਉਣ ਵਿਚ ਇੱਕਲਿਆਂ ਕਾਂਗਰਸ ਪਾਰਟੀ ਦਾ ਹੀ ਯੋਗਦਾਨ ਨਹੀਂ ਸੀ, ਹਾਂ ਇਹ ਠੀਕ ਹੈ ਕਿ ਅੰਗਰੇਜ਼ ਜਿਹੜੀ ਕਿ ਬੜੀ ਸ਼ਾਤਰ ਕੌਮ ਸੀ, ਉਸ ਨੇ ਜਾਣ ਲੱਗਿਆਂ ਦੇਸ਼ ਦੀ ਵਾਂਗਡੋਰ ਕਾਂਗਰਸ ਦੇ ਹੱਥ ਜ਼ਰੂਰ ਫੜਾਈ ਸੀ ਪਰ ਜੇਕਰ ਨਿਰਪੱਖਤਾ ਨਾਲ ਦੇਸ਼ ਦੀ ਆਜ਼ਾਦੀ ਦੀ ਲਹਿਰ ਨੂੰ ਵਾਚੀਏ, ਤਾਂ ਸਪੱਸ਼ਟ ਪਤਾ ਲੱਗਦਾ ਹੈ ਕਿ ਦੇਸ਼ ਨੂੰ ਆਜ਼ਾਦੀ ਦਿਵਾਉਣ ਵਿਚ ਕਾਂਗਰਸ ਪਾਰਟੀ ਦਾ ਯੋਗਦਾਨ ਰਿਹਾ ਹੈ, ਉਥੇ ਆਜ਼ਾਦੀ ਦਿਵਾਉਣ ਵਿਚ ਵੱਡੀ ਭੂਮਿਕਾ ਕੂਕਾ ਲਹਿਰ, ਗੱਦਰੀ ਬਾਬਿਆਂ, ਬੱਬਰ ਅਕਾਲੀਆਂ ਵਿਸ਼ੇਸ਼ ਕਰਕੇ ਸ਼ਹੀਦੇ ਆਜਮ ਸ. ਭਗਤ ਸਿੰਘ, ਰਾਜ ਗੁਰੂ, ਸੁਖਦੇਵ, ਸ਼ਹੀਦ ਊਧਮ ਸਿੰਘ, ਮਦਨ ਲਾਲ ਢੀਂਗਰਾ, ਰਾਮ ਬਿਸਮਿਲ, ਬਾਬਾ ਸੋਹਨ ਸਿੰਘ ਭਕਨਾ, ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ, ਸ. ਤੇਜਾ ਸਿੰਘ ਸੁਤੰਤਰ ਆਦਿ ਅਨੇਕਾਂ ਹਿੰਦੂ, ਮੁਸਲਿਮ ਤੇ ਸਿੱਖਾਂ ਦਾ ਯੋਗਦਾਨ ਸੀ। ਜਿਨ੍ਹਾਂ ਵਿਚੋਂ ਬਹੁਤ ਸਾਰੇ ਅਮਰੀਕਾ, ਕੈਨੇਡਾ ਆਦਿ ਦੇਸ਼ਾਂ ਵਿਚ ਬੜੀ ਸ਼ਾਨਦਾਰ, ਸੁੱਖ-ਅਰਾਮ ਦੀ ਜ਼ਿੰਦਗੀ ਬਤੀਤ ਕਰ ਰਹੇ ਸਨ, ਉਨ੍ਹਾਂ ਸਭਨਾਂ ਨੂੰ ਲੱਤ ਮਾਰ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਸੱਤ ਸਮੁੰਦਰੋਂ ਪਾਰੋਂ ਚੱਲ ਕੇ ਭਾਰਤ ਵਿਚ ਆਪਣੀਆਂ ਕੁਰਬਾਨੀਆਂ ਦੇਣ ਲਈ ਆਏ ਸਨ। ਉਸ ਦੇ ਨਾਲ ਹੀ ਚੱਲੀ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਸ਼ਾਂਤਮਈ ਅੰਦੋਲਨ ਵਿਚ ਪੰਡਤ ਜਵਾਹਰ ਲਾਲ, ਵਲਭ ਭਾਈ ਪਟੇਲ ਤੋਂ ਇਲਾਵਾ ਸਿੱਖਾਂ ਦੇ ਆਗੂਆਂ ਵਿਚ ਬਾਬਾ ਖੜਗ ਸਿੰਘ, ਮਾਸਟਰ ਤਾਰਾ ਸਿੰਘ, ਸ. ਬਲਦੇਵ ਸਿੰਘ, ਸ. ਹੁਕਮ ਸਿੰਘ, ਸ. ਸਵਰਨ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਗਿਆਨੀ ਕਰਤਾਰ ਸਿੰਘ ਆਦਿ ਅਨੇਕਾਂ ਆਗੂਆਂ ਦੀ ਲੰਮੀ ਕਤਾਰ ਹੈ, ਜਿਨ੍ਹਾਂ ਨੇ ਸ਼ਾਂਤਮਈ ਢੰਗ ਨਾਲ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਵੱਡੀ ਭੂਮਿਕਾ ਨਿਭਾਈ। ਬਹੁਤ ਸਾਰੇ ਭਾਰਤੀਆਂ ਦਾ ਮੰਨਣਾ ਹੈ ਕਿ ਅੰਗਰੇਜ਼ ਸ਼ਾਂਤਮਈ ਤਰੀਕੇ ਨਾਲ ਦੇਸ਼ ਵਿਚੋਂ ਨਿਕਲਣ ਵਾਲੇ ਨਹੀਂ ਸਨ, ਜੇ ਸ਼ਹੀਦੇ ਆਜਮ ਸ. ਭਗਤ ਸਿੰਘ, ਉਸ ਦੇ ਸਾਥੀ ਅੰਗਰੇਜ਼ਾਂ ਨੂੰ ਕੰਬਣੀ ਨਾ ਲਗਾ ਦੇਂਦੇ। ਇਹ ਗੱਲ ਵੀ ਸਹੀ ਹੈ ਕਿ ਦੇਸ਼ ਦੀ ਇਸ ਵੇਲੇ ਵਾਂਗਡੋਰ ਜਿਹੜੀ ਹੁਕਮਰਾਨ ਧਿਰ ਕੋਲ ਹੈ, ਕਹਿਣ ਦਾ ਭਾਵ ਆਰ.ਐੱਸ.ਐੱਸ. ਹੈ। ਇਹ ਤਾਂ ਅੰਗਰੇਜ਼ਾਂ ਦੀ ਭਗਤੀ ਹੀ ਕਰਦੇ ਰਹੇ ਸਨ, ਇਨ੍ਹਾਂ ਦਾ ਇਕੋ ਇਕ ਸੂਰਬੀਰ ‘ਵੀਰ ਸਾਵਰਕਰ’ ਦੱਸਿਆ ਜਾਂਦਾ, ਜਿਸ ਨੂੰ ਹੁਕਮਰਾਨ ਪਾਰਟੀ ਨੇ ਸਭ ਤੋਂ ਉੱਚੇ ਸਨਮਾਨ ਨਾਲ ਨਿਵਾਜਿਆ ਹੋਇਆ ਹੈ। ਜਦੋਂ ਕਿ ਇਸ ‘ਵੀਰ ਸਾਵਰਕਰ’ ਦਾ ਇਤਿਹਾਸ ਇਹ ਹੈ ਕਿ ਵੀਰ ਸਾਵਰਕਰ ਨੇ ਸ. ਭਗਤ ਸਿੰਘ ਨਾਲ ਗ੍ਰਿਫਤਾਰੀ ਜ਼ਰੂਰ ਦਿੱਤੀ ਸੀ ਪਰ ਇਕ ਮਹੀਨਾ ਵੀ ਜੇਲ੍ਹ ਵਿਚ ਨਹੀਂ ਸੀ ਕੱਟ ਸਕਿਆ। ਇਸ ਨੇ ਚਾਰ ਵਾਰ ਅੰਗਰੇਜ਼ਾਂ ਕੋਲੋਂ ਅਰਜੋਈਆਂ ਕੀਤੀਆਂ ਸਨ ਕਿ ਉਨ੍ਹਾਂ ਦੀ ਪਾਰਟੀ ਤਾਂ ਅੰਗਰੇਜ਼ਾਂ ਦੀ ਟੋਡੀ ਹੈ ਤੇ ਉਸ ਦਾ ਦੇਸ਼ ਦੀ ਆਜ਼ਾਦੀ ਦੀ ਲਹਿਰ ਨਾਲ ਨੇੜਲਾ ਸਬੰਧ ਵੀ ਨਹੀਂ ਹੈ, ਇਸ ਲਈ ਉਸ ਨੂੰ ਮੁਆਫ ਕਰ ਦਿੱਤਾ ਜਾਵੇ, ਤਾਂ ਕਿਧਰੇ ਮੁਆਫੀਆਂ ਮੰਗ ਕੇ ਰਿਹਾਅ ਹੋ ਕੇ ਜੇਲ੍ਹੋਂ ਬਾਹਰ ਆਇਆ ਸੀ। ਅੰਗਰੇਜ਼ਾਂ ਨੇ ਬੜੀ ਚਲਾਕੀ ਵਰਤਦਿਆਂ ਜਾਣ ਸਮੇਂ ਆਜ਼ਾਦ ਭਾਰਤ ਦੀ ਵਾਂਗਡੋਰ ਮਹਾਤਮਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਆਦਿ ਕਾਂਗਰਸੀ ਆਗੂਆਂ ਦੇ ਹੱਥ ਫੜਾ ਕੇ ਚਲੇ ਗਏ। ਸਭ ਨੂੰ ਪਤਾ ਹੈ ਕਿ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਸਭ ਤੋਂ ਵੱਧ 80% ਤੋਂ ਵਧੇਰੇ ਕੁਰਬਾਨੀਆਂ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਸਿੱਖਾਂ ਨੇ ਦਿੱਤੀਆਂ ਹਨ। ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ, ਵਲਭ ਭਾਈ ਪਟੇਲ ਆਦਿ ਕਾਂਗਰਸੀ ਆਗੂਆਂ ਨੇ ਤੇ ਸਿੱਖਾਂ ਦੇ ਆਗੂਆਂ ਮਾਸਟਰ ਤਾਰਾ ਸਿੰਘ ਆਦਿ ਨਾਲ ਇਕ ਵਾਅਦਾ ਕੀਤਾ ਸੀ ਕਿ ਆਜ਼ਾਦ ਭਾਰਤ ਵਿਚ “ਸਿੱਖਾਂ ਨੂੰ ਆਪਣਾ ਵੱਖਰਾ ਖਿੱਤਾ ਦਿੱਤਾ ਜਾਵੇਗਾ, ਜਿਥੇ ਉਹ ਆਜ਼ਾਦੀ ਨਾਲ ਰਹਿ ਸਕਣਗੇ”। ਪਰ ਆਜ਼ਾਦੀ ਤੋਂ ਤੁਰੰਤ ਬਾਅਦ ਕਾਂਗਰਸੀ ਆਗੂ ਇਸ ਵਾਅਦੇ ਤੋਂ ਇਹ ਕਹਿ ਕੇ ਝੱਟ ਮੁੱਕਰ ਗਏ ਕਿ ਹੁਣ ਤਾਂ ਸਮਾਂ ਲੰਘ ਗਿਆ ਹੈ, ਭਾਵ ਪੰਜਾਬੀਆਂ ਤੇ ਸਿੱਖ ਕੌਮ ਨਾਲ ਸਭ ਤੋਂ ਵੱਡੀ ਗਦਾਰੀ ਕਾਂਗਰਸ ਪਾਰਟੀ ਨੇ ਕੀਤੀ। ਇਸ ਦੇ ਪ੍ਰਧਾਨ ਮੰਤਰੀ ਨੇ ਤਾਂ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ’ਤੇ ਟੈਂਕਾਂ ਤੇ ਤੋਪਾਂ ਨਾਲ ਹਮਲਾ ਕਰਕੇ ਉਸ ਨੂੰ ਢਹਿ-ਢੇਰੀ ਕਰਾ ਦਿੱਤਾ ਸੀ, ਜਿਸ ਦਾ ਲੰਮਾ ਸਮਾਂ ਸੰਤਾਪ ਪੰਜਾਬੀਆਂ ਤੇ ਸਿੱਖ ਕੌਮ ਨੂੰ ਅੱਤਵਾਦ ਦੇ ਦੌਰ ਵਿਚੋਂ ਲੰਘ ਕੇ ਭੁੱਗਤਣਾ ਪਿਆ। ਇਸ ਸਮੇਂ ਦੌਰਾਨ ਪੁਲਿਸ ਨੇ ਸਿੱਖ ਨੌਜੁਆਨਾਂ ਬੱਚੇ ਬੱਚੀਆਂ ਦਾ ਇੰਨੀ ਵੱਡੀ ਪੱਧਰ ’ਤੇ ਝੂਠੇ ਮੁਕਾਬਲੇ ਕਰਾ ਕੇ ਘਾਣ ਕੀਤਾ ਸੀ ਕਿ ਪੰਜਾਬ ਦੇ ਸਰਹੱਦੀ ਪਿੰਡਾਂ ਦੇ ਜ਼ਿਲ੍ਹਿਆਂ ਵਿਚ ਲਗਭਗ ਦੋ ਦਹਾਕਿਆਂ ਤੱਕ ਬਰਾਤਾਂ ਤੱਕ ਨਹੀਂ ਸਨ ਚੱੜ੍ਹ ਸਕੀਆਂ। ਦੇਸ਼ ਦੀ ਆਜ਼ਾਦੀ ਤੋਂ ਹੁਣ ਤੱਕ ਦੇ ਸਾਢੇ ਸੱਤ ਦਹਾਕਿਆਂ ਦੇ ਇਤਿਹਾਸ ’ਤੇ ‘ਨਹਿਰੂ ਟੱਬਰ’ ਪਿਛਲੇ ਤਿੰਨ ਦਹਾਕਿਆਂ ਨੂੰ ਛੱਡ ਕੇ ਦੇਸ਼ ’ਤੇ ਸਿੱਧੇ ਤੇ ਅਸਿੱਧੇ ਤੌਰ ’ਤੇ ਰਾਜ ਕਰਦਾ ਰਿਹਾ ਹੈ। ਇਸ ਟੱਬਰ ਨੇ ਆਪਣੇ ਤੋਂ ਬਿਨਾਂ ਕਿਸੇ ਵੀ ਹੋਰ ਕਾਂਗਰਸ ਪਾਰਟੀ ਦੇ ਆਗੂ ਨੂੰ ਸੁਤੰਤਰ ਤੌਰ ’ਤੇ ਰਾਜ ਨਹੀਂ ਕਰਨ ਦਿੱਤਾ। ਸੰਸਾਰ ਦੇ ਪੜ੍ਹੇ-ਲਿਖੇ ਤੇ ਸਭ ਤੋਂ ਸਿਆਣੇ ਅਤੇ ਸੰਸਾਰ ਵਿਚ ਆਪਣੀ ਧਾਂਕ ਜਮਾਉਣ ਵਾਲੇ ਆਰਥਕ ਕਾਰ, ਈਮਾਨਦਾਰ ਨੀਤੀ ਘਾੜੇ ਡਾ. ਮਨਮੋਹਨ ਸਿੰਘ ਨੂੰ ਵੀ ਇਸ ਟੱਬਰ ਨੇ ਆਜ਼ਾਦਾਨਾ ਤੌਰ ’ਤੇ ਕੰਮ ਨਹੀਂ ਕਰਨ ਦਿੱਤਾ। ਜੇਕਰ ਕਰਨ ਦਿੱਤਾ ਹੁੰਦਾ, ਤਾਂ ਸ਼ਾਇਦ ਅੱਜ ਦੇਸ਼ ਦੀ ਨੁਹਾਰ ਵੱਖਰੀ ਹੀ ਹੁੰਦੀ ਤੇ ਭਾਰਤ ਵਿਚ ਮੌਜੂਦਾ ਸਿਆਸੀ ਪਾਰਟੀ ਦੇ ਹਾਕਮ ਦੇਸ਼ ’ਤੇ ਰਾਜ ਨਾ ਕਰ ਰਹੇ ਹੁੰਦੇ। ਕਾਂਗਰਸ ਪਾਰਟੀ ਦੀ ਹਾਲਤ ਕਿਸੇ ਕੋਲੋਂ ਲੁੱਕੀ ਨਹੀਂ ਹੋਈ ‘ਪੰਜਾਬ’ ਵੇਖ ਲਉ, ‘ਹਰਿਆਣਾ’ ਵੇਖ ਲਉ, ਇਸ ਪਾਰਟੀ ਦੇ ਆਗੂ ਆਪਸ ਵਿਚ ਲੜ੍ਹ ਕੇ ਕੁੱਕੜ ਖੇਹ ਉਡਾ ਰਹੇ ਹਨ। ਹਰਿਆਣਾ ਵਿਚ ਬੀਤੇ ਸਮੇਂ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਇਸ ਪਾਰਟੀ ਨੂੰ ਕੋਈ ਹਰਾ ਨਹੀਂ ਸੀ ਸਕਦਾ ਪਰ ਮੁੱਖ ਮੰਤਰੀ ‘ਮੈਂ ਬਣਾ’ ‘ਮੈਂ ਬਣਾਂ’ ਦੀ ਆੜ੍ਹ ਵਿਚ ਕਾਂਗਰਸ ਦੇ ਹੱਥ ਵਿਚ ਆਉਂਦੀ ਸਰਕਾਰ ਭਾਜਪਾ ਦੇ ਹੱਥ ਵਿਚ ਚਲੀ ਗਈ। ਹਾਲੇ ਵੀ ਇਸ ਪਾਰਟੀ ਦੇ ਆਗੂ ਰੱਲ ਕੇ ਚੱਲਣ ਦੀ ਥਾਂ ਤੇ ਅੱਡ-ਅੱਡ ਰਹਿ ਕੇ ਆਪਣਾ ਜਲੂਸ ਕਢਾ ਰਹੇ ਹਨ, ਜਿਸ ਦੀ ਮਿਸਾਲ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਵੀ ਵੇਖਣ ਨੂੰ ਮਿਲ ਰਹੀ ਹੈ। ਭਾਜਪਾ ਨੇ ਜਦੋਂ ਦੀ ਦੇਸ਼ ਵਿਚ ਗੱਦੀ ਸੰਭਾਲੀ ਹੈ, ਇਸ ਦੇ ਆਗੂ ਲਗਾਤਾਰ ਪ੍ਰਚਾਰ ਕਰਦੇ ਆ ਰਹੇ ਹਨ ਕਿ ਮਹਾਤਮਾ ਗਾਂਧੀ ਨੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਕਿਹਾ ਸੀ ਕਿ ਹੁਣ ਕਾਂਗਰਸ ਪਾਰਟੀ ਦੀ ਜ਼ਰੂਰਤ ਨਹੀਂ ਹੈ, ਇਸ ਪਾਰਟੀ ਨੂੰ ਤੋੜ ਦੇਣਾ ਚਾਹੀਦਾ ਹੈ, ਇਹ ਨਹੀਂ ਪਤਾ ਕਿ ਉਨ੍ਹਾਂ ਨੇ ਕਿਹਾ ਸੀ ਕਿ ਨਹੀਂ ਪਰ ਭਾਜਪਾ ਵਾਲੇ ਜ਼ਰੂਰ ਕਾਂਗਰਸ ਨੂੰ ਖਤਮ ਕਰਨ ਵੱਲ ਲਗੇ ਹੋਏ ਹਨ। ਦੇਸ਼ ਦੇ ਲੋਕਾਂ ਵਿਚ ਇਹ ਵੀ ਚਰਚਾ ਹੈ ਕਿ ਆਰ.ਐੱਸ.ਐੱਸ. ਨੇ ਆਪਣੇ ਬੰਦੇ ਲੁੱਕਵੇਂ ਢੰਗ ਨਾਲ ਕਾਂਗਰਸ ਵਿਚ ਪੂਰੀ ਤਰਾਂ ਘੁਸੇੜ ਦਿੱਤੇ ਹਨ, ਜਿਹੜੇ ਕਿਸੇ ਵੀ ਹਾਲਤ ਵਿਚ ਕਾਂਗਰਸ ਨੂੰ ਇਕੱਠਿਆਂ ਨਹੀਂ ਹੋਣ ਦੇਣਗੇ। ‘ਨਹਿਰੂ ਟੱਬਰ’ ਨੂੰ ਬਾਦਲਾਂ ਤੋਂ ਸਬਕ ਸਿੱਖਣਾ ਚਾਹੀਦਾ ਹੈ। ਉਸ ਨੂੰ ਚਾਹੀਦਾ ਹੈ ਕਿ ਕਾਂਗਰਸ ਦੀ ਹੋਂਦ ਨੂੰ ਬਚਾਉਣ ਲਈ ਉਹ ਸਤਿਕਾਰਤ ਢੰਗ ਨਾਲ ਕਾਂਗਰਸ ਦੀ ਵਾਂਗਡੋਰ ਸੁਹਿਰਦ ਪਾਰਟੀ ਦੇ ਆਗੂਆਂ ਹੱਥ ਫੜਾ ਦੇਣ। ਜਿਸ ਵਿਚ ਉਨ੍ਹਾਂ ਦਾ ਆਪਣਾ ਵੀ ਭਲਾ ਹੈ ਤੇ ਕਾਂਗਰਸ ਪਾਰਟੀ ਦਾ ਵੀ। ਅੱਜ ਜਿਵੇਂ ਬਾਦਲਾਂ ਦੀ ਪਾਰਟੀ ਦਾ ਪੰਜਾਬ ਵਿਚੋਂ ਸਫਾਇਆ ਹੋ ਗਿਆ ਹੈ। ਜੇਕਰ ਕਾਂਗਰਸ ਦੀ ਲੀਡਰਸ਼ਿਪ ‘ਨਹਿਰੂ ਟੱਬਰ’ ਦੇ ਚੁੰਗਲ ਵਿਚੋਂ ਨਾ ਨਿਕਲੀ, ਤਾਂ ਉਹ ਦਿਨ ਦੂਰ ਨਹੀਂ, ਜਦੋਂ ਕਾਂਗਰਸ ਪਾਰਟੀ ਦੀ ਪਾਟੋ ਧਾੜ੍ਹ ਦੇ ਹੋਰ ਦ੍ਰਿਸ਼ ਵੀ ਵੱਡੇ ਪੱਧਰ ’ਤੇ ਦਿੱਸਣੇ ਆਰੰਭ ਹੋ ਜਾਣਗੇ। ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਆਰ.ਐੱਸ.ਐੱਸ. ਬੜੀ ਗਹਿਰੀ ਚਾਲ ਨਾਲ ਕਾਂਗਰਸ ਪਾਰਟੀ ਨੂੰ ਸਦਾ ਲਈ ਦੇਸ਼ ਵਿਚੋਂ ਕੱਢਣ ਵਿਚ ਲੱਗੀ ਹੋਈ ਹੈ। ਇਹ ਹੁਣ ਕਾਂਗਰਸ ਪਾਰਟੀ ਦੇ ਕੇਂਦਰੀ ਆਗੂਆਂ ਨੇ ਦੇਖਣਾ ਹੈ ਕਿ ਉਨ੍ਹਾਂ ਨੇ ਕਾਂਗਰਸ ਪਾਰਟੀ ਨੂੰ ਬਚਾਉਣਾ ਹੈ ਜਾਂ ਕਿ ਫਿਰ ਦੇਸ਼ ਦੀ ਵਾਂਗਡੋਰ ਪੱਕੇ ਤੌਰ ’ਤੇ ‘ਭਾਜਪਾ’ ਦੇ ਹੱਥ ਵਿਚ ਫੜਾਈ ਰੱਖਣੀ ਹੈ!!



# ਅਜੋਕੇ ਸਮੇਂ 'ਸਰਬੱਤ ਖਾਲਸਾ' ਦੀ ਲੋੜ ਕਿਉਂ?

-ਮਹਿੰਦਰ ਸਿੰਘ ਚਚਰਾੜੀ
+91-98148-90308
ਪੰਜਾਬ ਮੇਲ USA



ਹੁਣ ਜਦੋਂਕਿ ਸਿੱਖਾਂ ਤੇ ਸਿੱਖੀ ਨੂੰ ਖਤਮ ਕਰਨ ਲਈ ਸਾਰੇ ਪਾਸਿਓਂ ਘੇਰਾਬੰਦੀ ਕਰ ਲਈ ਗਈ ਹੈ, ਤਾਂ ਸਿੱਖਾਂ ਸਾਹਮਣੇ 'ਸਰਬੱਤ ਖਾਲਸਾ' ਸੰਸਥਾ ਦੀ ਪੁਨਰ ਸੁਰਜੀਤੀ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਬਚਦਾ। 'ਸਰਬੱਤ ਖਾਲਸਾ' ਸੰਸਥਾ ਦੀ ਪੁਨਰ ਸੁਰਜੀਤੀ ਵੀ ਅਠਾਰ੍ਹਵੀਂ ਸਦੀ ਦੇ ਇਤਿਹਾਸ ਤੋਂ ਸੇਧ ਲੈ ਕੇ ਹੋਣੀ ਚਾਹੀਦੀ ਹੈ। ਜਦੋਂਕਿ ਸੁਲਤਾਨ-ਉਲ ਕੌਮ ਸ. ਜੱਸਾ ਸਿੰਘ ਜੀ ਆਹਲੂਵਾਲੀਆ ਦੀ ਅਗਵਾਈ ਹੇਠ ਵੱਖ-ਵੱਖ ਸਿੱਖ ਮਿਸਲਾਂ ਦੀ ਇਕ ਸਾਂਝੀ 'ਕਨਫੈਡਰੇਸ਼ਨ' ਬਣੀ ਹੋਈ ਸੀ। ਨਾਲ-ਨਾਲ ਸਿੱਖ ਮਿਸਲਾਂ ਆਪੋ-ਆਪਣਾ ਵੱਖਰਾ ਰਾਜ ਪ੍ਰਬੰਧ ਵੀ ਚਲਾਉਂਦੀਆਂ ਸਨ ਪਰ ਸੇਧ ਉਹ 'ਸਾਂਝੀ ਕਨਫੈਡਰੇਸ਼ਨ' ਵਲੋਂ ਕੀਤੇ ਗੁਰਮਤਿਆਂ ਤੋਂ ਹੀ ਲੈਂਦੀਆਂ ਸਨ।

ਭਾਵੇਂ ਅਜੋਕੇ ਸਮੇਂ 'ਸਰਬੱਤ ਖਾਲਸਾ' ਸੰਸਥਾ ਦਾ ਅਠਾਰ੍ਹਵੀਂ ਸਦੀ ਵਾਲਾ ਸਰੂਪ ਹੂ-ਬ-ਹੂ ਸਥਾਪਤ ਹੋਣਾ ਤਾਂ ਮੁਸ਼ਕਲ ਹੈ ਪਰ ਉਸ ਤੋਂ ਸੇਧ ਲੈ ਕੇ 'ਗੁਰਮਤੇ' ਤੇ 'ਪੰਚ ਪ੍ਰਧਾਨੀ' ਵਰਗੇ ਸੰਕਲਪ ਤਾਂ ਅਪਣਾਏ ਜਾ ਹੀ ਸਕਦੇ ਹਨ। ਅਠਾਰ੍ਹਵੀਂ ਸਦੀ 'ਚ ਸਾਰੇ ਸਿੱਖ ਪੰਜਾਬ ਵਿਚ ਹੀ ਰਹਿੰਦੇ ਸਨ, ਜਦਕਿ ਅਜੋਕੇ ਸਮੇਂ ਸਿੱਖਾਂ ਦਾ ਵਿਸਤਾਰ ਕਈ ਹੋਰਨਾਂ ਦੇਸ਼ਾਂ ਵਿਚ ਵੀ ਹੋ ਚੁੱਕਿਆ ਹੈ। ਅਜੋਕੇ ਸਮੇਂ ਜੇਕਰ ਸਿੱਖੀ ਸਰੂਪ ਵਾਲੇ ਸਿੱਖਾਂ ਦੀ ਕੁੱਲ ਗਿਣਤੀ ਕੀਤੀ ਜਾਵੇ, ਤਾਂ ਇਹ ਡੇਢ ਕਰੋੜ ਦੇ ਕਰੀਬ ਮੰਨੀ ਜਾਂਦੀ ਹੈ, ਜਿਸ ਵਿਚੋਂ ਵਧੇਰੇ ਅਜੇ ਵੀ ਪੰਜਾਬ ਵਿਚ ਹਨ (ਲਗਭਗ ਇਕ ਕਰੋੜ), ਜਦਕਿ 10 ਕੁ ਲੱਖ ਹਰਿਆਣਾ, 10 ਕੁ ਲੱਖ ਦਿੱਲੀ, 5 ਕੁ ਲੱਖ ਰਾਜਸਥਾਨ, 5 ਕੁ ਲੱਖ ਯੂ.ਪੀ., 2-3 ਲੱਖ ਕਸ਼ਮੀਰ ਵਿਚ ਗਿਣੇ ਜਾ ਸਕਦੇ ਹਨ।

15-20 ਕੁ ਲੱਖ ਸਿੱਖ ਇੰਗਲੈਂਡ, ਅਮਰੀਕਾ, ਕੈਨੇਡਾ ਤੇ ਹੋਰਨਾਂ ਯੂਰਪੀ ਮੁਲਕਾਂ ਵਿਚ ਵੀ ਰਹਿੰਦੇ ਮੰਨੇ ਜਾਂਦੇ ਹਨ। ਸਿੱਖਾਂ ਦੇ ਇਸ ਖਿੰਡਵੇਂ ਰਹਿਣ-ਸਹਿਣ ਵਿਚ ਅਜੋਕੇ ਸਮੇਂ 'ਸਰਬੱਤ ਖਾਲਸਾ' ਦੀ ਰੂਪਰੇਖਾ ਹਰ ਉਸ ਸਿੱਖ ਸੰਸਥਾ ਨੂੰ ਆਪਣੇ ਕਲਾਵੇ ਵਿਚ ਲੈਣ ਵਾਲੀ ਘੜੀ ਜਾਣੀ ਚਾਹੀਦੀ ਹੈ, ਜੋ ਗੁਰੂ ਸਾਹਿਬਾਨ ਦੀ ਸੋਚ ਮੁਤਾਬਕ ਸਿੱਖਾਂ ਦੇ ਹੋਮਲੈਂਡ ਪੰਜਾਬ ਅਤੇ ਸੰਸਾਰ ਭਰ ਵਿਚ 'ਖਾਲਸੇ ਦਾ ਰਾਜ' ਕਾਇਮ ਕਰਨ ਦੀ ਚਾਹਵਾਨ ਹੋਵੇ। ਅਜੋਕੇ ਸਮੇਂ 'ਸਰਬੱਤ ਖਾਲਸਾ' ਸੰਸਥਾ ਦੀ ਰੂਪਰੇਖਾ ਵਿਚ 'ਥਿੰਕ ਟੈਂਕ' ਤੋਂ ਇਲਾਵਾ ਆਮ ਤੇ ਖਾਸ 'ਡੈਲੀਗੇਟਾਂ' ਦਾ ਸੰਗਠਨ ਹੋਵੇ। ਇਸ ਬਾਰੇ ਸੰਨ 1948 'ਚ ਬਣੀ 'ਸੰਯੁਕਤ ਰਾਸ਼ਟਰ' ਸੰਸਥਾ ਦੀ ਰੂਪ ਰੇਖਾ ਤੋਂ ਵੀ ਸੇਧ ਲਈ ਜਾ ਸਕਦੀ ਹੈ।

'ਸਰਬੱਤ ਖਾਲਸਾ' ਸੰਸਥਾ ਅਧੀਨ ਸਿੱਖਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਹੱਲ ਕੱਢਣ ਲਈ ਬਣਾਏ ਜਾਣ ਵਾਲੇ 'ਥਿੰਕ ਟੈਂਕਾਂ' ਵਿਚ ਜੀਵਨ ਦੇ ਵੱਖ-ਵੱਖ ਖੇਤਰਾਂ ਨਾਲ ਸੰਬੰਧਤ ਅਲੱਗ-ਅਲੱਗ 'ਥਿੰਕ ਟੈਂਕ' ਬਣਾਏ ਜਾਣ - ਜਿਵੇਂ ਧਾਰਮਿਕ (ਜਿਸ ਵਿਚ ਧਰਮ ਨਾਲ ਸੰਬੰਧਤ ਮਸਲੇ ਵਿਚਾਰੇ ਜਾਣ), ਸਮਾਜਿਕ (ਜਿਸ ਵਿਚ ਸਿੱਖ ਸਮਾਜ ਵਿਚ ਫੈਲੀਆਂ ਬੁਰਾਈਆਂ 'ਤੇ ਵਿਚਾਰ ਹੋਵੇ), ਆਰਥਿਕ (ਜਿਸ ਵਿਚ ਸਿੱਖਾਂ ਦੇ ਕਿੱਤਿਆਂ-ਕਾਰੋਬਾਰਾਂ ਬਾਰੇ ਵਿਚਾਰ ਹੋਵੇ), ਸਿਆਸਤ (ਜਿਸ ਵਿਚ ਸਿੱਖਾਂ ਦੀ ਸਿਆਸਤ ਨੂੰ ਸੇਧ ਦੇਣ ਲਈ ਵਿਚਾਰ ਹੋਵੇ)। ਲੋੜ ਅਨੁਸਾਰ ਹੋਰਨਾਂ ਖੇਤਰਾਂ ਬਾਰੇ ਵੀ 'ਥਿੰਕ ਟੈਂਕ' ਬਣਾਏ ਜਾ ਸਕਦੇ ਹਨ। ਇਨ੍ਹਾਂ 'ਥਿੰਕ ਟੈਂਕਾਂ' ਵਿਚ ਸਬੰਧਤ ਖੇਤਰ ਦੇ ਵਿਦਵਾਨ ਤੇ ਮਾਹਰ ਚੁਣੇ ਜਾਣੇ ਚਾਹੀਦੇ ਹਨ। ਹਰ 'ਥਿੰਕ ਟੈਂਕ' ਦੇ ਮਾਹਰਾਂ ਦੀ ਗਿਣਤੀ 50 ਤੋਂ 100 ਦੇ ਵਿਚਕਾਰ ਹੋ ਸਕਦੀ ਹੈ। ਹਰ 'ਥਿੰਕ ਟੈਂਕ ਦਾ ਇਕ ਇੰਚਾਰਜ ਹੋਵੇ, ਜਿਨ੍ਹਾਂ ਨੂੰ 'ਪੰਚ ਪ੍ਰਧਾਨੀ' ਵਜੋਂ ਸਥਾਪਤ ਕੀਤਾ ਜਾਵੇ।

ਇਸ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਦੇ ਸਿੱਖਾਂ ਦੀ ਗਿਣਤੀ ਮੁਤਾਬਕ 'ਡੈਲੀਗੇਟਸ' ਚੁਣੇ ਜਾਣ। ਇਨ੍ਹਾਂ 'ਡੈਲੀਗੇਟਸ' ਨੂੰ ਆਮ ਤੇ ਖਾਸ ਮੁਤਾਬਕ 'ਸੂਚੀਬੱਧ' ਕੀਤਾ ਜਾ ਸਕਦਾ ਹੈ। ਇਨ੍ਹਾਂ ਆਮ ਤੇ ਖਾਸ 'ਡੈਲੀਗੇਟਸ' ਦੀ ਗਿਣਤੀ 20 ਤੋਂ 25 ਹਜ਼ਾਰ ਦੇ ਵਿਚਕਾਰ ਹੋ ਸਕਦੀ ਹੈ, ਜੋ ਸਮੇਂ ਦੇ ਨਾਲ ਲੋੜ ਅਨੁਸਾਰ ਵਧਾਈ-ਘਟਾਈ ਵੀ ਜਾ ਸਕਦੀ ਹੈ। ਇਸ ਗੱਲ ਦਾ ਜ਼ਰੂਰ ਖਿਆਲ ਰਹੇ ਕਿ ਡੈਲੀਗੇਟਸ ਵਿਚ ਸਿੱਖ ਸਮਾਜ ਦੇ ਹਰ ਵਰਗ, ਸੰਗਠਨ, ਸੰਸਥਾ, ਜਥੇਬੰਦੀ ਆਦਿ ਨੂੰ ਲੋੜੀਂਦੀ ਨੁਮਾਇੰਦਗੀ ਮਿਲੇ।

ਇਹ 'ਸਰਬੱਤ ਖਾਲਸਾ' ਇਕ 'ਛਤਰੀ ਸੰਗਠਨ' (**Umbrella Organization**) ਦੇ ਤੌਰ 'ਤੇ ਕੰਮ ਕਰੇ ਤੇ ਕਿਸੇ ਸੰਗਠਨ, ਸੰਸਥਾ, ਜਥੇਬੰਦੀ ਆਦਿ ਦੇ ਅੰਦਰੂਨੀ ਮਾਮਲਿਆਂ ਵਿਚ ਬੇਲੋੜੀ ਦਖਲਅੰਦਾਜ਼ੀ ਨਾ ਕਰੇ। 'ਸਰਬੱਤ ਖਾਲਸਾ' ਦੀਆਂ ਮੀਟਿੰਗਾਂ ਲਈ ਮਾਪਦੰਡ ਤੈਅ ਕੀਤੇ ਜਾਣੇ ਚਾਹੀਦੇ ਹਨ। ਵੱਡੇ-ਛੋਟੇ ਇਕੱਠਾਂ ਦੀ ਰੂਪਰੇਖਾ ਤੇ ਟਾਈਮਿੰਗ ਨਿਰਧਾਰਤ ਕੀਤੀ ਜਾ ਸਕਦੀ ਹੈ। ਸੋਸ਼ਲ ਮੀਡੀਏ ਤੇ 'ਜ਼ੂਮ ਮੀਟਿੰਗਾਂ' ਦਾ ਸਹਾਰਾ ਵੀ ਲਿਆ ਜਾ ਸਕਦਾ ਹੈ। ਹੋਰ ਵੀ ਕਈ ਨਵੇਂ ਢੰਗ ਤਰੀਕੇ ਅਪਣਾਕੇ 'ਸਰਬੱਤ ਖਾਲਸਾ' ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ।

ਜੇਕਰ ਸਿੱਖ ਅਜੋਕੇ ਸਮੇਂ 'ਸਰਬੱਤ ਖਾਲਸਾ' ਸੰਸਥਾ ਦੀ ਅਜਿਹੀ ਸੁਚੱਜੀ ਰੂਪਰੇਖਾ ਘੜਨ ਵਿਚ ਸਫਲ ਹੋ ਜਾਂਦੇ ਹਨ, ਤਾਂ ਇਹ ਸਾਰੀ ਦੁਨੀਆਂ 'ਤੇ ਰਾਜ ਕਰ ਸਕਦੇ ਹਨ। ਇਸ ਤੋਂ ਇਲਾਵਾ ਗੁਰੂਆਂ ਦੀ ਧਰਤੀ ਪੰਜਾਬ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸੁਪਨਿਆਂ ਵਾਲਾ ਖਾਲਸਾ ਰਾਜ-ਭਾਗ ਵੀ ਸਥਾਪਤ ਕਰ ਸਕਦੇ ਹਨ। ਪਰ ਇਸ ਗੱਲ ਦਾ ਜ਼ਰੂਰ ਖਿਆਲ ਰਹੇ ਕਿ ਪਿਛਲੇ ਲਗਭਗ 150 ਕੁ ਸਾਲ ਤੋਂ ਦੁਨੀਆਂ ਭਰ ਦੇ ਵੱਡੇ ਰਾਜ ਭਾਗਾਂ ਨੂੰ ਚਲਾਉਣ ਵਾਲੀਆਂ ਵੱਡੀਆਂ ਕਾਰਪੋਰੇਟ ਸ਼ਕਤੀਆਂ ਸਰਬੱਤ ਦੇ ਭਲੇ ਵਾਲੇ ਸਿੱਖਾਂ ਦੇ ਇਸ ਰਾਜ-ਭਾਗ ਨੂੰ ਕਦਾਚਿਤ ਵੀ ਬਰਦਾਸ਼ਤ ਕਰਨ ਦੇ ਰੌਂਅ ਵਿਚ ਨਹੀਂ ਹਨ, ਇਸ ਲਈ ਸਿੱਖਾਂ ਨੂੰ ਬੜੀ ਬਰੀਕ ਸੂਝ-ਸਮਝ ਤੇ ਸਿਆਣਪ ਨਾਲ ਆਪਣੀਆਂ ਭਵਿੱਖੀ ਰਣਨੀਤੀਆਂ ਘੜਨ ਦੀ ਲੋੜ ਹੈ।

# ਪੰਜਾਬੀ ਪਰਿਵਾਰ ਅਤੇ ਨੌਜਵਾਨੀ ਕਿੱਧਰ ਨੂੰ ਤੁਰੀ

- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA



ਅੱਜ ਅਸੀਂ ਇਕ ਵੱਖਰੇ ਵਿਸ਼ੇ ਰਾਹੀਂ ਗੱਲ ਕਰਾਂਗੇ ਅਜੋਕੇ ਸਮੇਂ ਦੌਰਾਨ ਸਿੱਖ ਨੌਜਵਾਨਾਂ ਦੀ। ਜੋ ਕਿਸੇ ਹੋਰ ਹੀ ਵਹਿਣਾਂ ਵਿਚ ਵਹਿ ਕੇ ਆਪਣੇ ਅਲੱਗ ਰਸਤਿਆਂ 'ਤੇ ਚੱਲ ਰਹੀ ਵਿਖਾਈ ਦਿੰਦੀ ਹੈ। ਭਾਵੇਂ ਸਮੇਂ ਦੀ ਬਦਲਦੀ ਤੋਰ ਅਨੁਸਾਰ ਹਰ ਇਨਸਾਨ ਨੇ ਬਦਲਣਾ ਹੀ ਹੁੰਦਾ ਹੈ ਪਰ ਫਿਰ ਵੀ ਜੇਕਰ ਅਸੀਂ ਸਮੇਂ ਤੋਂ ਦੋ ਕਦਮ ਅੱਗੇ ਲੰਘ ਕੇ ਆਪਣੀ ਰੂਪ ਰੇਖਾ ਬਣਾਵਾਂਗੇ, ਤਾਂ ਸਾਨੂੰ ਕਈ ਵਾਰ ਜ਼ਿੰਦਗੀ ਅੰਦਰ ਘੁੰਮਣ ਘੇਰੀਆਂ ਵਿਚ ਵੀ ਪੈਣਾ ਪੈ ਸਕਦਾ ਹੈ। ਗੱਲ ਕਰੀਏ ਸਿੱਖ ਨੌਜਵਾਨੀ ਦੀ ਜੋ ਗੁਰੂ ਸਾਹਿਬ ਦੀ ਦਿੱਤੀ ਸਿੱਖਿਆ ਤੋਂ ਹਟ ਕੇ ਹੋਰ ਰਸਤਿਆਂ 'ਤੇ ਚੱਲ ਰਹੀ ਹੈ। ਭਾਵੇਂ ਕਿ ਇਸ ਸਮੇਂ ਪੂਰੀ ਸਿੱਖ ਕੌਮ ਦਾ ਜਿਹੜਾ ਸਮਾਂ ਹੈ, ਉਹ ਕੋਈ ਬਹੁਤਾ ਵਧੀਆ ਨਹੀਂ ਆਖ ਸਕਦੇ। ਕਿਉਂਕਿ ਸਾਡੇ ਲੀਡਰਾਂ ਅਤੇ ਕੌਮੀ ਆਗੂਆਂ ਦੀ ਬਦੌਲਤ ਪੂਰੀ ਕੌਮ ਬੁਰੀ ਤਰ੍ਹਾਂ ਭੰਬਲਭੂਸੇ ਵਿਚ ਫਸ ਕੇ ਭਟਕਣਾ ਭਰੇ ਰਾਹਾਂ 'ਤੇ ਚੱਲਦੀ ਵਿਖਾਈ ਦੇ ਰਹੀ ਹੈ। ਸੋ ਜੇਕਰ ਨੌਜਵਾਨੀ ਦੀ ਦਸ਼ਾ ਅਤੇ ਦਿਸ਼ਾ 'ਤੇ ਸਰਸਰੀ ਝਾਤੀ ਮਾਰੀਏ, ਤਾਂ ਸਾਨੂੰ ਸਭ ਕੁਝ ਆਪਣੇ ਆਪ ਸਹਿਜੇ ਹੀ ਸਪੱਸ਼ਟ ਅਤੇ ਸਾਫ਼ ਵਿਖਾਈ ਦੇਣ ਲੱਗਦਾ ਹੈ ਕਿ ਅਸੀਂ ਇੰਨਾ ਪ੍ਰਚਾਰ ਕਰਨ ਦੇ ਬਾਵਜੂਦ ਕਿੱਥੇ ਕੁ ਖੜ੍ਹੇ ਹਾਂ।



ਸਾਡੀ ਸਿੱਖ ਕੌਮ ਗੁਰੂ ਸਾਹਿਬ ਦੀ ਦਿੱਤੀ ਸਿੱਖਿਆ ਅਨੁਸਾਰ ਬਹੁਤ ਮਹਾਨ ਕੌਮ ਹੈ ਅਤੇ ਰਹੇਗੀ ਪਰ ਹੈਰਾਨੀ ਹੁੰਦੀ ਹੈ ਕਿ ਕੌਮ ਦੇ ਸਿੱਖ ਪ੍ਰਚਾਰਕਾਂ ਵੱਲੋਂ ਵੱਡੀ ਗਿਣਤੀ 'ਚ ਪ੍ਰਚਾਰ ਕਰਨ ਦੇ ਬਾਵਜੂਦ ਸਾਡੀ ਨੌਜਵਾਨ ਪੀੜ੍ਹੀ ਆਪਣੇ ਧਰਮ ਤੋਂ ਦੂਰ ਕਿਉਂ ਜਾ ਰਹੀ ਹੈ, ਇਹ ਸੁਆਲ ਹਰ ਇੱਕ ਚਿੰਤਕ ਦੇ ਮਨ ਵਿਚ ਆਉਣਾ ਲਾਜ਼ਮੀ ਹੈ ਅਤੇ ਆਵੇਗਾ ਵੀ ਕਿਉਂਕਿ ਗੱਲ ਧਰਮ ਦੀ ਕਰ ਰਹੇ ਹਾਂ। ਸਿੱਖ ਕੌਮ ਦੀ ਨੀਂਹ ਰੱਖਣ ਖਾਤਰ ਸਾਡੇ ਗੁਰੂ ਸਾਹਿਬਾਨ ਨੇ ਵੱਡੀਆਂ ਕੁਰਬਾਨੀਆਂ ਦਿੱਤੀਆਂ ਅਤੇ ਆਪਣੇ ਪਰਿਵਾਰ ਤੱਕ ਵਿਸਾਰ ਦਿੱਤੇ ਅਤੇ ਵਾਰ ਦਿੱਤੇ। ਪਰ ਹੈਰਾਨੀ ਹੁੰਦੀ ਹੈ ਕਿ ਸਾਡੀ ਸਿੱਖ ਕੌਮ ਅੱਜ ਜਿਸ ਦਲਦਲ ਵਿਚ ਫਸ ਕੇ ਬੁਰੀ ਤਰ੍ਹਾਂ ਨਪੀੜੀ ਜਾ ਰਹੀ ਹੈ, ਉਸ ਨੂੰ ਕਿਸੇ ਪਾਸੇ ਵੀ ਨਿਕਲਣ ਦਾ ਰਸਤਾ ਕਿਉਂ ਵਿਖਾਈ ਨਹੀਂ ਦੇ ਰਿਹਾ, ਇੱਥੇ ਕਸੂਰ ਕਿਸਦਾ ਹੈ। ਜੇਕਰ ਸਾਡੀ ਕੌਮ ਦੇ ਪ੍ਰਚਾਰਕਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਡੀ ਪੱਧਰ 'ਤੇ ਪ੍ਰਚਾਰ ਕੀਤਾ ਗਿਆ, ਤਾਂ ਕੌਮ ਦਾ ਹਾਲ ਇਹ ਕਿਉਂ ਹੋਇਆ, ਇਹ ਸੁਆਲ ਅੱਜ ਹਰ ਸਿੱਖ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ। ਹਰ ਰੋਜ਼ ਵੱਡੀ ਪੱਧਰ 'ਤੇ ਹੋ ਰਹੇ ਘਪਲਿਆਂ ਨੇ ਸਿੱਖ ਕੌਮ ਦਾ ਸਿਰ ਨੀਵਾਂ ਕੀਤਾ ਹੈ, ਜਿਸ ਨੂੰ ਆਉਣ ਵਾਲੀ ਪੀੜ੍ਹੀ ਕਦੇ ਵੀ ਮੁਆਫ਼ ਨਹੀਂ ਕਰੇਗੀ ਕਿਉਂਕਿ ਹਰ ਕੌਮ ਦਾ ਭਵਿੱਖ ਜਿਹੜਾ ਹੈ, ਉਹ ਆਉਣ ਵਾਲੀਆਂ ਨਸਲਾਂ ਤੈਅ ਕਰਦੀਆਂ ਹਨ।

ਜੇਕਰ ਅੱਜ ਨੌਜਵਾਨੀ ਦੀ ਦਸ਼ਾ 'ਤੇ ਝਾਤ ਮਾਰੀਏ, ਤਾਂ ਕਈ ਨੌਜਵਾਨ ਲੜਕੇ (ਸਾਰੇ ਨਹੀਂ) ਕਿਸੇ ਗੁਰਸਿੱਖ ਅੰਮ੍ਰਿਤਧਾਰੀ ਲੜਕੀ ਨੂੰ ਅਪਣਾਉਣ ਨੂੰ ਤਿਆਰ ਨਹੀਂ ਤੇ ਦੂਜੇ ਪਾਸੇ ਵੀ ਹਾਲਾਤ ਇਹੀ ਕੁਝ ਹਨ, ਲੜਕੀਆਂ ਸਰਦਾਰ ਅਤੇ ਗੁਰਸਿੱਖ ਨੌਜਵਾਨ ਨਾਲ ਆਪਣੀ ਜ਼ਿੰਦਗੀ ਬਿਤਾਉਣ ਨੂੰ ਰਾਜ਼ੀ ਨਹੀਂ ਹੁੰਦੀਆਂ, ਕਾਰਨ ਪਤਾ ਨਹੀਂ ਕੀ ਹੈ, ਜਦੋਂ ਸਕੂਲਾਂ, ਕਾਲਜਾਂ ਦੇ ਵਿਚ ਝਾਤੀ ਮਾਰੀਏ ਤਾਂ ਲੜਕੀਆਂ ਵੱਲੋਂ ਸਰਦਾਰ ਨੌਜਵਾਨਾਂ ਤੋਂ ਦੂਰੀ ਬਣਾ ਕੇ ਆਪਣੀ ਜ਼ਿੰਦਗੀ ਜਿਊਣ ਨੂੰ ਤਰਜੀਹ ਦਿੱਤੀ ਜਾਂਦੀ ਹੈ, ਇਹੀ ਹਾਲ ਨੌਜਵਾਨ ਲੜਕਿਆਂ ਦਾ ਹੈ, ਉਨ੍ਹਾਂ ਵੱਲੋਂ ਫੈਸ਼ਨਪ੍ਰਸਤ ਲੜਕੀਆਂ ਨੂੰ ਅਪਨਾਉਣਾ ਹੀ ਜ਼ਰੂਰੀ ਸਮਝਿਆ ਜਾਂਦਾ ਹੈ। ਇਹ ਵਰਤਾਰਾ ਸਾਡੀ ਕੌਮ ਲਈ ਬੇਹੱਦ ਘਾਤਕ ਅਤੇ ਮਾਰੂ ਹੈ ਕਿਉਂਕਿ ਗੁਰੂ ਸਾਹਿਬ ਦੀ ਸਿੱਖਿਆ ਹੀ ਸਰਦਾਰੀ ਹੈ, ਜਿਸ ਤੋਂ ਅਸੀਂ ਅਤੇ ਸਾਡੀ ਨੌਜਵਾਨ ਪੀੜ੍ਹੀ ਮੁਨਕਰ ਹੋ ਰਹੀ ਹੈ। ਜੋ ਕੁਝ ਆਨੰਦ ਕਾਰਜਾਂ ਸਮੇਂ ਹੋ ਰਿਹਾ ਹੈ, ਉਹ ਵੀ ਕਿਸੇ ਤੋਂ ਲੁਕਿਆ ਨਹੀਂ ਹੈ, ਉੱਥੇ ਵੀ ਗੁਰੂ ਦੀ ਦਿੱਤੀ ਸਿੱਖਿਆ ਨੂੰ ਵਿਸਾਰ ਕੇ ਅਸੀਂ ਔਝੜੇ ਰਾਹਾਂ ਦੇ ਪਾਂਧੀ ਬਣ ਰਹੇ ਹਾਂ।

ਕਿੰਨੇ ਭਾਗਾਂ ਵਾਲੇ ਹੋਣਗੇ ਉਹ ਪਰਿਵਾਰ ਅਤੇ ਮਾਪੇ, ਜਿਨ੍ਹਾਂ ਦੇ ਧੀ-ਪੁੱਤ ਆਪਣੇ ਮਾਂ-ਪਿਓ ਦੀ ਦਿੱਤੀ ਸੁਚੱਜੀ ਸਿੱਖਿਆ ਅਤੇ ਗੁਰੂ ਸਾਹਿਬ ਦੀ ਬਖ਼ਸ਼ਿਸ਼ ਸਰਦਾਰੀ ਨੂੰ ਮੁੱਖ ਰੱਖ ਕੇ ਗੁਰਸਿੱਖ ਪਰਿਵਾਰ ਵਿਚ ਜੀਵਨ ਜਿਊਣ ਨੂੰ ਤਰਜੀਹ ਦਿੰਦੇ ਹਨ, ਨਹੀਂ ਤਾਂ ਹਾਲਤ ਸਾਡੇ ਸਾਹਮਣੇ ਹੀ ਹਨ। ਬਹੁਤ ਸਾਰੇ ਪਰਿਵਾਰ ਅੱਜ ਵੀ ਅਜਿਹੇ ਹਨ, ਜੋ ਭਾਵੇਂ ਕੇਵਲ ਤੇ ਕੇਵਲ ਗੁਰਸਿੱਖੀ ਨੂੰ ਤਰਜੀਹ ਦੇ ਕੇ ਹੀ ਆਪਣੇ ਲੜਕੇ ਲੜਕੀਆਂ ਦੇ ਵਿਆਹ ਸ਼ਾਦੀਆਂ ਕਰਦੇ ਹਨ ਪਰ ਅੱਜ ਵੱਡੀ ਉਨ੍ਹਾਂ ਨੌਜਵਾਨ ਲੜਕੇ ਲੜਕੀਆਂ ਦੀ ਵੀ ਹੈ, ਜੋ ਧਰਮ ਤੋਂ ਦੂਰੀ ਬਣਾ ਕੇ ਆਪਣੀ ਜ਼ਿੰਦਗੀ ਜਿਊਣ ਵਿਚ ਮਸ਼ਰੂਫ ਹਨ, ਉਨ੍ਹਾਂ ਨੂੰ ਕੀ ਆਖੀਏ, ਕੁਝ ਵੀ ਸਮਝ ਵਿਚ ਨਹੀਂ ਪੈਂਦਾ। ਜਦੋਂ ਕੋਈ ਲੜਕੀ ਆਪਣਾ ਭਰਿਆ ਘਰ ਪਰਿਵਾਰ ਛੱਡ ਕੇ ਜਾਂਦੀ ਹੈ, ਤਾਂ ਉਸ ਨੇ ਦੂਜੀ ਜਗ੍ਹਾ ਜਾ ਕੇ ਆਪਣਾ ਰੈਣ ਬਸੇਰਾ ਕਰਨਾ ਹੁੰਦਾ ਹੈ ਅਤੇ ਬਹੁਤ ਸਾਰੇ ਪਰਿਵਾਰਾਂ ਵਿਚ ਵੀ ਵੇਖਣ ਵਿਚ ਵੀ ਆਇਆ ਹੈ ਕਿ ਮਾਪਿਆਂ ਵੱਲੋਂ ਦਿੱਤੀ ਸਿੱਖਿਆ ਅਨੁਸਾਰ ਹੀ ਲੜਕੀਆਂ ਨੇ ਸਹੁਰੇ ਘਰ ਆਪਣਾ ਜੀਵਨ ਬਤੀਤ ਕਰਨਾ ਹੁੰਦਾ ਹੈ। ਸੋ ਜਿਹੋ ਜਿਹਾ ਰੰਗ ਅਸੀਂ ਆਪਣੀ ਔਲਾਦ ਨੂੰ ਚਾੜ੍ਹਾਂਗੇ, ਉਹੋ ਜਿਹਾ ਹੀ ਉਹ ਜਾ ਕੇ ਆਪਣੇ ਸਹੁਰੇ ਘਰ ਵਿਖਾਉਣਗੇ, ਇਹ ਗੱਲ ਲਾਜ਼ਮੀ ਤੇ ਪੱਕੀ ਹੈ।

ਸਾਡੇ ਗੁਰੂ ਸਾਹਿਬਾਨ ਨੇ ਜੋ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦਾ ਨਾਅਰਾ ਦੇ ਕੇ ਗੁਰੂ ਆਸ਼ੇ ਅਨੁਸਾਰ ਜ਼ਿੰਦਗੀ ਜਿਊਣ ਦੀ ਪਿਰਤ ਪਾਈ ਸੀ, ਪਤਾ ਨਹੀਂ ਕਿਉਂ ਅਸੀਂ ਅੱਜ ਉਸ ਤੋਂ ਦੂਰ ਜਾ ਕੇ ਆਪਣਾ ਜੀਵਨ ਜਿਊਣਾ ਲੋਚਦੇ ਹਾਂ। ਇੱਕ ਗੱਲ ਸਮਝ ਤੋਂ ਬਾਹਰ ਹੈ ਕਿ ਅੱਜ ਦੇ ਸਮੇਂ ਵਿਚ ਕੌਣ ਕਿਰਤ ਕਰ ਰਿਹਾ ਹੈ, ਕੌਣ ਨਾਮ ਜਾਪ ਰਿਹਾ ਹੈ ਤੇ ਕੌਣ ਵੰਡ ਕੇ ਛਕ ਰਿਹਾ ਹੈ। ਬਹੁਤਿਆਂ ਦਾ ਧਿਆਨ ਤਾਂ ਕੇਵਲ ਤੇ ਕੇਵਲ ਆਪਣਿਆਂ ਨੂੰ ਲੁੱਟਣ ਵਿਚ ਹੀ ਲੱਗਿਆ ਹੋਇਆ ਹੈ। ਇਹ ਬਹੁਤੀ ਦੁਨੀਆਂ ਦਾ ਵਰਤਾਰਾ ਅੱਜ ਹੋ ਚੁੱਕਿਆ ਹੈ। ਖ਼ੈਰ ਇੱਕ ਗੱਲ ਪੱਕੀ ਹੈ ਕਿ ਜੇਕਰ ਅਸੀਂ ਗੁਰੂ ਸਾਹਿਬਾਨ ਦੀ ਸਿੱਖੀ ਦੀ ਦਿੱਤੀ ਸਿੱਖਿਆ ਤੋਂ ਦੂਰ ਜਾ ਕੇ ਆਪਣੀ ਜ਼ਿੰਦਗੀ ਨੂੰ ਪਹਿਲ ਦੇਵਾਂਗੇ, ਤਾਂ ਸਾਡੇ ਅੱਗੇ ਟੋਇਆਂ ਦੀ ਭਰਮਾਰ ਹੋਵੇਗੀ ਕਿਉਂਕਿ ਗੁਰੂ ਤੋਂ ਉੱਤੇ ਕੋਈ ਨਹੀਂ। ਕੇਵਲ ਜੇਕਰ ਅਸੀਂ ਚੰਗੀ ਜ਼ਿੰਦਗੀ ਜਿਊਣਾ ਚਾਹੁੰਦੇ ਹਾਂ, ਤਾਂ ਗੁਰੂ ਸਾਹਿਬਾਨ ਦੇ ਲੜ ਲੱਗ ਕੇ ਸਾਡੀ ਅੱਜ ਦੀ ਨੌਜਵਾਨੀ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੋਂ ਸੇਧ ਲੈ ਕੇ ਜ਼ਿੰਦਗੀ ਬਤੀਤ ਕਰਨੀ ਚਾਹੀਦੀ ਹੈ, ਨਹੀਂ ਤਾਂ ਹਾਲ ਸਾਡੇ ਅਤੇ ਤੁਹਾਡੇ ਸਭ ਦੇ ਸਾਹਮਣੇ ਹੈ।

ਇਹੀ ਬੁਰਾ ਹਾਲ ਬਾਹਰਲੇ ਦੇਸ਼ਾਂ ਵਿਚ ਹੈ। ਪਰਿਵਾਰਾਂ ਵਿਚ ਤਰੇੜਾਂ ਪੈ ਕੇ ਸਭ ਕੁਝ ਬਰਬਾਦ ਹੋ ਚੁੱਕਿਆ ਹੈ। ਦੁਨੀਆਂ ਕੋਰਟ ਕਚਹਿਰੀਆਂ ਦੇ ਚੱਕਰ ਵਿਚ ਇੰਨੀ ਉਲਝ ਚੁੱਕੀ ਹੈ ਕਿ ਉਨ੍ਹਾਂ ਨੂੰ ਆਪਣੇ ਹੀ ਪਰਿਵਾਰਾਂ ਦਾ ਪਤਾ ਨਹੀਂ ਲੱਗਿਆ ਕਿ ਉਹ ਆਪਣਿਆਂ ਤੋਂ ਪਤਾ ਨ੍ਹੀਂ ਕਿੰਨੀ ਦੂਰ ਚਲੇ ਗਏ। ਨੌਜਵਾਨੀ ਨੂੰ ਚਾਹੀਦਾ ਹੈ ਕਿ ਉਹ ਗੁਰੂ ਆਸ਼ੇ ਅਨੁਸਾਰ ਜ਼ਿੰਦਗੀ ਜਿਊਣ ਦੀ ਕਾਮਨਾ ਕਰ ਕੇ ਅੱਗੇ ਵਧੇ, ਨਹੀਂ ਤਾਂ ਆਉਣ ਵਾਲਾ ਭਵਿੱਖ ਇਸ ਤੋਂ ਵੀ ਜ਼ਿਆਦਾ ਮਾੜਾ ਹੋਵੇਗਾ। ਕਸੂਰ ਕਿਸਦਾ ਹੈ, ਕਹਿਣ ਦੀ ਲੋੜ ਨਹੀਂ। ਸਾਨੂੰ ਸਾਰਿਆਂ ਨੂੰ ਪਤਾ ਹੈ, ਅਸੀਂ ਕਿਸ ਰਸਤੇ ਚੱਲ ਰਹੇ ਹਾਂ। ਜੇਕਰ ਅਸੀਂ ਕੁਦਰਤ ਨੂੰ ਝੁਠਲਾਉਣ ਦੇ ਰਾਹ ਹੀ ਤੁਰ ਪਏ, ਤਾਂ ਸਾਡਾ ਕੋਈ ਵੀ ਰਾਖਾ ਨਹੀਂ ਹੋ ਸਕਦਾ। ਸੋ ਆਓ ਵਾਪਸ ਮੁੜੀਏ ਤੇ ਗੁਰੂ ਲੜ ਲੱਗ ਕੇ ਜ਼ਿੰਦਗੀ ਬਤੀਤ ਕਰੀਏ। ਆਖ਼ਰ ਵਿਚ ਇੱਕ ਗੱਲ ਕਹਿਣੀ ਚਾਹਾਂਗਾ ਕਿ ਸਾਰੇ ਕਿਤੇ ਵੀ ਮਾੜੇ ਨਹੀਂ ਹੁੰਦੇ। ਹਰ ਖੇਤਰ, ਹਰ ਵਰਗ ਵਿਚ ਕੁਝ ਲੋਕ ਅਜਿਹੇ ਹੁੰਦੇ ਹਨ, ਜੋ ਬਾਕੀਆਂ ਨੂੰ ਆਪਣੇ ਮਗਰ ਲਾ ਕੇ ਖੂਹ ਖਾਤਿਆਂ ਵਿਚ ਸੁੱਟਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਸੋ ਇਹੀ ਹਾਲਤ ਅੱਜ ਸਾਡੇ ਦੇਸ਼ ਦੀ ਹੋ ਚੁੱਕੀ ਹੈ।

# ਤੇਰੇ ਵਾਂਗੂੰ ਵਿਸਾਖੀ ਨੂੰ ਕਿਸਨੇ ਮਨਾਉਣਾ




ਪ੍ਰੋ. ਨਵ ਸੰਗੀਤ ਸਿੰਘ
1-ਲਤਾ ਗਰੀਨ ਐਨਕਲੇਵ,
ਪਟਿਆਲਾ- 147002
ਪੰਜਾਬ ਮੇਲ USA




1699 ਈ. ਦੀ ਵਿਸਾਖੀ ਇਸ ਤਿਉਹਾਰ ਨੂੰ ਨਵਾਂ ਰੂਪ ਪ੍ਰਦਾਨ ਕਰਦੀ ਹੈ। ਇਸ ਦਿਨ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੇ ਇੱਕ ਨਿਆਰੇ ਪੰਥ ਦੀ ਸਿਰਜਣਾ ਕੀਤੀ ਸੀ। ਗੁਰੂ ਜੀ ਨੇ ਮਹਿਸੂਸ ਕਰ ਲਿਆ ਸੀ ਕਿ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਅਦੁੱਤੀ ਬਲੀਦਾਨ (1675 ਈ.) ਨਾਲ਼ ਠੱਲ੍ਹ ਨਹੀਂ ਪਾਈ ਜਾ ਸਕੀ। ਇਸ ਲਈ ਅਜਿਹੀਆਂ ਪ੍ਰਸਥਿਤੀਆਂ ਦਾ ਮੁਕਾਬਲਾ ਕਰਨ ਲਈ ਦੁਸ਼ਟ ਦਮਨ ਸਤਿਗੁਰੂ ਨੇ ਸਿਰਲੱਥ ਅਤੇ ਸਰਫ਼ਰੋਸ਼ ਪਰਵਾਨਿਆਂ ਦੀ ਉਸ ਸੂਰਬੀਰ ਤੇ ਸਰਦਾਰ ਖ਼ਾਲਸਾ ਕੌਮ ਨੂੰ ਪੈਦਾ ਕੀਤਾ, ਜਿਸਨੇ ਦੇਸ਼, ਧਰਮ ਅਤੇ ਕੌਮ ਦੀ ਖ਼ਾਤਰ ਜਾਨਾਂ ਵਾਰਨਾ ਆਪਣਾ ਮੁੱਖ ਉਦੇਸ਼ ਪ੍ਰਵਾਨ ਕਰ ਲਿਆ।

ਵਿਸਾਖੀ ਸ਼ਬਦ 'ਵਿਸਾਖ' ਤੋਂ ਬਣਿਆ ਹੈ, ਜੋ ਨਾਨਕਸ਼ਾਹੀ ਸੰਮਤ ਦਾ ਦੂਜਾ ਮਹੀਨਾ ਹੈ। ਇਹ ਮਹੀਨਾ ਗਰਮੀਆਂ ਦੇ ਆਰੰਭ ਅਤੇ ਕਣਕ ਦੀ ਵਾਢੀ ਵੱਲ ਸੰਕੇਤ ਕਰਦਾ ਹੈ। ਵਿਸਾਖੀ ਦਾ ਤਿਉਹਾਰ ਪੁਰਾਤਨ ਕਾਲ ਤੋਂ ਹੀ ਮਨਾਇਆ ਜਾਂਦਾ ਹੈ, ਪਰ ਸਮੇਂ ਦੇ ਬਦਲਣ ਨਾਲ਼ ਇਸ ਵਿਚ ਪਰਿਵਰਤਨ ਹੁੰਦਾ ਗਿਆ, ਜਿਸ ਵਿਚ ਕਈ ਧਾਰਮਿਕ ਤੇ ਇਤਿਹਾਸਕ ਕਥਾਵਾਂ ਵੀ ਜੁੜਦੀਆਂ ਗਈਆਂ। ਸਤਾਰਵੀਂ ਸਦੀ ਦੇ ਅੰਤ (1699 ਈ.) ਵਿਚ ਖਾਲਸਾ ਪੰਥ ਦੀ ਸਾਜਨਾ ਹੋਈ ਅਤੇ ਵੀਹਵੀਂ ਸਦੀ ਦੇ ਮੁੱਢ (1919 ਈ.) ਵਿਚ ਜੱਲ੍ਹਿਆਂਵਾਲਾ ਬਾਗ਼ ਦਾ ਸਾਕਾ ਵਾਪਰਿਆ।

1699 ਈ. ਦੀ ਵਿਸਾਖੀ ਇਸ ਤਿਉਹਾਰ ਨੂੰ ਨਵਾਂ ਰੂਪ ਪ੍ਰਦਾਨ ਕਰਦੀ ਹੈ। ਇਸ ਦਿਨ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੇ ਇੱਕ ਨਿਆਰੇ ਪੰਥ ਦੀ ਸਿਰਜਣਾ ਕੀਤੀ ਸੀ। ਗੁਰੂ ਜੀ ਨੇ ਮਹਿਸੂਸ ਕਰ ਲਿਆ ਸੀ ਕਿ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਅਦੁੱਤੀ ਬਲੀਦਾਨ (1675 ਈ.) ਨਾਲ਼ ਠੱਲ੍ਹ ਨਹੀਂ ਪਾਈ ਜਾ ਸਕੀ। ਇਸ ਲਈ ਅਜਿਹੀਆਂ ਪ੍ਰਸਥਿਤੀਆਂ ਦਾ ਮੁਕਾਬਲਾ ਕਰਨ ਲਈ ਦੁਸ਼ਟ ਦਮਨ ਸਤਿਗੁਰੂ ਨੇ ਸਿਰਲੱਥ ਅਤੇ ਸਰਫ਼ਰੋਸ਼ ਪਰਵਾਨਿਆਂ ਦੀ ਉਸ ਸੂਰਬੀਰ ਤੇ ਸਰਦਾਰ ਖ਼ਾਲਸਾ ਕੌਮ ਨੂੰ ਪੈਦਾ ਕੀਤਾ, ਜਿਸਨੇ ਦੇਸ਼, ਧਰਮ ਅਤੇ ਕੌਮ ਦੀ ਖ਼ਾਤਰ ਜਾਨਾਂ ਵਾਰਨਾ ਆਪਣਾ ਮੁੱਖ ਉਦੇਸ਼ ਪ੍ਰਵਾਨ ਕਰ ਲਿਆ।

ਬੜੀ ਡੂੰਘੀ ਸੋਚ-ਵਿਚਾਰ ਪਿੱਛੋਂ ਸਰਬੰਸਦਾਨੀ ਗੁਰੂ ਨੇ ਫੈਸਲਾ ਕੀਤਾ ਕਿ ਉਨ੍ਹਾਂ ਦੇ ਸਿੱਖਾਂ ਨੂੰ ਹਥਿਆਰਬੰਦ ਹੋਣ ਅਤੇ ਆਪਣੀ ਹੋਂਦ ਬਰਕਰਾਰ ਰੱਖਣ ਲਈ ਲੜਨ-ਮਰਨ ਵਾਸਤੇ ਤੱਤਪਰ ਹੋਣ ਦੀ ਜ਼ਰੂਰਤ ਹੈ। 1699 ਈ. ਦੀ ਵਿਸਾਖੀ ਤੋਂ ਕਈ ਮਹੀਨੇ ਪਹਿਲਾਂ ਗੁਰੂ ਜੀ ਨੇ ਸਮੁੱਚੇ ਦੇਸ਼-ਵਾਸੀਆਂ ਨੂੰ ਸੰਦੇਸ਼ ਭੇਜਿਆ ਕਿ ਉਹ ਵਿਸਾਖੀ ਵਾਲ਼ੇ ਦਿਨ (30 ਮਾਰਚ) ਆਪੋ-ਆਪਣੇ ਘੋੜਿਆਂ ਅਤੇ ਸ਼ਸਤਰਾਂ ਨਾਲ਼ ਸੁਸੱਜਿਤ ਹੋ ਕੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਆਉਣ।

ਇੱਕ ਇਤਿਹਾਸਕ ਅਤੇ ਪ੍ਰਮਾਣਿਕ ਦਸਤਾਵੇਜ਼ ਮੁਤਾਬਕ ਉਸ ਵਿਸਾਖੀ 'ਤੇ ਅੱਸੀ ਹਜ਼ਾਰ ਤੋਂ ਵੀ ਵੱਧ ਲੋਕ ਸ੍ਰੀ ਆਨੰਦਪੁਰ ਸਾਹਿਬ ਵਿਖੇ ਇਕੱਠੇ ਹੋਏ। ਧਾਰਮਿਕ ਇਕੱਠ ਪੂਰੇ ਜੋਬਨ ਉੱਤੇ ਸੀ, ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੱਥ ਵਿਚ ਨੰਗੀ ਤਲਵਾਰ ਲੈ ਕੇ ਮੰਚ ਉੱਤੇ ਹਾਜ਼ਰ ਹੋਏ। ਉਨ੍ਹਾਂ ਨੇ ਰੋਹਬਦਾਰ ਚਿਹਰੇ ਨਾਲ ਸੰਗਤਾਂ ਦੇ ਇਕੱਠ ਉੱਤੇ ਨਜ਼ਰ ਮਾਰੀ ਅਤੇ ਕੜਕਵੀਂ ਆਵਾਜ਼ ਵਿਚ ਕਿਹਾ ਕਿ ਉਨ੍ਹਾਂ ਨੂੰ ਇੱਕ ਸੀਸ ਦੀ ਲੋੜ ਹੈ। ਜੋ ਵਿਅਕਤੀ ਨੇਕ ਕਾਰਜ ਲਈ ਆਪਣੀ ਜਾਨ ਕੁਰਬਾਨ ਕਰ ਸਕਦਾ ਹੋਵੇ, ਉਹ ਸਾਹਮਣੇ ਆ ਜਾਵੇ! ਕੇਸਗੜ੍ਹ ਦੀ ਉੱਚੀ ਪਹਾੜੀ ਤੋਂ ਨੰਗੀ ਤਲਵਾਰ ਨਾਲ ਸੀਸ ਭੇਟ ਮੰਗ ਰਿਹਾ ਗੁਰੂ ਮੌਤ ਤੋਂ ਜੀਵਨ ਦੇਣ ਦਾ ਅਨੋਖਾ ਨੁਸਖਾ ਦੱਸ ਰਿਹਾ ਸੀ। ਉਨ੍ਹਾਂ ਨੇ ਐਲਾਨ ਕੀਤਾ:

ਜਿਨਕੀ ਜ਼ਾਤ ਔਰ ਕੁਲ ਮਾਹੀਂ,
ਸਰਦਾਰੀ ਨਹਿੰ ਭਈ ਕਦਾਹੀਂ
ਉਨਹੀਂ ਕੌ ਸਰਦਾਰ ਬਣਾਵੌਂ, ਤਬੈ
ਗੋਬਿੰਦ ਸਿੰਘ ਨਾਮ ਸਦਾਵੌਂ।

ਅਚਾਨਕ ਅਜਿਹੀ ਅਪੀਲ ਕਾਰਨ ਸੰਗਤ ਵਿਚ ਸੰਨਾਟਾ ਜਿਹਾ ਛਾ ਗਿਆ। ਪਰ ਫਿਰ ਹੌਂਸਲਾ ਕਰਕੇ ਲਾਹੌਰ ਦਾ ਇੱਕ ਯੁਵਕ ਦਯਾ ਰਾਮ ਖੜ੍ਹਾ ਹੋਇਆ ਅਤੇ ਉਸਨੇ ਲਾਸਾਨੀ ਸ਼ਹੀਦੀ ਲਈ ਆਪਣੇ ਆਪ ਨੂੰ ਗੁਰੂ ਸਾਹਿਬ ਦੇ ਹਵਾਲੇ ਕਰ ਦਿੱਤਾ। ਗੁਰੂ ਜੀ ਨੂੰ ਉਸਨੂੰ ਮੰਚ ਦੇ ਪਿੱਛੇ ਬਣੇ ਇੱਕ ਤੰਬੂ ਵਿਚ ਲੈ ਗਏ। ਬਾਹਰ ਬੈਠੀ ਸੰਗਤ ਨੇ ਤਲਵਾਰ ਦੇ ਵਾਰ ਨੂੰ ਸੁਣਿਆ, ਤਾਂ ਉਹ ਵੀ ਭੈਅਭੀਤ ਹੋ ਗਈ।

ਲਹੂ ਭਿੱਜੀ ਤਲਵਾਰ ਲੈ ਕੇ ਗੁਰੂ ਜੀ ਮੰਚ 'ਤੇ ਆਏ ਅਤੇ ਉਨ੍ਹਾਂ ਨੇ ਦੁਬਾਰਾ ਇਕ ਹੋਰ ਸਿਰ ਦੀ ਮੰਗ ਕੀਤੀ। ਇਸ ਸਮੇਂ ਹਸਤਨਾਪੁਰ (ਦਿੱਲੀ) ਦੇ ਧਰਮਦਾਸ ਨੇ ਖ਼ੁਦ ਨੂੰ ਪੇਸ਼ ਕੀਤਾ। ਗੁਰੂ ਜੀ ਨੇ ਇਸ ਵਾਰ ਵੀ ਪਹਿਲਾਂ ਵਾਲਾ ਢੰਗ ਅਪਣਾਇਆ ਅਤੇ ਤੰਬੂ ਤੋਂ ਬਾਹਰ ਆ ਕੇ ਤੀਜੇ ਸੀਸ ਦੀ ਮੰਗ ਕੀਤੀ। ਸੰਗਤਾਂ ਸਹਿਮ ਅਤੇ ਦਹਿਸ਼ਤ ਕਰਕੇ ਖਿਸਕਣ ਲੱਗ ਪਈਆਂ ਅਤੇ ਕਈਆਂ ਨੇ ਮਾਤਾ ਗੁਜਰੀ ਜੀ ਕੋਲ ਜਾ ਕੇ ਗੁਰੂ ਜੀ ਦੀ ਸ਼ਿਕਾਇਤ ਵੀ ਕੀਤੀ।

ਤੀਜੀ ਵਾਰ ਜਗਨਨਾਥਪੁਰੀ ਦੇ ਹਿੰਮਤ ਰਾਏ ਨੇ ਹਿੰਮਤ ਕੀਤੀ। ਫਿਰ ਚੌਥੀ ਅਤੇ ਪੰਜਵੀਂ ਵਾਰ ਕ੍ਰਮਵਾਰ ਦੁਆਰਕਾ ਦਾ ਮੋਹਕਮ ਚੰਦ ਅਤੇ ਬਿਦਰ ਦੇ ਸਾਹਿਬ ਚੰਦ ਨੇ ਆਪਣੇ ਆਪ ਨੂੰ ਪੇਸ਼ ਕੀਤਾ। ਇਸ ਸਮੁੱਚੇ ਵਰਤਾਰੇ ਨੂੰ ਪੰਜਾਬੀ ਦੇ ਪ੍ਰਤੀਨਿਧ ਕਵੀ ਡਾ. ਹਰਿਭਜਨ ਸਿੰਘ ਨੇ "ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ" ਕਵਿਤਾ ਵਿਚ ਵਿਸਥਾਰ ਸਹਿਤ ਪ੍ਰਸਤੁਤ ਕੀਤਾ ਹੈ। ਇਸ 'ਚੋਂ ਕੁਝ ਪੰਕਤੀਆਂ ਪੇਸ਼ ਹਨ:

ਸੀਸ ਵਾਲੇ ਸੀਸ ਅਰਪਨ ਵਾਸਤੇ
ਤਲਵਾਰ ਦੇ ਮੁਹਤਾਜ ਨਹੀਂ ਹੁੰਦੇ
ਚਮਤਕਾਰੀ ਨੇ ਆਪਣਾ ਸੀਸ
ਇਉਂ ਸਹਿਜੇ ਟਿਕਾਇਆ ਸੀ ਤੇਰੇ ਚਰਨੀਂ
ਜਿਵੇਂ ਅੰਬਰ ਦੇ ਪੈਰੀਂ
ਨਿੱਤ ਸਵੇਰਾ ਆਪਣਾ
ਸੂਰਜ ਬਾਲ ਧਰਦਾ ਹੈ।

ਜਿਉਂ ਇਹ ਪ੍ਰਕਿਰਿਆ ਸਮਾਪਤ ਹੋਈ, ਦਸਮ ਪਾਤਸ਼ਾਹ ਇਨ੍ਹਾਂ ਪੰਜਾਂ ਮਰਜੀਵੜਿਆਂ ਨੂੰ ਜੀਵਤ ਰੂਪ ਵਿਚ ਸਟੇਜ 'ਤੇ ਲੈ ਕੇ ਪੇਸ਼ ਹੋਏ। ਹੁਣ ਸੰਗਤ ਹੋਰ ਵੀ ਹੈਰਾਨ ਸੀ ਤੇ ਮਹਿਸੂਸ ਕਰ ਰਹੀ ਸੀ ਕਿ ਜੇ ਗੁਰੂ ਨੇ ਇਨ੍ਹਾਂ ਨੂੰ ਮਾਰਨ ਤੋਂ ਬਾਅਦ ਜ਼ਿੰਦਾ ਹੀ ਕਰ ਦੇਣਾ ਸੀ, ਤਾਂ ਅਸੀਂ ਕਿਉਂ ਨਾ ਪਹਿਲ ਕੀਤੀ! ਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ। ਹੁਣ ਇਹ ਵਿਅਕਤੀ ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ ਤੇ ਸਾਹਿਬ ਸਿੰਘ ਬਣ ਚੁੱਕੇ ਸਨ। ਇਨ੍ਹਾਂ ਨੂੰ "ਪੰਜ ਪਿਆਰੇ" ਕਿਹਾ ਗਿਆ। ਇੱਕੋ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਉਨ੍ਹਾਂ ਵਿਚੋਂ ਜਾਤ-ਪਾਤ, ਛੂਤ-ਛਾਤ, ਭੇਦਭਾਵ, ਰੰਗ-ਨਸਲ ਨੂੰ ਮਿਟਾ ਦਿੱਤਾ ਗਿਆ।

ਇੱਕੋ ਬਾਟੇ ਵਿਚੋਂ ਸਦੀਵੀ ਜੀਵਨ ਦੇਣ ਵਾਲੇ ਅੰਮ੍ਰਿਤ ਨੂੰ ਛਕ ਕੇ 'ਰੰਘਰੇਟੇ' ਸੱਚਮੁੱਚ 'ਗੁਰੂ ਕੇ ਬੇਟੇ' ਬਣ ਗਏ। ਹੁਣ ਉਨ੍ਹਾਂ ਦਾ ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਕੌਰ ਅਤੇ ਵਾਸੀ ਆਨੰਦਪੁਰ ਸਾਹਿਬ ਹੋ ਚੁੱਕਾ ਸੀ। ਇਸ ਆਬੇ-ਹਯਾਤ ਨੇ ਚਿੜੀਆਂ ਤੋਂ ਬਾਜ਼ ਤੁੜਵਾਉਣ ਅਤੇ ਗਿੱਦੜਾਂ ਤੋਂ ਸ਼ੇਰ ਮਰਵਾਉਣ ਦੀ ਅਨੋਖੀ ਕਰਾਮਾਤ ਕਰ ਵਿਖਾਈ। ਬਕੌਲ ਸੰਤੋਖ ਸਿੰਘ ਧੀਰ:

ਪਿਆਰੀਓ ਚਿੜੀਓ! ਹੁਣ ਤੁਸੀਂ ਉਹ ਨਹੀਂ
ਖ਼ਾਲਸਾ ਮੇਰੋ ਰੂਪ ਹੈ ਖਾਸ
ਖ਼ਾਲਸੇ ਮਹਿ ਹਉ ਕਰੋਂ ਨਿਵਾਸ।
ਜਾਓ, ਬਾਜ਼ਾਂ ਦੇ ਖੰਭ ਤੋੜੋ।

ਜਦੋਂ ਕੌਮ-ਨਿਰਮਾਤਾ ਆਪਣੇ ਹੀ ਚੇਲਿਆਂ ਸਾਹਵੇਂ ਅੰਮ੍ਰਿਤ-ਅਭਿਲਾਖੀ ਹੋਣ ਲਈ ਬੇਨਤੀ ਕਰ ਰਿਹਾ ਸੀ, ਤਾਂ ਲੋਕਾਈ ਅੱਸ਼-ਅੱਸ਼ ਕਰ ਉੱਠੀ ਅਤੇ "ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ" ਦੀ ਧੁਨੀ ਨਾਲ ਧਰਤੀ-ਆਕਾਸ਼ ਗੂੰਜ ਉੱਠੇ।

ਵੱਖ-ਵੱਖ ਜਾਤੀਆਂ ਅਤੇ ਦੇਸ਼ ਦੇ ਵਿਭਿੰਨ ਖਿੱਤਿਆਂ ਤੋਂ ਆਏ ਇਹ ਪੰਜ ਪਿਆਰੇ ਹੁਣ ਸਭ ਵਹਿਮਾਂ-ਭਰਮਾਂ ਅਤੇ ਮੱਤ-ਮਤਾਂਤਰਾਂ ਤੋਂ ਸ਼ੁੱਧ ਹੋ ਚੁੱਕੇ ਸਨ। ਹੁਣ ਉਹ ਇੱਕ ਨਵੇਂ ਭਾਈਚਾਰੇ 'ਖ਼ਾਲਸਾ ਪੰਥ' ਵਿਚ ਦਾਖ਼ਲ ਹੋ ਚੁੱਕੇ ਸਨ, ਜੋ ਮਨੁੱਖੀ ਭਾਈਚਾਰੇ, ਸਮਾਜਿਕ, ਧਾਰਮਿਕ ਤੇ ਅਧਿਆਤਮਕ ਬਰਾਬਰੀ ਉੱਤੇ ਆਧਾਰਿਤ ਸੀ। ਇਨ੍ਹਾਂ ਪੰਜ ਪਿਆਰਿਆਂ ਨੂੰ ਪੰਜ ਕਕਾਰ (ਕਛਹਿਰਾ, ਕੜਾ, ਕਿਰਪਾਨ, ਕੰਘਾ, ਕੇਸ) ਧਾਰਨ ਕਰਨ ਦਾ ਆਦੇਸ਼ ਦਿੱਤਾ ਗਿਆ। ਨਵੇਂ ਪੰਥ ਵਿਚ ਪ੍ਰਵੇਸ਼ ਕਰਨ ਵਾਲੇ ਸਾਰੇ ਸਿੱਖਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਆਪਣੇ ਨਾਵਾਂ ਨਾਲ 'ਸਿੰਘ' ਅਤੇ 'ਕੌਰ' (ਕ੍ਰਮਵਾਰ ਆਦਮੀ ਅਤੇ ਔਰਤਾਂ) ਸ਼ਬਦਾਂ ਦੀ ਵਰਤੋਂ ਕਰਨ ਅਤੇ ਸਦਾਚਾਰਕ ਤੇ ਨੈਤਿਕ ਮਾਨਤਾਵਾਂ ਦੀ ਸਖ਼ਤੀ ਨਾਲ ਪਾਲਣਾ ਕਰਨ, ਜਿਸ ਨੂੰ ਰਹਿਤ-ਮਰਿਆਦਾ ਦਾ ਨਾਂ ਦਿੱਤਾ ਗਿਆ। ਉਨ੍ਹਾਂ ਨੂੰ ਸੰਤ-ਸਿਪਾਹੀ ਦੀ ਜ਼ਿੰਦਗੀ ਬਿਤਾਉਣ ਲਈ ਕਿਹਾ ਗਿਆ। ਉਨ੍ਹਾਂ ਨੂੰ ਇਹ ਵੀ ਦ੍ਰਿੜ੍ਹ ਕਰਵਾਇਆ ਗਿਆ ਕਿ ਉਹ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦੇ ਧਾਰਨੀ ਬਣਨ ਅਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ। ਫ਼ਾਰਸੀ ਦਾ ਇਕ ਸਮਕਾਲੀ ਇਤਿਹਾਸਕਾਰ ਗੁਲਾਮ ਮੁਹੱਈਉਦੀਨ ਲਿਖਦਾ ਹੈ ਕਿ 1699 ਈ. ਦੀ ਵਿਸਾਖੀ 'ਤੇ ਲਗਪਗ ਵੀਹ ਹਜ਼ਾਰ ਲੋਕਾਂ ਨੇ ਅੰਮ੍ਰਿਤਪਾਨ ਕੀਤਾ ਸੀ।

ਇਸ ਤੋਂ ਬਾਅਦ ਗੁਰੂ ਜੀ ਦਾ ਵਧੇਰੇ ਸਮਾਂ ਜੰਗਾਂ-ਯੁੱਧਾਂ ਵਿਚ ਬਤੀਤ ਹੋਇਆ। ਆਖ਼ਰ 1705 ਈ. ਵਿਚ ਆਪ ਚੌਧਰੀ ਡੱਲੇ ਦੀ ਤਲਵੰਡੀ ਆ ਬਿਰਾਜੇ, ਜਿਸ ਨੂੰ ਅੱਜਕੱਲ੍ਹ ਸਾਬੋ ਕੀ ਤਲਵੰਡੀ, ਤਲਵੰਡੀ ਸਾਬੋ ਜਾਂ ਦਮਦਮਾ ਸਾਹਿਬ ਜਿਹੇ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਇਹ ਅਸਥਾਨ ਭਾਵੇਂ ਰੇਲਵੇ ਸਟੇਸ਼ਨ ਨਾਲ ਜੁੜਿਆ ਹੋਇਆ ਨਹੀਂ, ਪਰ ਤਾਂ ਵੀ ਇੱਥੇ ਸੰਗਤਾਂ ਦੀ ਆਮਦ ਹਮੇਸ਼ਾ ਬਣੀ ਰਹਿੰਦੀ ਹੈ। ਕਸਬਾ ਬਠਿੰਡਾ ਸ਼ਹਿਰ ਤੋਂ ਅਠਾਈ ਕਿਲੋਮੀਟਰ ਅਤੇ ਰਾਮਾ ਤੋਂ ਤੇਰਾਂ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਜਿੱਥੇ ਬੱਸਾਂ ਰਾਹੀਂ ਸੌਖੇ ਢੰਗ ਨਾਲ ਆਇਆ-ਜਾਇਆ ਜਾ ਸਕਦਾ ਹੈ। ਇੱਥੇ ਗੁਰੂ ਜੀ ਨੇ ਕਰੀਬ ਇਕ ਸਾਲ ਦਾ ਸਮਾਂ ਬਿਤਾਇਆ। ਇਹ ਅਸਥਾਨ ਹੁਣ ਸਿੱਖ ਧਰਮ ਦੇ 'ਚੌਥੇ ਤਖ਼ਤ' ਵਜੋਂ ਪੂਰੀ ਦੁਨੀਆਂ ਵਿਚ ਵਿਖਿਆਤ ਹੈ। ਅੰਗਰੇਜ਼ ਲੇਖਕ ਡਾ. ਟਰੰਪ ਦੇ ਕਥਨ ਮੁਤਾਬਕ ਇੱਥੇ 1706 ਈ. ਵਿਚ ਗੁਰੂ ਜੀ ਨੇ ਕਰੀਬ ਸਵਾ ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਸੀ। ਇਸੇ ਲਈ ਵਿਸਾਖੀ ਦਾ ਤਿਉਹਾਰ ਆਨੰਦਪੁਰ ਸਾਹਿਬ ਦੇ ਨਾਲ-ਨਾਲ ਦਮਦਮਾ ਸਾਹਿਬ ਵਿਖੇ ਪੂਰੇ ਖ਼ਾਲਸਾਈ ਜਾਹੋ-ਜੱਲਾਲ ਅਤੇ ਧਾਰਮਿਕ ਰਵਾਇਤਾਂ ਅਨੁਸਾਰ ਮਨਾਇਆ ਜਾਂਦਾ ਹੈ। ਦਸਮੇਸ਼ ਪਿਤਾ ਦੀ ਨਿਰਾਲੀ ਵਿਸਾਖੀ ਬਾਰੇ ਇਹ ਕਾਵਿ-ਪੰਕਤੀਆਂ ਕਿੰਨੀਆਂ ਪ੍ਰਾਸੰਗਿਕ ਹਨ:

ਪਟਨਾ ਛੱਡ ਅਨੰਦਪੁਰ ਆਉਣਾ,
ਪੰਜਾਬ ਦੀ ਧਰਤੀ ਨੂੰ ਭਾਗ ਲਾਉਣਾ।
ਬਵੰਜਾ ਕਵੀਆਂ ਨਾਲ ਬੈਠ, ਉਸ ਅਕਾਲ ਪੁਰਖ ਦੇ ਗੀਤ ਗਾਉਣਾ।
ਅੰਮ੍ਰਿਤ ਦੀ ਦਿਬ ਬੂੰਦ ਪਿਆ ਕੇ,
ਚਿੜੀਆਂ ਨੂੰ ਬਾਜ਼ਾਂ ਨਾਲ ਲੜਾਉਣਾ।
ਤੇਰਾ ਅਜੀਬ ਜਲੌਅ ਹੈ, ਤੇਰਾ ਅਜੀਬ ਫ਼ਬੌਅ ਹੈ।
ਤੇਰਾ ਅਜੀਬ ਸੁਭਾਓ ਹੈ, ਤੂੰ ਵੱਖਰਾ ਹੈਂ ਸਭ ਤੋਂ!
ਤੇਰੇ ਵਾਂਗੂੰ ਵਿਸਾਖੀ ਨੂੰ ਕਿਸਨੇ ਮਨਾਉਣਾ!

# ਜਲ੍ਹਿਆਂਵਾਲਾ ਬਾਗ਼ ਦਾ ਨਾਇਕ ਡਾ. ਸੈਫ਼ੂਦੀਨ ਕਿਚਲੂ

ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060
gumtalacs@gmail.com
ਪੰਜਾਬ ਮੇਲ USA



ਅੰਮ੍ਰਿਤਸਰ ਕਚਹਿਰੀ ਦੇ ਚੌਕ 'ਚ ਫਲਾਈਓਵਰ ਦੇ ਥੱਲੇ ਲੰਘਦੇ ਸਮੇਂ ਯਾਤਰੂ ਦਾ ਧਿਆਨ ਚੌਕ 'ਚ ਲੱਗੇ ਬੁੱਤ ਵੱਲ ਸਹਿਜ ਸੁਭਾਅ ਜਾਂਦਾ ਹੈ। ਬੁੱਤ ਥੱਲੇ ਲਿਖੇ ਡਾ. ਸੈਫ਼ੂਦੀਨ ਕਿਚਲੂ ਪੜ੍ਹਨ ਉਪਰੰਤ ਉਸ ਦਾ ਇਕਦਮ ਧਿਆਨ ਖਿੱਚਿਆ ਜਾਂਦਾ ਹੈ ਕਿ ਡਾ. ਕਿਚਲੂ ਕੌਣ ਸੀ? ਇਸ ਦਾ ਕਾਰਨ ਇਹ ਹੈ ਕਿ ਉਸ ਦੇ ਨਾਂ 'ਤੇ ਨਾ ਤਾਂ ਕੋਈ ਸੰਸਥਾ ਬਣਾਈ ਗਈ ਹੈ ਤੇ ਨਾ ਹੀ ਯਾਦਗਾਰ। ਡਾ. ਗੁਰਸ਼ਰਨ ਸਿੰਘ ਤੇ ਡਾ. ਬਲਰਾਜ ਸਾਗਰ ਦੁਆਰਾ ਲਿਖੀ ਪੁਸਤਕ 'ਕੌਣ ਤੇ ਕਿਹੜੇ - ਜੱਲਿਆਂਵਾਲਾ ਬਾਗ਼ ਦਾ ਸਾਕਾ' ਜੋ ਕਿ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ,ਚੰਡੀਗੜ੍ਹ ਦੁਆਰਾ ਪ੍ਰਕਾਸ਼ਿਤ ਹੈ, ਵਿਚ ਡਾ. ਕਿਚਲੂ ਦੀ ਜ਼ਿੰਦਗੀ ਦੇ ਮਹੱਤਵਪੂਰਨ ਪਹਿਲੂਆਂ 'ਤੇ ਬਹੁਤ ਹੀ ਸੰਖੇਪ ਵਿਚ ਝਾਤ ਪਾਈ ਗਈ ਹੈ। ਉਨ੍ਹਾਂ ਦੇ ਸਪੁਤਰ ਤੌਫ਼ੀਕ ਕਿਚਲੂ ਵੱਲੋਂ ਲਿਖੀ ਉਨ੍ਹਾਂ ਦੀ ਜੀਵਨੀ 'ਸੈਫ਼ੂਦੀਨ ਕਿਚਲੂ, ਜੱਲ੍ਹਿਆਂਵਾਲਾ ਬਾਗ਼ ਦਾ ਨਾਇਕ' ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਵੀਂ ਦਿੱਲੀ ਨੇ ਪ੍ਰਕਾਸ਼ਿਤ ਕੀਤੀ ਹੈ, ਦਾ ਅਨੁਵਾਦ ਪੰਜਾਬੀ ਤੇ ਹੋਰ ਭਾਸ਼ਾਵਾਂ 'ਚ ਕੀਤਾ ਗਿਆ ਹੈ, ਵਿਚ ਵਿਸਥਾਰ ਨਾਲ ਡਾ. ਕਿਚਲੂ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਡਾ. ਕਿਚਲੂ ਦਾ ਜਨਮ 15 ਜਨਵਰੀ, 1888 ਨੂੰ ਅੰਮ੍ਰਿਤਸਰ 'ਚ ਇੱਕ ਕਸ਼ਮੀਰੀ ਮੁਸਲਮਾਨ ਪਸ਼ਮੀਨਾ ਅਤੇ ਜਾਅਫ਼ਰਾਨ ਦੇ ਵਪਾਰੀ ਅਜ਼ੀਜ਼ੁਦੀਨ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦੇ ਦਾਦਾ ਅਹਿਮਦ ਜੋ 19ਵੀਂ ਸਦੀ ਦੇ ਮੱਧ ਵਿਚ ਕਸ਼ਮੀਰ ਤੋਂ ਆਏ ਸਨ, ਜਨਮ ਤੋਂ ਮੁਸਲਮਾਨ ਸਨ ਪਰ ਉਨ੍ਹਾਂ ਦਾ ਪਿਛੋਕੜ ਬਾਰਾਮੂਲਾ ਦੇ ਕਸ਼ਮੀਰੀ ਪੰਡਤਾਂ ਇਕ ਹਿੰਦੂ ਬ੍ਰਾਹਮਣ ਪਰਿਵਾਰ ਦੇ ਨਾਲ ਸੀ। ਉਸ ਦੇ ਵਾਰਿਸ ਪ੍ਰਕਾਸ਼ੋ ਰਾਮ ਕਿਚਲੂ ਨੇ ਇਸਲਾਮ ਧਰਮ ਅਪਣਾਇਆ ਸੀ।

ਇਸਲਾਮੀਆ ਹਾਈ ਸਕੂਲ ਤੋਂ ਦਸਵੀਂ ਪਾਸ ਕਰਨ ਉਪਰੰਤ ਅਲੀਗੜ੍ਹ ਕਾਲਜ ਦਾਖ਼ਲ ਹੋ ਗਏ। ਉੱਥੋਂ ਉਚੇਰੀ ਸਿੱਖਿਆ ਲਈ ਇੰਗਲੈਂਡ ਚਲੇ ਗਏ। ਉੱਥੇ ਕੈਂਬ੍ਰਿਜ ਵਿਚ ਉਹ ਪੰਡਿਤ ਜਵਾਹਰ ਲਾਲ ਨਹਿਰੂ ਦਾ ਸਹਿ-ਪਾਠੀ ਸੀ। ਉਹ ਅੰਮ੍ਰਿਤਸਰ ਦੇ ਜੰਮਪਲ ਮਦਨ ਲਾਲ ਢੀਂਗਰਾ ਨੂੰ ਵੀ ਜਾਣਦੇ ਸਨ, ਜਿਸ ਨੇ 1 ਜੁਲਾਈ 1909 ਨੂੰ ਸਰ ਵਿਲੀਅਮ ਕਰਜ਼ਨ ਵਿੱਲੀ ਨੂੰ ਗੋਲੀ ਮਾਰੀ ਸੀ, ਜੋ ਹਿੰਦ ਰਾਜ ਦੇ ਸਕੱਤਰ ਦਾ ਫ਼ੌਜੀ ਜਰਨੈਲ ਸੀ। ਹੈਰਾਨੀ ਦੀ ਗੱਲ ਹੈ ਕਿ ਡਾ. ਕਿਚਲੂ ਵੀ ਉਸੇ ਇਮਾਰਤ ਵਿਚ ਹਾਜ਼ਰ ਸਨ, ਜਿੱਥੇ ਇਹ ਘਟਨਾ ਵਾਪਰੀ ਸੀ। ਉਸ ਨੇ ਬਾਰ-ਐਟ-ਲਾਅ ਦੀ ਡਿਗਰੀ ਪਾਸ ਕੀਤੀ। ਉਹ ਲਿੰਕਨਜ਼ ਇੱਨ ਦਾ ਮੈਂਬਰ ਸੀ। ਪਹਿਲੇ ਵਿਸ਼ਵ ਯੁੱਧ ਤੋਂ ਪਹਿਲਾਂ ਉਸ ਨੇ ਜਰਮਨੀ ਦੇ ਮੁਨਸਟਰ ਵਿਸ਼ਵਵਿਦਿਆਲੇ ਤੋਂ ਪੀ.ਐੱਚ.ਡੀ. ਦੀ ਡਿਗਰੀ ਪ੍ਰਾਪਤ ਕਰ ਲਈ ਸੀ। ਉਹ ਇੱਕ ਚੰਗਾ ਖਿਡਾਰੀ ਅਤੇ ਅੱਛਾ ਬੁਲਾਰਾ ਸੀ।

ਭਾਰਤ ਪਰਤ ਕੇ ਉਸ ਨੇ 1913 ਵਿਚ ਰਾਵਲਪਿੰਡੀ ਵਿਖੇ ਵਕਾਲਤ ਆਰੰਭ ਕੀਤੀ। 1915 ਵਿਚ ਉਹ ਅੰਮ੍ਰਿਤਸਰ ਆ ਗਿਆ ਅਤੇ ਉੱਥੇ ਵਕਾਲਤ ਸ਼ੁਰੂ ਕਰ ਦਿੱਤੀ। ਉਸੇ ਵਰ੍ਹੇ ਉਸ ਦਾ ਵਿਆਹ ਹੋ ਗਿਆ। ਅੰਮ੍ਰਿਤਸਰ ਵਿਚ ਉਸ ਦੀ ਵਕਾਲਤ ਖ਼ੂਬ ਚਮਕੀ। 1917 'ਚ ਉਹ ਅੰਮ੍ਰਿਤਸਰ ਮਿਉਂਸਪਲ ਕਮੇਟੀ ਦੇ ਮੈਂਬਰ ਚੁਣੇ ਗਏ। 1918 'ਚ ਅੰਮ੍ਰਿਤਸਰ ਵਿਚ ਰੇਲਵੇ ਪਲੇਟਫ਼ਾਰਮ ਟਿਕਟ ਜਾਰੀ ਹੋਇਆ, ਤਾਂ ਉਨ੍ਹਾਂ ਨੇ ਡਾ. ਸਤਪਾਲ ਨਾਲ ਮਿਲ ਕੇ ਇਸ ਵਿਰੁੱਧ ਸਫ਼ਲਤਾਪੂਰਵਕ ਅੰਦੋਲਨ ਚਲਾਇਆ। 1918 'ਚ ਅੰਮ੍ਰਿਤਸਰ ਵਿਚ ਪਹਿਲੀ ਵਾਰ ਕਾਂਗਰਸ ਦਾ ਸੰਮੇਲਨ ਹੋਇਆ, ਜਿਸ ਵਿਚ ਉਹ ਮੁਸਲਮਾਨਾਂ ਦੀ ਭਾਰੀ ਗਿਣਤੀ ਨਾਲ ਉਸ ਵਿਚ ਸ਼ਾਮਲ ਹੋਏ। ਮਹਾਤਮਾ ਗਾਂਧੀ ਵੱਲੋਂ ਫ਼ਰਵਰੀ 1919 'ਚ ਰੋਲਟ ਐਕਟ ਵਿਰੁੱਧ ਅੰਦੋਲਨ ਆਰੰਭ ਕੀਤਾ ਗਿਆ। ਅੰਮ੍ਰਿਤਸਰ ਵਿਚ ਇਸ ਅੰਦੋਲਨ ਦੀ ਉਨ੍ਹਾਂ ਨੇ ਡਾ. ਸਤਪਾਲ ਨਾਲ ਮਿਲ ਕੇ ਵਾਗਡੋਰ ਸਾਂਭੀ। ਉਨ੍ਹਾਂ ਦੀ ਪ੍ਰਧਾਨਗੀ ਹੇਠ 27 ਮਾਰਚ, 1919 ਨੂੰ ਭਾਰੀ ਜਲਸਾ ਹੋਇਆ। ਉਸ ਨੇ ਹਿੰਦੂ-ਮੁਸਲਿਮ ਏਕਤਾ ਦੇ ਉਦੇਸ਼ ਲਈ ਨੌਜਵਾਨਾਂ ਨੂੰ ਜਥੇਬੰਦ ਕਰਨ ਅਤੇ ਅੰਗਰੇਜ਼ੀ ਨਿਯੰਤਰਣ ਤੋਂ ਭਾਰਤ ਨੂੰ ਆਜ਼ਾਦ ਕਰਵਾਉਣ ਹਿਤ ਕੰਮ ਕਰਨ ਦਾ ਦ੍ਰਿੜ੍ਹ ਨਿਸ਼ਚਾ ਕਰ ਲਿਆ। ਡਾ. ਕਿਚਲੂ ਹੋਮ ਰੂਲ ਦਾ ਪਰਮ ਸਮਰਥਕ ਸੀ ਅਤੇ ਕਈ ਵਰ੍ਹਿਆਂ ਤੋਂ ਹਿੰਦੂ-ਮੁਸਲਿਮ ਏਕਤਾ ਲਈ ਯਤਨ ਕਰ ਰਿਹਾ ਸੀ। 29 ਮਾਰਚ 1919 ਨੂੰ ਜਲ੍ਹਿਆਂ ਵਾਲਾ ਬਾਗ਼ ਵਿਖੇ ਅਗਲੇ ਦਿਨ ਹੜਤਾਲ ਦੀ ਵਿਵਸਥਾ ਕਰਨ ਲਈ ਹੋਈ ਸਭਾ ਵਿਚ ਭੀੜ ਨੂੰ ਸੰਬੋਧਨ ਕਰਨ ਵਾਲਾ ਉਹ ਦੂਜਾ ਬੁਲਾਰਾ ਸੀ। ਉਸ ਨੇ ਕਿਹਾ ਕਿ ਯੁੱਧ ਕਾਲ ਵਿਚ ਇੰਗਲੈਂਡ ਦੀ ਜਨਤਾ ਨੇ ਭਾਰਤ ਦੀ ਵਫ਼ਾਦਾਰੀ ਦੀ ਪ੍ਰਸ਼ੰਸਾ ਕੀਤੀ ਸੀ ਅਤੇ ਇੰਗਲੈਂਡ ਦੀ ਜਨਤਾ ਨੇ ਹੀ ਆਪਣੀ ਸਰਕਾਰ ਨੂੰ ਸੁਧਾਰਾਂ ਦਾ ਵਚਨ ਦੇਣ ਦੀ ਘੋਸ਼ਣਾ ਕਰਨ ਲਈ ਮਜਬੂਰ ਕੀਤਾ ਸੀ। ਉਸ ਨੇ ਸਰੋਤਿਆਂ ਨੂੰ ਸਲਾਹ ਦਿੱਤੀ ਕਿ ਉਹ ਕਿਸੇ ਦੇ ਜੀਵਨ ਅਤੇ ਜਾਇਦਾਦ 'ਤੇ ਹਮਲਾ ਨਾ ਕਰਨ। ਉਸ ਨੇ ਇਹ ਵੀ ਕਿਹਾ ਕਿ ਉਨ੍ਹਾਂ ਦਾ ਟੀਚਾ ਹੋਮ ਰੂਲ ਪ੍ਰਾਪਤ ਕਰਨਾ ਹੈ ਅਤੇ ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਅੰਗਰੇਜ਼ਾਂ ਦੀਆਂ ਸਵੈ-ਸ਼ਾਸਿਤ ਬਸਤੀਆਂ ਦੀ ਪੱਧਰ 'ਤੇ ਰੱਖਿਆ ਜਾਵੇ।

30 ਮਾਰਚ ਤੋਂ 6 ਅਪ੍ਰੈਲ ਨੂੰ ਜ਼ਬਰਦਸਤ ਹੜਤਾਲ ਕੀਤੀ ਗਈ। 9 ਅਪ੍ਰੈਲ ਨੂੰ ਰਾਮਨੌਮੀ ਦੇ ਪਵਿੱਤਰ ਤਿਉਹਾਰ 'ਤੇ ਕੱਢੇ ਗਏ ਜਲੂਸ ਵਿਚ ਮੁਸਲਮਾਨ ਭਾਰੀ ਗਿਣਤੀ 'ਚ ਸ਼ਾਮਲ ਹੋਏ ਤੇ ਹਿੰਦੂ-ਮੁਸਲਮਾਨਾਂ ਨੇ ਪਹਿਲੀ ਵਾਰ ਇੱਕੋ ਗਿਲਾਸ ਵਿਚ ਪਾਣੀ ਪੀਤਾ। ਯਾਦ ਰਹੇ ਕਿ ਉਸ ਸਮੇਂ ਰੇਲਵੇ ਸਟੇਸ਼ਨਾਂ ਅਤੇ ਹੋਰਨਾਂ ਥਾਵਾਂ 'ਤੇ ਹਿੰਦੂਆਂ ਅਤੇ ਮੁਸਲਮਾਨਾਂ ਲਈ ਵੱਖੋ-ਵੱਖ ਘੜੇ ਹੁੰਦੇ ਸਨ, ਜਿਨ੍ਹਾਂ 'ਤੇ ਲਿਖਿਆ ਹੁੰਦਾ ਸੀ, ਹਿੰਦੂ ਪਾਣੀ, ਮੁਸਲਮਾਨ ਪਾਣੀ।

30 ਮਾਰਚ 1919 ਨੂੰ ਦੁਪਹਿਰ ਪਿੱਛੋਂ ਜੱਲ੍ਹਿਆਂਵਾਲਾ ਬਾਗ਼ ਵਿਚ ਇੱਕ ਭਾਰੀ ਸਭਾ ਹੋਈ, ਜਿਸ ਵਿਚ ਕੋਈ ਪੰਤਾਲੀ ਹਜ਼ਾਰ ਲੋਕਾਂ ਦੀ ਭੀੜ ਨੇ ਭਾਗ ਲਿਆ। ਇਸ ਸਭਾ ਦੀ ਪ੍ਰਧਾਨਗੀ ਡਾ. ਕਿਚਲੂ ਨੇ ਕੀਤੀ। ਰੋਲਟ ਕਾਨੂੰਨ ਨੂੰ ਰੱਦ ਕਰਨ ਹਿੱਤ ਮਤੇ ਪਾਸ ਕੀਤੇ ਗਏ। ਕਿਚਲੂ ਨੇ ਅੰਤ ਵਿਚ ਲੋਕਾਂ ਨੂੰ ਸਾਵਧਾਨ ਕਰਦੇ ਹੋਏ ਕਿਹਾ, "ਅਸੀਂ ਆਪਣੇ ਨਿੱਜੀ ਹਿੱਤਾਂ ਨੂੰ ਰਾਸ਼ਟਰ ਦੇ ਹਿੱਤਾਂ 'ਤੇ ਬਲੀਦਾਨ ਕਰਨ ਲਈ ਸਦਾ ਤਿਆਰ ਰਹਾਂਗੇ। ਮਹਾਤਮਾ ਗਾਂਧੀ ਦਾ ਸੰਦੇਸ਼ ਤੁਹਾਨੂੰ ਪੜ੍ਹ ਕੇ ਸੁਣਾ ਦਿੱਤਾ ਗਿਆ ਹੈ। ਸਾਰੇ ਦੇਸ਼ ਵਾਸੀ ਨਾਫ਼ੁਰਮਾਨੀ ਕਰਨ ਲਈ ਤਿਆਰ ਹੋ ਜਾਣ। ਇਸ ਦਾ ਅਰਥ ਇਹ ਨਹੀਂ ਕਿ ਇਸ ਪਵਿੱਤਰ ਨਗਰ ਜਾਂ ਦੇਸ਼ ਵਿਚ ਖ਼ੂਨ ਦੀਆਂ ਨਦੀਆਂ ਵਹਾ ਦਿੱਤੀਆਂ ਜਾਣ। ਪ੍ਰਤੀਰੋਧ ਬੜੇ ਖਾਮੋਸ਼ ਢੰਗ ਨਾਲ ਹੋਣਾ ਚਾਹੀਦਾ ਹੈ"। ਸਭਾ ਸ਼ਾਂਤੀ ਨਾਲ ਸਮਾਪਤ ਹੋ ਗਈ ਅਤੇ ਲੋਕ ਬੜੇ ਹੀ ਵਿਵਸਥਾ ਪੂਰਣ ਢੰਗ ਨਾਲ ਉੱਥੋਂ ਚਲੇ ਗਏ।

ਤਿੰਨ ਅਪ੍ਰੈਲ 1919 ਨੂੰ ਡਾ. ਕਿਚਲੂ 'ਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ ਕਿ ਉਹ ਅਗਲੇ ਹੁਕਮਾਂ ਤੱਕ (ੳ) ਅੰਮ੍ਰਿਤਸਰ ਨਗਰ ਦੀ ਨਗਰਪਾਲਿਕਾ ਦੀਆਂ ਸੀਮਾਵਾਂ ਵਿਚ ਹੀ ਰਹੇਗਾ ਤੇ ਨਿਵਾਸ ਕਰੇਗਾ (ਅ) ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਸਮਾਚਾਰ-ਪੱਤਰਾਂ ਨਾਲ ਕੋਈ ਸੰਬੰਧ ਨਹੀਂ ਰੱਖੇਗਾ (ੲ) ਕੋਈ ਜਨ-ਸਭਾ ਨਹੀਂ ਬੁਲਾਏਗਾ, ਕਿਸੇ ਜਨ-ਸਭਾ ਵਿਚ ਭਾਗ ਨਹੀਂ ਲਵੇਗਾ ਅਤੇ ਨਾ ਹੀ ਉਸ ਵਿਚ ਲਿਖਕੇ ਜਾਂ ਕਿਸੇ ਹੋਰ ਤਰੀਕੇ ਨਾਲ ਕੋਈ ਭਾਸ਼ਣ ਦੇਵੇਗਾ।

ਇਹ ਹੁਕਮ ਅੰਮ੍ਰਿਤਸਰ ਦੇ ਜ਼ਿਲ੍ਹਾ ਕਮਿਸ਼ਨਰ ਮਾਈਲਜ਼ ਇਰਵਿੰਗ ਨੇ ਮਿਤੀ 4 ਅਪ੍ਰੈਲ 1919 ਨੂੰ ਆਪਣੇ ਹੱਥੀਂ ਉਸ ਨੂੰ ਦਿੱਤਾ। ਅਜਿਹੀਆਂ ਹੀ ਪਾਬੰਦੀਆਂ ਉਸ ਦੇ ਪਰਮ ਮਿੱਤਰ ਅਤੇ ਰਾਸ਼ਟਰੀ ਅੰਦੋਲਨ 'ਤੇ ਹਿੰਦੂ-ਮੁਸਲਿਮ ਏਕਤਾ ਲਿਆਉਣ ਵਿਚ ਸਹਾਇਕ ਡਾ. ਸੱਤਿਆਪਾਲ 'ਤੇ ਵੀ ਲਗਾ ਦਿੱਤੀਆਂ ਗਈਆਂ ਸਨ।

10 ਅਪ੍ਰੈਲ, 1919 ਨੂੰ ਉਨ੍ਹਾਂ ਨੂੰ ਅਤੇ ਡਾ. ਸਤਪਾਲ ਨੂੰ ਗ੍ਰਿਫ਼ਤਾਰ ਕਰਕੇ ਧਰਮਸ਼ਾਲਾ ਭੇਜ ਦਿੱਤਾ ਗਿਆ। ਇਸ ਦੇ ਵਿਰੋਧ ਵਿਚ ਸ਼ਹਿਰ 'ਚ ਹੜਤਾਲ ਹੋ ਗਈ ਤੇ ਕੋਈ ਪੰਜਾਹ ਹਜ਼ਾਰ ਦਾ ਹਜੂਮ ਸ਼ਾਂਤਮਈ ਢੰਗ ਨਾਲ ਡਿਪਟੀ ਕਮਿਸ਼ਨਰ ਦੇ ਦਫ਼ਤਰ ਵੱਲ ਨੂੰ ਕਚਹਿਰੀਆਂ ਵੱਲ ਨੂੰ ਤੁਰ ਪਿਆ, ਜਿਸ ਨੂੰ ਪਉੜੀਆ ਵਾਲੇ ਪੁੱਲ 'ਤੇ ਰੋਕ ਲਿਆ ਗਿਆ। ਪਰ ਹਜੂਮ ਧੁਸ ਦੇ ਕੇ ਪੁਲ ਉਪਰ ਜਾ ਚੜ੍ਹਿਆ। ਪਿਕਟਾਂ ਹੌਲੀ-ਹੌਲੀ ਪਿੱਛੇ ਹਟਦੀਆਂ ਗਈਆਂ ਤੇ ਉਨ੍ਹਾਂ ਨੇ ਪੁੱਲ ਦੇ ਸਿਰੇ ਦੇ ਅਖੀਰਲੇ ਸਿਰੇ ਦੇ ਨਿਵਾਣ 'ਤੇ ਪੁਜ਼ੀਸ਼ਨਾਂ ਲੈ ਲਈਆਂ। ਪੁੱਲ ਉਪਰ ਅਸਿਸਟੈਂਟ ਕਮਿਸ਼ਨਰ ਰ.ਬੀ. ਬੈਕਟ ਡਿਊਟੀ ਉਪਰ ਸੀ। ਉਸ ਨੇ ਹਜੂਮ ਨੂੰ ਵਾਪਸ ਜਾਣ ਲਈ ਕਿਹਾ। ਲੋਕਾਂ ਉਸ ਦੀ ਕੋਈ ਪ੍ਰਵਾਹ ਨਾ ਕੀਤੀ। ਬਹੁਤ ਸਾਰੇ ਲੋਕੀਂ ਉੱਥੇ ਬੈਠ ਕੇ ਸਿਆਪਾ ਕਰਨ ਲੱਗ ਪਏ। ਜਿਸ 'ਤੇ ਪੁਲਿਸ ਨੇ ਗੋਲੀ ਚਲਾ ਦਿੱਤੀ। ਇਸ ਨਾਲ ਦਸ ਵਿਅਕਤੀ ਮਾਰੇ ਗਏ। ਵਿਰੋਧ ਵਿਚ ਭੀੜ ਨੇ ਕੁਝ ਬੈਂਕ ਲੁੱਟੇ, ਪੰਜ ਅੰਗਰੇਜ਼ ਅਫ਼ਸਰ ਮਾਰ ਦਿੱਤੇ। ਡਾਕਖ਼ਾਨਿਆਂ ਤੇ ਟਾਊਨ ਹਾਲ ਨੂੰ ਅੱਗ ਲਾ ਦਿੱਤੀ। ਸਰਕਾਰੀ ਬਿਆਨ ਅਨੁਸਾਰ ਇਸ ਦਿਨ ਮਰਨ ਵਾਲਿਆਂ ਦੀ ਗਿਣਤੀ 12 ਤੇ ਜ਼ਖ਼ਮੀਆਂ ਦੀ 20 ਤੇ 30 ਦਰਮਿਆਨ ਸੀ, ਪਰ ਮਕਬੂਲ ਅਹਿਮਦ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 20 ਤੇ 30 ਦਰਮਿਆਨ ਹੋਵੇਗੀ।

12 ਅਪ੍ਰੈਲ ਨੂੰ ਮਾਰਸ਼ਲ ਲਾਅ ਲਗਾ ਦਿੱਤਾ ਗਿਆ। 13 ਅਪ੍ਰੈਲ ਨੂੰ ਜੱਲਿਆਂਵਾਲਾ ਬਾਗ਼ ਵਿਚ ਇਨ੍ਹਾਂ ਦੀ ਰਿਹਾਈ ਲਈ ਜਲਸਾ ਹੋਇਆ, ਜਿਸ 'ਤੇ ਜਨਰਲ ਡਾਇਰ ਨੇ ਅੰਨ੍ਹੇਵਾਹ ਗੋਲੀ ਚਲਾਈ ਤੇ ਅਣਗਣਿਤ ਵਿਅਕਤੀ ਸ਼ਹੀਦ ਕਰ ਦਿੱਤੇ। ਸਰਕਾਰੀ ਅੰਕੜਿਆਂ ਅਨੁਸਾਰ 379 ਬੰਦੇ ਸ਼ਹੀਦ ਹੋਏ ਤੇ 1200 ਫ਼ਟੜ ਹੋਏ। ਪੰਡਿਤ ਮਦਨ ਮੋਹਨ ਮਾਲਵੀਆ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ 1900 ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੋ ਸਕਦੀ।

ਕੁਝ ਦਿਨਾਂ ਪਿੱਛੋਂ ਉਨ੍ਹਾਂ ਅਤੇ ਉਨ੍ਹਾਂ ਦੇ 15 ਸਾਥੀਆਂ 'ਤੇ 'ਅੰਮ੍ਰਿਤਸਰ ਸਾਜ਼ਸ਼ ਕੇਸ ਨੰਬਰ-1' ਨਾਂ ਹੇਠ ਮੁਕੱਦਮਾ ਚਲਿਆ ਤੇ ਡਾ. ਕਿਚਲੂ ਤੇ ਡਾ. ਸਤਪਾਲ ਨੂੰ ਦੋ-ਦੋ ਸਾਲ ਦੀ ਕੈਦ ਦੀ ਸਜ਼ਾ ਹੋਈ। ਡਾ. ਕਿਚਲੂ ਨੂੰ 1921 ਦੇ ਖਿਲਾਫ਼ਤ ਅੰਦੋਲਨ ਵਿਚ ਉਨ੍ਹਾਂ ਨੂੰ ਦੋ ਸਾਲ ਕੈਦ ਹੋਈ। ਉਨ੍ਹਾਂ ਅਕਾਲੀਆਂ ਨਾਲ ਨਾਭਾ ਜਾਣ ਵਾਲੇ ਪਹਿਲੇ ਜਥੇ 'ਚ ਸ਼ਾਮਲ ਹੋਣ ਦੀ ਪੈਸ਼ਕਸ਼ ਕੀਤੀ ਸੀ, ਜੋ ਪ੍ਰਵਾਨ ਨਾ ਕੀਤੀ ਗਈ। ਕੁੱਲ ਮਿਲਾ ਕੇ ਉਹ ਲਗਪਗ 14 ਸਾਲ ਕੈਦ ਰਹੇ। 1923 ਦੀ ਖਿਲਾਫ਼ਤ ਕਮੇਟੀ ਦੇ ਪ੍ਰਧਾਨ ਵੀ ਰਹੇ। 1924 'ਚ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਬਣੇ। 1929 ਦੇ 'ਪੂਰਨ ਆਜ਼ਾਦੀ' ਦੇ ਇਤਿਹਾਸ ਦੇ ਮਤੇ ਨੂੰ ਪੰਡਤ ਜਵਾਹਰ ਲਾਲ ਨਹਿਰੂ ਨੇ ਪੇਸ਼ ਕੀਤਾ ਤੇ ਡਾ. ਕਿਚਲੂ ਨੇ ਇਸ ਦੀ ਤਾਈਦ ਕੀਤੀ। 1937 'ਚ ਅੰਮ੍ਰਿਤਸਰ ਸ਼ਹਿਰੀ ਮੁਸਲਿਮ ਹਲਕੇ ਤੋਂ ਪੰਜਾਬ ਅਸੈਂਬਲੀ ਦੇ ਮੈਂਬਰ ਚੁਣੇ ਗਏ। ਉਹ ਦੇਸ਼ ਭਗਤਾਂ ਨੂੰ ਆਰਥਿਕ ਸਹਾਇਤਾ ਵੀ ਦਿੰਦੇ ਸਨ। ਧਨਵੰਤਰੀ ਜੋ ਕਿ ਪ੍ਰਸਿੱਧ ਇਨਕਲਾਬੀ ਸੀ ਤੇ ਫ਼ਰਾਰ ਹੋਇਆ ਸੀ, ਨੂੰ ਡਾ. ਸਾਹਿਬ ਨੇ 500 ਰੁਪਏ ਦਿੱਤੇ, ਹਾਲਾਂਕਿ ਉਨ੍ਹਾਂ ਦੀ ਆਰਥਿਕ ਹਾਲਤ ਬੜੀ ਮਾੜੀ ਸੀ। 1952 'ਚ ਆਪ ਨੂੰ ਕੌਮਾਂਤਰੀ ਅਮਨ ਲਈ ਇਕ ਲੱਖ ਰੁਪਏ ਦਾ ਲੈਨਿਨ ਪੁਰਸਕਾਰ ਮਿਲਿਆ ਪਰ ਆਪ ਨੇ ਇਹ ਰਕਮ ਸੰਸਾਰ 'ਚ ਅਮਨ ਕਾਇਮੀ ਲਈ ਦੇ ਦਿੱਤੀ। ਇਸ ਤੋਂ ਉਨ੍ਹਾਂ ਦੀ ਉਸਾਰੂ ਸੋਚ ਦਾ ਪਤਾ ਲੱਗਦਾ ਹੈ।

ਦੇਸ਼ ਦੀ ਵੰਡ ਸਮੇਂ, ਉਨ੍ਹਾਂ ਨੇ ਅੰਮ੍ਰਿਤਸਰ ਛੱਡ ਦਿੱਤਾ ਤੇ ਦਿੱਲੀ ਜਾ ਬਿਰਾਜੇ। ਸੁਤੰਤਰਤਾ ਪਿੱਛੋਂ ਉਨ੍ਹਾਂ ਲੋਕ ਸਭਾ ਦੇ ਮੈਂਬਰ ਜਾਂ ਮੰਤਰੀ ਬਣਨ ਦੀ ਇੱਛਾ ਨਹੀਂ ਰੱਖੀ। ਉਸ ਮਹਾਨ ਦੇਸ਼ ਭਗਤ ਨੇ 9 ਅਕਤੂਬਰ 1963 ਵਾਲੇ ਦਿਨ ਅੰਤਿਮ ਸਾਹ ਲਏ। ਉਨ੍ਹਾਂ ਨੂੰ ਜਾਮੀਆ ਮਿਲੀਆ, ਦਿੱਲੀ ਦੇ ਕਬਰਸਤਾਨ 'ਚ ਦਫ਼ਨਾਇਆ ਗਿਆ।





# ਵਿਸਾਖੀ ਖਾਲਸਾ ਸਾਜਨਾ ਦਿਵਸ

ਪ੍ਰਮਿੰਦਰ ਸਿੰਘ ਪ੍ਰਵਾਨਾ
ਕੈਲੀਫੋਰਨੀਆ
510-415-9377
ਪੰਜਾਬ ਮੇਲUSA



ਵੈਸਾਖ ਮਹੀਨੇ ਦੇ ਪਹਿਲੇ ਦਿਨ ਵਿਸਾਖੀ ਆਉਂਦੀ ਹੈ। ਇਸ ਸਮੇਂ ਮੌਸਮ ਵਿਚ ਤਬਦੀਲੀ ਆਉਂਦੀ ਹੈ। ਹਾੜੀ ਦੀ ਫਸਲ, ਕਣਕ ਦੀਆਂ ਵਾਢੀਆਂ ਮੁੱਕ ਜਾਂਦੀਆਂ ਹਨ। ਕਿਸਾਨ ਕੋਲ ਸਮੇਂ ਦੀ ਵਿਹਲ ਹੁੰਦੀ ਹੈ। ਫਸਲ ਦੀ ਵੱਟਕ ਦਾ ਪੈਸਾ ਹੁੰਦਾ ਹੈ। ਉਹ ਬੇਫਿਕਰ ਮਸਤੀ ਵਿਚ ਝੂਮਦਾ ਹੈ। ਵਿਸਾਖੀ ਦੇ ਸੱਭਿਆਚਾਰਕ ਮੇਲੇ ਮਨਾਉਂਦਾ ਹੈ। ਧਾਰਮਿਕ ਤੌਰ 'ਤੇ ਵਿਸਾਖੀ ਦਿਹਾੜਾ ਗੁਰਦੁਆਰਿਆਂ ਵਿਚ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦ ਹੈ। ਵਿਸ਼ੇਸ਼ ਦੀਵਾਨ ਸੱਜਦੇ ਹਨ। ਅਖੰਡ ਪਾਠ, ਕਥਾ ਕੀਰਤਨ, ਕਵੀਸ਼ਰੀ, ਧਾਰਮਿਕ ਕਵੀ ਦਰਬਾਰ ਅਤੇ ਢਾਡੀ ਬੀਰ-ਰਸੀ ਵਾਰਾਂ ਗਾਉਂਦੇ ਹਨ। ਇਸ ਤਰ੍ਹਾਂ ਵਿਸਾਖੀ ਦੇ ਸਜੇ ਦੀਵਾਨਾਂ ਵਿਚ ਸੰਗਤਾਂ ਨੂੰ ਗੌਰਵਮਈ ਧਾਰਮਿਕ ਸਿੱਖ ਵਿਰਸੇ ਨਾਲ ਜੋੜਿਆ ਜਾਂਦਾ ਹੈ।

ਸਿੱਖ ਪੰਥ ਵਿਚ ਸੰਨ 1699 ਦੀ ਵਿਸਾਖੀ ਦਾ ਦਿਹਾੜਾ ਇਕ ਮਹੱਤਵਪੂਰਨ ਦਿਵਸ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸੰਗਤਾਂ ਵਿਚ ਹੁਕਮਨਾਮੇ ਭੇਜੇ ਕਿ ਪਹਿਲੀ ਵੈਸਾਖ 1756 (30 ਮਾਰਚ, 1699) ਨੂੰ ਸੰਗਤਾਂ ਅਨੰਦਪੁਰ ਪਹੁੰਚਣ। ਮਾਰਚ 30, ਕੇਸਗੜ੍ਹ ਦੇ ਕਿਲ੍ਹੇ ਵਿਚ ਭਾਰੀ ਦੀਵਾਨ ਸਜਾਇਆ ਗਿਆ। ਵੱਡੇ ਦੀਵਾਨ ਅਸਥਾਨ ਦੇ ਨਾਲ ਇਕ ਤੰਬੂ ਲਗਾਇਆ ਗਿਆ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਗੁਰੂ ਸਾਹਿਬ ਜੀ ਨੇ ਆਪਣੀ ਕਿਰਪਾਨ ਲਹਿਰਾ ਕੇ ਗਜਵੀਂ ਆਵਾਜ਼ ਵਿਚ ਫੁਰਮਾਇਆ: ਕੋਈ ਹੈ ਜੋ ਧਰਮ ਉੱਤੇ ਜਾਨ ਵਾਰਨ ਲਈ ਤਿਆਰ ਹੈ। ਇਕ ਸੰਨਾਟੇ ਵਿਚੋਂ ਭਾਈ ਦਇਆ ਰਾਮ ਲਾਹੌਰ ਵਾਲੇ ਉੱਠੇ ਤੇ ਆਪਣਾ ਸੀਸ ਭੇਂਟ ਕੀਤਾ। ਫਿਰ ਵਾਰੀ-ਵਾਰੀ ਭਾਈ ਧਰਮ ਸਿੰਘ ਦਿੱਲੀ, ਭਾਈ ਹਿੰਮਤ ਸਿੰਘ ਜਗਨਨਾਥ ਪੁਰੀ, ਭਾਈ ਮੁਹਕਮ ਚੰਦ ਦੁਆਰਕਾ ਤੇ ਭਾਈ ਸਾਹਿਬ ਚੰਦ ਬਿਦਰ ਦੇ ਰਹਿਣ ਵਾਲਿਆਂ ਨੇ ਸੀਸ ਗੁਰੂ ਹਵਾਲੇ ਕੀਤੇ। ਗੁਰੂ ਸਾਹਿਬ ਜੀ ਨੇ ਕਿਹਾ ਕਿਉਂਕਿ ਪੰਜਾਂ ਨੇ ਆਪੇ ਤੋਂ ਉੱਪਰ ਉੱਠ ਕੇ ਗੁਰੂ ਦੇ ਪਿਆਰੇ ਬਣੇ ਹਨ। ਪੰਜਾਂ ਨੂੰ ਅੰਮ੍ਰਿਤ ਛਕਾ ਕੇ 'ਸਿੰਘ' ਦਾ ਨਾਮ ਦਿੱਤਾ। ਫਿਰ ਪੰਜਾਂ ਤੋਂ ਆਪ ਅੰਮ੍ਰਿਤ ਛਕਣ ਦੀ ਯਾਚਨਾ ਕੀਤੀ ਤੇ ਅੰਮ੍ਰਿਤ ਛੱਕਿਆ। ਇਹ ਸਿੱਖ ਪੰਥ ਵਿਚ ਇਕ ਅਦੁੱਤੀ ਇਨਕਲਾਬ ਸੀ। ਭਾਈ ਗੁਰਦਾਸ ਜੀ ਅਨੁਸਾਰ:

ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ।

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਉਸ ਦਿਨ 3 ਹਜ਼ਾਰ ਸਿੰਘਾਂ ਨੇ 'ਖੰਡੇ ਬਾਟੇ ਦਾ ਅੰਮ੍ਰਿਤ ਛਕਿਆ। ਖਾਲਸਾ ਪੰਥ ਦੀ ਨੀਂਹ ਰੱਖੀ ਗਈ। ਉਦੋਂ ਇਕ ਪਾਸੇ ਅਮਨ ਪਸੰਦ ਸੰਤ ਸੁਭਾਅ ਹਕੂਮਤਾਂ ਦੇ ਦਬਾਏ ਸਤਾਏ ਲੋਕ ਸਨ। ਜਿਨ੍ਹਾਂ 'ਤੇ ਜਬਰੀ ਧਰਮ ਪ੍ਰੀਵਰਤਨ ਦੇ ਜ਼ੁਲਮ ਢਾਹੇ ਜਾਂਦੇ ਸਨ। ਨਿਕੰਮੇ, ਗਰੀਬ, ਕਮਜ਼ੋਰ ਜਾਣੇ ਜਾਂਦੇ ਸਨ। ਦੂਸਰੇ ਪਾਸੇ ਜ਼ਾਲਮ ਹਾਕਮ ਜਿਨ੍ਹਾਂ ਕੋਲ ਵਿਸ਼ਾਲ ਸਾਮਰਾਜ ਅਤੇ ਰਾਜ ਪ੍ਰਬੰਧ ਦੇ ਨਾਲ ਵੱਡੀ ਫੌਜੀ ਤਾਕਤ ਸੀ। ਗੁਰੂ ਸਾਹਿਬ ਜੀ ਨੇ ਜਨ ਸਾਧਾਰਨ ਵਿਚ ਚੜ੍ਹਦੀ ਕਲਾ ਦਾ ਜੋਸ਼ ਭਰਨ ਲਈ ਉਪਦੇਸ਼ ਦਿੱਤਾ ਕਿ ਜਦੋਂ ਸ਼ਾਂਤਮਈ ਢੰਗ ਦਾ ਹਰ ਵਸੀਲਾ ਵੀ ਜ਼ੁਲਮ ਨਾ ਰੋਕ ਸਕੇ, ਤਾਂ ਹਥਿਆਰ ਉਠਾਉਣਾ ਜਾਇਜ਼ ਬਣ ਜਾਂਦਾ ਹੈ, ਜਿਸ ਨਾਲ ਆਪਣੀ ਦੱਬੀ-ਕੁਚਲੀ ਲਿਤਾੜੀ ਪਰਜਾ ਦੀ ਰਾਖੀ ਕੀਤੀ ਜਾਵੇ। ਗੁਰੂ ਸਾਹਿਬ ਜੀ ਨੇ ਅਜਿਹਾ ਫੌਜੀ-ਖਾਲਸਾ ਸਾਜਿਆ, ਜਿਸ ਨੇ ਕੌਮ ਦੀ ਤਕਦੀਰ ਬਦਲ ਦਿੱਤੀ, ਜਿਸ ਨੇ ਮੁਗਲ ਸਾਮਰਾਜ ਦੇ ਹਰ ਜ਼ੁਲਮ ਦਾ ਡੱਟ ਕੇ ਮੁਕਾਬਲਾ ਕੀਤਾ। ਬੜੇ ਬਿਖੜੇ ਪੈਂਡਿਆਂ ਅਤੇ ਜ਼ੋਖਮਾਂ ਵਿਚੋਂ ਲੰਘ ਕੇ ਸੰਗਠਿਤ ਖਾਲਸਾ ਰਾਜ ਸਥਾਪਤ ਕੀਤਾ। ਆਪਾ ਵਾਰਨ ਦੀ ਕਸਵੱਟੀ ਦਾ ਸਿਧਾਂਤ ਸਾਨੂੰ ਗੁਰਬਾਣੀ ਵਿਚੋਂ ਮਿਲਦਾ ਹੈ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰਿ ਧਰਿ ਤਲੀ ਗਲੀ ਮੇਰੀ ਆਉ ॥
(ਅੰਗ : 1412)

ਗੁਰੂ ਸਾਹਿਬ ਜੀ ਨੇ ਪੰਜਾਂ ਪਿਆਰਿਆਂ ਦੀ ਚੋਣ ਵੱਖ-ਵੱਖ ਜਾਤਾਂ ਵਿਚੋਂ ਕੀਤੀ ਅਤੇ ਪੰਥ ਨੂੰ ਏਕਤਾ ਦੀ ਲੜੀ ਵਿਚ ਪਰੋ ਦਿੱਤਾ। 'ਨੀਚੋ ਊਚ ਕਰੇ ਮੇਰਾ ਸੁਆਮੀ' ਦੇ ਪ੍ਰਵਚਨ ਨੂੰ ਪ੍ਰਤੱਖ ਸਿੱਧ ਕਰ ਵਿਖਾਇਆ। ਸਿੰਘਾਂ ਨੂੰ ਸ਼ਸਤਰਧਾਰੀ ਬਣਾ ਕੇ ਸੂਰਬੀਰ ਕੌਮ ਦੀ ਨੀਂਹ ਰੱਖੀ। ਮੀਰੀ-ਪੀਰੀ ਦੇ ਸਿੱਖ ਸਿਧਾਂਤ ਨੂੰ ਦ੍ਰਿੜ੍ਹ ਕਰਵਾਇਆ। ਗੁਰੂ ਸਾਹਿਬ ਜੀ ਨੇ ਕੌਮ ਦੀ ਅਗਵਾਈ ਕਰਦਿਆਂ, ਗੁਰੂ ਪੰਥ ਦੇ ਸੰਕਲਪਿਤ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਿਧਾਂਤ ਨਾਲ ਜੋੜਿਆ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਅਤੇ ਖਾਲਸੇ ਦੇ ਸੰਬੰਧਾਂ ਨੂੰ ਹਲੀਮੀ ਭਾਵ ਵਿਚ ਕਿਹਾ ਸੀ:-

ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ ॥
ਨਹੀ ਮੋ ਸੋ ਗਰੀਬ ਕਰੋੜ ਪਰੈ ॥

ਸਮੁੱਚੀ ਮਾਨਵਤਾ ਦੇ ਭਲੇ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸਿੱਖਾਂ ਵਿਚ ਆਤਮ-ਬਲ ਅਤੇ ਸਵੈ-ਮਾਣ ਦਾ ਵਿਸ਼ਵਾਸ ਜਾਗ੍ਰਿਤ ਕਰਕੇ ਖਾਲਸੇ ਨੂੰ ਸੰਤ-ਸਿਪਾਹੀ ਦਾ ਅਮਲੀ ਰੂਪ ਦਿੱਤਾ। ਸਿੱਖ-ਸਿਧਾਂਤ ਅਨੁਸਾਰ ਕੋਈ ਤਬਦੀਲੀ ਨਹੀਂ ਸੀ, ਬਲਕਿ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਸਥਾਪਤ ਮਨੋਰਥ ਨੂੰ ਪੱਕਾ ਕਰ ਦਿੱਤਾ ਕਿ ਖਾਲਸੇ ਸਮਾਜ ਦੇ ਰੱਖਿਅਕ ਅਤੇ ਸੇਵਕ ਹੋਣ। ਸਮਾਜ ਵਿਚੋਂ ਦੁੱਖਾਂ ਦਾ ਨਾਸ਼ ਕਰਨ ਲਈ ਦੋਖੀਆਂ ਦੇ ਜ਼ੁਲਮ ਖਿਲਾਫ ਲੜਨ। ਜ਼ੁਲਮ ਦੀ ਸਤਾਈ ਜਨਤਾ ਅਮਨ ਦਾ ਜੀਵਨ ਬਸਰ ਕਰ ਸਕੇ। ਗੁਰ-ਸ਼ੋਭਾ ਦਾ ਕਰਤਾ ਸੈਨਾਪਤੀ ਲਿਖਦਾ ਹੈ:-

ਅਸੁਰ ਸਿੰਘਾਰਬੇ ਕੋ ਦੁਰਜਨ ਕੋ ਮਾਰ ਬੋ ਕੋ।

ਸੰਕਟ ਨਿਵਾਰਬੇ ਕੋ ਖਾਲਸਾ ਬਨਾਯੋ ਹੋ।

ਜਿਹੜੇ ਚਿੜੀਆਂ ਦੇ ਫੜਕਣ ਤੋਂ ਡਰ ਜਾਂਦੇ ਸਨ। ਨੀਵੀਆਂ ਜਾਤਾਂ ਦੇ ਨਿਕੰਮੇ ਸਮਝੇ ਜਾਂਦੇ ਸਨ, ਉਨ੍ਹਾਂ ਵਿਚ ਚੜ੍ਹਦੀ ਕਲਾ ਦੀ ਭਾਵਨਾ ਭਰ ਦਿੱਤੀ।

ਸ਼ੀ ਅਸਿਪਾਨਜ਼ ਤਬੈ ਕਹਾਉਂ
ਚਿੜੀਆਂ ਤੋਂ ਜਬ ਬਾਜ ਤੁੜਾਉਂ
ਜਾਂ
ਸਵਾ ਲਾਖ ਸੇ ਏਕੁ ਲੜਾਉਂ
ਤਬੈ ਗੋਬਿੰਦ ਸਿੰਘ ਨਾਮੁ ਕਹਾਉਂ
--
ਲਘੁ ਜਾਤਨ ਕੋ ਬਡਪਨ ਦੇ ਹੈਂ
--
ਇਨਹੀ ਗਰੀਬ ਸਿੰਘਨ ਕੋ ਦੇਉਂ ਪਾਤਿਸ਼ਾਹੀ।
ਯੇ ਯਾਦ ਕਰੇਂ ਹਮਰੀ ਗੁਰਆਈ।
ਜੀਵਤ ਰਹੇਂ ਤੋਂ ਰਾਜ਼ ਕਰੇਂ ਹੈਂ
ਮਰਹਿ ਤੋਂ ਗੁਰਪੁਰ ਜਾਈਂ।

ਗੁਰੂ ਪਾਤਿਸ਼ਾਹ ਨੇ ਇਕ ਸਰੂਪ ਹੀ ਨਹੀਂ, ਬਲਕਿ ਜੀਵਨ ਮੰਤਵ, ਵਿਸ਼ਵਾਸ ਤੇ ਅਸੂਲਾਂ ਦੀ ਸਮਰੂਪਤਾ ਵੀ ਬਖਸ਼ੀ। ਪਹਿਲੇ ਰੀਤੀ-ਰਿਵਾਜ਼, ਝੂਠੇ ਕਰਮਕਾਂਡਾਂ, ਵੰਡੀਆਂ, ਮਨੂੰ ਸ਼ਾਸਤਰ ਵਰਣ, ਜਾਤ-ਪਾਤ ਤੋਂ ਖਾਲਸੇ ਨੂੰ ਆਜ਼ਾਦ ਕਰ ਦਿੱਤਾ। ਖਾਲਸਾ ਕੇਵਲ ਇਕ ਸਰਬਸ਼ਕਤੀਮਾਨ, ਸ੍ਰਿਸ਼ਟੀ ਦੇ ਸਾਜਨਹਾਰ, ਪਾਲਣਹਾਰ ਪ੍ਰਮੇਸਰ ੧ਓ 'ਤੇ ਹੀ ਵਿਸ਼ਵਾਸ ਰੱਖੇਗਾ। ਇਕ ਅਕਾਲ ਪੁਰਖ ਦੀ ਸਿਫਤ-ਸਾਲਾਹ ਕਰੇਗਾ। ਖਾਲਸਾ ਵਾਹਿਗੁਰੂ ਦਾ ਹੈ ਅਤੇ ਫਤਿਹ ਵੀ ਅਕਾਲ ਪੁਰਖ ਵਾਹਿਗੁਰੂ ਦੀ ਹੈ। ਖਾਲਸਾ ਅਕਾਲ ਪੁਰਖ ਦੇ ਹੁਕਮ ਤੋਂ ਉਤਪੰਨ ਹੋਇਆ ਹੈ। ਇਹ ਮਿੱਟ ਨਹੀਂ ਸਕਦਾ। ਗੁਰੂ ਜੀ ਨੇ ਸਿੰਘਾਂ ਨੂੰ ਅਹਿਸਾਸ ਕਰਵਾਇਆ ਕਿ ਉਹ ਬਲ-ਹੀਣ ਨਹੀਂ ਹਨ, ਸਗੋਂ ਉਨ੍ਹਾਂ ਨੂੰ ਆਪਣੀ ਅੰਦਰੂਨੀ ਸ਼ਕਤੀ ਨੂੰ ਪਛਾਨਣ ਦੀ ਲੋੜ ਹੈ, ਜੋ ਚੜ੍ਹਦੀ ਕਲਾ ਦਾ ਜੀਵਨ ਪ੍ਰਦਾਨ ਕਰਦੀ ਹੈ।

ਵਿਸਾਖੀ ਸਾਨੂੰ ਦ੍ਰਿੜ੍ਹ ਕਰਵਾਉਂਦੀ ਹੈ ਕਿ ਜੋ ਸੱਚਾ ਖਾਲਸਾ ਹੈ, ਉਹ ਪ੍ਰਮਾਤਮਾ ਦੀ ਪਰਮਸਤ ਹੋਂਦ ਨੂੰ ਮੰਨਦਾ ਹੈ। ਕਿਸੇ ਹੋਰ ਨੂੰ ਨਹੀਂ ਮੰਨਦਾ। ਪ੍ਰਮਾਤਮਾ ਦੀ ਆਸਥਾ ਵਿਚ ਗੁਰ ਉਪਦੇਸ਼ ਅਨੁਸਾਰ ਝੂਠੇ ਕਰਮਕਾਂਡਾਂ, ਵਹਿਮਾਂ-ਭਰਮਾਂ, ਪਾਖੰਡਾਂ ਦਾ ਵਿਰੋਧ ਕਰਦਾ ਹੈ। ਬਰਾਬਰੀ ਦੇ ਭਾਈਚਾਰੇ ਦੀ ਸਥਾਪਨਾ ਕਰਦਾ ਹੈ। ਉਸੇ ਖਾਲਸੇ ਦੀ ਚੜ੍ਹਦੀ ਕਲਾ ਦੀ ਕ੍ਰਿਪਾ ਨਾਲ ਯੁੱਧ ਜਿੱਤੇ ਗਏ। ਪ੍ਰਾਲਭਤ ਪ੍ਰਾਪਤ ਹੋਈ, ਮਾਇਆ ਆਈ ਪਾਪਾਂ ਦਾ ਨਾਸ਼ ਹੋਇਆ। ਅਧਿਆਤਮਕ ਵਿਦਿਆ ਵਿਚ ਉੱਨਤੀ ਹੋਈ। ਸ਼ਤਰੂਆਂ ਦਾ ਸੰਘਾਰ ਹੋਇਆ। ਇਹ ਸਭ ਕੁੱਝ ਖਾਲਸੇ ਕਰਕੇ ਹੋਇਆ। ਗੁਰੂ ਜੀ ਨੇ ਆਪਣੇ ਪੂਰਵਜ਼ਾਂ ਦੇ ਸਿਧਾਂਤ ਅਨੁਕੂਲ ਆਮ ਜਨਤਾ ਨਾਲ ਖੜ੍ਹੇ ਹੋਏ।

ਗੁਰੂ ਸਾਹਿਬ ਜੀ ਦਾ ਉਪਦੇਸ਼ ਹੈ ਕਿ ਕਹਿਣੀ ਅਤੇ ਕਥਨੀ ਵਿਚ ਖਾਲਸਾ ਪੱਕਾ ਹੋਵੇ। ਮਨ ਵਿਚ ਹੋਰ ਮੁੱਖ ਵਿਚ ਹੋਰ ਨਾ ਹੋਵੇ। ਸੱਚਾਈ 'ਤੇ ਚੱਲਣਾ ਨੇਕੀ ਅਤੇ ਧਰਮ ਦਾ ਕੰਮ ਹੈ। ਸੰਗਤ ਨੂੰ ਸ਼ਬਦ ਗਿਆਨ ਨਾਲ ਜੋੜਿਆ। ਖਾਲਸਾ ਗੁਰੂ ਦੇ ਸਨਮੁੱਖ ਹੋ ਕੇ ਅਰਦਾਸ ਕਰੇ। ਪ੍ਰਮਾਤਮਾ ਨਾਲ ਸਿੱਧਾ ਰਾਬਤਾ ਬਣਾਵੇ। ਗੁਰੂ ਸਾਹਿਬ ਜੀ ਨੇ ਖਾਲਸੇ ਨੂੰ ਮੁਕਤੀ ਦਾ ਹੱਕਦਾਰ ਬਣਾ ਦਿੱਤਾ। ਸਿੰਘਾਂ ਨੂੰ ਬੁਰਾਈਆਂ, ਵਿਕਾਰਾਂ ਤੋਂ ਬਚਾ ਕੇ ਸ਼ਕਤੀ ਪ੍ਰਦਾਨ ਕਰਕੇ ਜ਼ੋਰਾਵਰ ਬਣਾ ਦਿੱਤਾ। ਗੁਰੂ ਸਾਹਿਬ ਜੀ ਦਾ ਉੱਤਮ ਉਪਦੇਸ਼ ਹੈ ਕਿ ਖਾਲਸਾ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੇ। ਸ਼ਬਦ ਰਾਹੀਂ ਗਿਆਨਵਾਨ ਬਣੇ। ਵਿੱਦਿਅਕ, ਅਧਿਆਤਮਕ, ਆਰਥਿਕ, ਰਾਜਨੀਤਿਕ ਅਤੇ ਵਿਵਹਾਰ ਵਿਚ ਸੂਝਵਾਨ ਬਣੇ।

ਅੰਤਿਕਾ: ਵਿਸਾਖੀ ਸਿੱਖ-ਪੰਥ ਦਾ ਅਨਿੱਖੜਵਾਂ ਅੰਗ ਬਣ ਗਈ। ਖਾਲਸੇ ਦਾ ਜਨਮ ਦਿਨ ਹੋਣ ਕਰਕੇ ਇਹ ਸਿੱਖਾਂ ਦਾ ਮਹੱਤਵਪੂਰਨ ਦਿਹਾੜਾ ਹੈ। ਵਿਸਾਖੀ ਮਨਾਉਣ ਦਾ ਅਸਥਾਨ ਅੰਮ੍ਰਿਤਸਰ ਬਣ ਗਿਆ ਸੀ। ਅੰਮ੍ਰਿਤਸਰ ਦੀ ਮਹੱਤਤਾ ਗੁਰੂ ਰਾਮਦਾਸ ਸਾਹਿਬ ਜੀ ਦੇ ਸਮੇਂ ਤੋਂ ਹੈ, ਜੋ ਸਿੱਖ ਧਰਮ ਦਾ ਕੇਂਦਰ ਬਣਿਆ। ਸਿੱਖ ਇਤਿਹਾਸ ਦੀਪਮਾਲਾ ਅਤੇ ਵਿਸਾਖੀ ਨਾਲ ਜੁੜਿਆ ਹੈ। ਵਿਸਾਖੀ ਸਾਡੇ ਲਈ ਉਹ ਦਿਹਾੜਾ ਬਣ ਗਿਆ, ਜੋ ਸਾਨੂੰ ਜ਼ੁਲਮਾਂ ਦਾ ਟਾਕਰਾ ਕਰਨ ਲਈ ਪ੍ਰੇਰਨਾ ਦਿੰਦਾ ਹੈ। ਪੰਥ ਭਲਾਈ ਲਈ ਗੁਰਮਤੇ ਕਰਨ ਦਾ ਅਵਸਰ ਦਿੰਦਾ ਹੈ। ਕੌਮ ਨੂੰ ਮਜ਼ਬੂਤ ਕਰਨ ਦਾ ਉਤਸ਼ਾਹ ਭਰਦਾ ਹੈ। ਵਿਸਾਖੀ ਖਾਲਸੇ ਦਾ ਪ੍ਰਣ ਹੈ ਕਿ ਉਹ ਜ਼ੁਲਮਾਂ ਨਾਲ ਟਕਰਾਉਂਦਾ ਰਹੇਗਾ ਅਤੇ ਅੱਤਿਆਚਾਰ ਦਾ ਮੁਕਾਬਲਾ ਕਰਨ ਲਈ ਤੱਤਪਰ ਰਹੇਗਾ। ਚੜ੍ਹਦੀ ਕਲਾ ਵਿਚ ਵੱਧਦਾ ਰਹੇਗਾ।





## ਜਨਮ ਦਿਨ 'ਤੇ ਵਿਸ਼ੇਸ਼

# ਸਾਹਿਬਜ਼ਾਦਾ ਜੁਝਾਰ ਸਿੰਘ ਜੀ

ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060
gumtalacs@gmail.com
ਪੰਜਾਬ ਮੇਲUSA



ਆਪ ਜੀ ਦਸ਼ਮੇਸ਼ ਪਿਤਾ ਜੀ ਦੇ ਦੂਜੇ ਪੁੱਤਰ ਸਨ। ਆਪ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਸੰਮਤ 1747 (14 ਮਾਰਚ 1691 ਈ.) ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਆਪ ਦਾ ਪਾਲਣ-ਪੋਸ਼ਣ ਵੀ ਬਾਬਾ ਅਜੀਤ ਸਿੰਘ ਜੀ ਵਾਂਗ ਹੀ ਹੋਇਆ। ਆਪ ਜੀ ਨੇ ਧਾਰਮਿਕ ਵਿਦਿਆ, ਸ਼ਸਤਰ ਵਿਦਿਆ ਅਤੇ ਰਣਨੀਤੀ ਗ੍ਰਹਿਣ ਕੀਤੀ। ਅੱਠ ਸਾਲ ਦੀ ਉਮਰ ਵਿਚ ਅੰਮ੍ਰਿਤ ਪਾਨ ਕੀਤਾ। ਆਪ ਜੀ ਵੀ ਗੁਰੂ ਪਿਤਾ ਅਤੇ ਵੱਡੇ ਭਰਾਤਾ ਬਾਬਾ ਅਜੀਤ ਸਿੰਘ ਤੇ ਹੋਰ ਮਰਜੀਵੜੇ ਸਿੰਘਾਂ ਨਾਲ ਚਮਕੌਰ ਸਾਹਿਬ ਪਹੁੰਚੇ। ਬਾਬਾ ਜੁਝਾਰ ਸਿੰਘ ਜੀ ਨੇ ਗੜ੍ਹੀ ਦੀ ਅਟਾਰੀ 'ਤੇ ਬੈਠ ਕੇ ਸਿੰਘਾਂ ਸੂਰਮਿਆਂ ਅਤੇ ਬਾਬਾ ਅਜੀਤ ਸਿੰਘ ਜੀ ਦਾ ਜੰਗ ਵੇਖਿਆ। ਜਦੋਂ ਬਾਬਾ ਅਜੀਤ ਸਿੰਘ ਜੀ ਸ਼ਹੀਦ ਹੋ ਗਏ, ਤਾਂ ਬਾਬਾ ਜੁਝਾਰ ਸਿੰਘ ਜੀ ਦਾ ਖ਼ੂਨ ਖੌਲਿਆ ਤੇ ਜੰਗ ਕਰਨ ਦੀ ਲਾਲਸਾ ਪ੍ਰਬਲ ਹੋ ਉੱਠੀ। ਗੁਰੂ ਪਿਤਾ ਜੀ ਤੋਂ ਆਗਿਆ ਮੰਗੀ। ਇਸ ਘਟਨਾ ਨੂੰ ਅੱਲਾ ਯਾਰ ਖਾਂ ਇਉਂ ਬਿਆਨ ਕਰਦੇ ਹਨ :-

ਬੇਟੇ ਕੋ ਸ਼ਹਾਦਤ ਮਿਲੀ ਦੇਖਾ ਜੋ ਪਿਦਰ ਨੇ।
ਇਸ ਵਕਤ ਕਹਾ ਨੰਨੇ ਸੇ ਮਾਸੂਮ ਪਿਸਰ ਨੇ।
ਰੁਖਸਤ ਹਮੇਂ ਦਿਲਵਾਉ ਪਿਤਾ ਜਾਏਗੇ ਮਰਨੇ।

ਪਿਤਾ ਦੇ ਸਾਹਮਣੇ ਵੱਡਾ ਬੇਟਾ ਸ਼ਹੀਦ ਹੋ ਗਿਆ। ਛੋਟੇ ਪੁੱਤਰ ਨੇ ਵੇਖ ਕੇ ਪਿਤਾ ਗੁਰੂ ਤੋਂ ਆਗਿਆ ਮੰਗੀ ਕਿ ਮੈਨੂੰ ਵੀ ਰਣ ਤੱਤੇ ਵਿਚ ਕੁੱਦਣ ਦਿਓ। ਬਾਬਾ ਜੁਝਾਰ ਸਿੰਘ ਜੀ ਦੀ ਬੇਨਤੀ ਸੁਣ ਕੇ ਪਿਤਾ ਗੁਰੂ ਜੀ ਨੇ ਫਰਮਾਇਆ, ਬੇਟਾ ਤੁਸੀਂ ਪੰਥ ਦੀ ਬੇੜੀ ਦੇ ਮਲਾਹ ਹੋ, ਸੀਸ ਭੇਟ ਕਰੋ ਤਾਂ ਜੋ ਧਰਮ ਦਾ ਬੇੜਾ ਪਾਰ ਲੱਗੇ। ਜਾਓ ਤੁਹਾਨੂੰ ਵੱਡੇ ਭਾਈ ਬਾਬਾ ਅਜੀਤ ਸਿੰਘ ਜੀ ਉਡੀਕ ਰਹੇ ਹਨ। ਮੇਰੀ ਚਾਹਨਾ ਹੈ ਕਿ ਮੈਂ ਤੈਨੂੰ ਜੰਗ ਵਿਚ ਬਰਛੀ ਚਲਾਉਂਦੇ ਤੇ ਬਰਛੀ ਦਾ ਵਾਰ ਸਹਿੰਦੇ ਹੋਏ ਵੇਖਾਂ।

ਪਿਤਾ ਗੁਰੂ ਜੀ ਨੇ ਆਗਿਆ ਦਿੱਤੀ, ਸ਼ਸਤਰ ਸਜਾਏ ਅਤੇ ਪੰਜ ਸਿੰਘ ਨਾਲ ਤੋਰੇ। ਕਵਿ ਸੈਨਾ ਪਤਿ ਲਿਖਦੇ ਹਨ :-

ਜਬ ਦੇਖਿਓ ਜੁਝਾਰ ਸਿੰਘ ਸਮਾਂ ਪਹੁੰਚਿਓ ਆਨ।
ਦੌਰਿਓ ਦਲ ਮੈਂ ਧਾਇ ਕੈ ਕਰ ਮਹਿ ਗਹੀ ਕਮਾਨ।

ਬਾਬਾ ਜੁਝਾਰ ਸਿੰਘ ਜੀ ਨੂੰ ਰਣ ਵਿਚ ਜੂਝਣ ਦਾ ਕਿੰਨਾ ਚਾਓ ਸੀ :-

ਐਸੇ ਰੌਰੇ ਜਬ ਊਹਾ ਭਇਓ। ਸਾਹਿਬ ਜੁਝਾਰ ਸਿੰਘ ਮਨ ਮਹਿ ਠਯੋ।
ਅਬ ਜੀਵਨ ਕੋ ਕੁਛ ਧ੍ਰਮ ਨਹੀਂ। ਪੁਤ੍ਰ ਜੀਵੈ ਲੜ ਪਿਤਾ ਮਰਾਹੀ।

ਬਾਬਾ ਅਜੀਤ ਸਿੰਘ ਜੀ ਤੋਂ ਬਾਅਦ ਜਦੋਂ ਬਾਬਾ ਜੁਝਾਰ ਸਿੰਘ ਰਣ ਤੱਤੇ ਵਿਚ ਗਰਜੇ, ਤਾਂ ਵੈਰੀ ਦਲਾਂ ਵਿਚ ਸਹਿਮ ਛਾ ਗਿਆ। ਦੁਸ਼ਮਣ ਅੱਗੇ-ਅੱਗੇ ਭੱਜਣ ਲੱਗੇ, ਡਰ ਦੇ ਮਾਰੇ ਕੋਈ ਨੇੜੇ ਨਹੀਂ ਢੁੱਕਦਾ ਸੀ। ਜੰਗ ਵਿਚ ਲੋਥਾਂ ਦੇ ਢੇਰ ਲੱਗ ਗਏ। ਸਾਹਿਜ਼ਾਦੇ ਦੇ ਨੇਜ਼ੇ ਨੇ ਐਸੇ ਕਮਾਲ ਦਿਖਾਏ ਕਿ ਮੁਗਲ ਫੌਜਾਂ ਹੈਰਾਨ ਰਹਿ ਗਈਆਂ ਕਿ ਇਤਨੀ ਛੋਟੀ ਉਮਰ ਵਿਚ ਨੇਜ਼ਾ ਬਾਜ਼ੀ ਦੀ ਇਤਨੀ ਮੁਹਾਰਤ ਅਤੇ ਨਿਰਭੈਤਾ। ਯੋਗੀ ਅੱਲਾ ਯਾਰ ਖਾਂ ਜੀ ਇਸ ਤਰ੍ਹਾਂ ਲਿਖਦੇ ਹਨ :-

ਦਸ ਬੀਸ ਕੋ ਜਖਮੀ ਕੀਆ ਦਸ ਬੀਸ ਕੋ ਮਾਰਾ।
ਇਕ ਹਮਲੇ ਮੇਂ ਇਸ ਏਕ ਨੇ ਇੱਕੀਸ ਕੋ ਮਾਰਾ।
ਖੰਨਾਸ ਕੋ ਮਾਰਾ ਕਭੀ ਇਬਲੀਸ ਕੋ ਮਾਰਾ।
ਗੁਲ ਮਚ ਗਿਆ ਇਕ ਤਿਫਲ ਨੇ ਚਾਲੀਸ ਕੋ ਮਾਰਾ।
ਬਚ ਬਚ ਕੇ ਲੜੋ ਕਲਗੀਓ ਵਾਲੇ ਕੇ ਪਿਸਰ ਸੇ।
ਯਿਹ ਨੀਮਚਾਂ ਲਾਏ ਹੈਂ ਗੁਰੂ ਜੀ ਕੀ ਕਮਰ ਸੇ।

ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਘਮਸਾਨ ਮਚਾ ਦਿੱਤਾ। ਇੱਕੋ ਹਮਲੇ ਵਿਚ 21 ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਰਾਂਖਸ਼ਾਂ ਵਰਗੇ ਦੈਂਤ ਪਠਾਣਾਂ ਨੂੰ ਪਰੋ ਦਿੱਤਾ। ਸਾਰੇ ਰੌਲਾ ਮਚ ਗਿਆ ਕਿ ਕਲਗੀਧਰ ਦੇ ਬੀਰ ਸਪੂਤ ਤੋਂ ਬਚ ਕੇ ਲੜੋ। ਇਨ੍ਹਾਂ ਕੋਲ ਪਿਤਾ ਗੁਰੂ ਜੀ ਦਾ ਬਖਸ਼ਿਆ ਖੰਡਾ ਹੈ।



ਗੁਰਦੁਆਰਾ ਗੜ੍ਹੀ ਸਾਹਿਬ

ਪਰ ਪੰਜ ਭੁੱਖੇ ਸਿੰਘ ਲੱਖਾਂ ਦਾ ਮੁਕਾਬਲਾ ਕਿੰਨੀ ਕੁ ਦੇਰ ਕਰ ਸਕਦੇ ਸਨ। ਸਾਹਿਬਜ਼ਾਦੇ ਨੂੰ ਲੜਦਿਆਂ-ਲੜਦਿਆਂ ਸ਼ਾਮ ਪੈ ਗਈ। ਉਸ ਸਮੇਂ ਇੱਕ ਤੀਰ ਆ ਕੇ ਬਾਬਾ ਜੁਝਾਰ ਸਿੰਘ ਦੇ ਦਿਲ ਵਿਚ ਲੱਗਾ। ਮਾਨੋ ਇਹ ਤੀਰ ਕਲੇਜੇ ਵਿਚ ਨਹੀਂ, ਸਗੋਂ ਫੁੱਲ ਵਿਚ ਕੰਡਾ ਵੱਜਾ ਹੈ। ਸਾਰੇ ਪਾਸੇ ਹਨੇਰਾ ਛਾ ਗਿਆ। ਹਾ-ਹਾ ਕਾਰ ਮਚ ਗਈ। ਦਸਮੇਸ਼ ਪਿਤਾ ਦਾ ਲਾਡਲਾ ਸਪੂਤ ਭੁਆਟਣੀ ਖਾ ਕੇ ਜ਼ਮੀਨ 'ਤੇ ਡਿੱਗ ਗਿਆ।

ਇਸ ਤਰ੍ਹਾਂ ਨਾਲ ਸਾਹਿਬ ਜੁਝਾਰ ਸਿੰਘ ਜੀ ਆਪਣੇ ਵੱਡੇ ਭਰਾ ਅਜੀਤ ਸਿੰਘ ਦੇ ਨਾਲ ਰਲ ਕੇ ਬਾਬਾ ਗੁਰੂ ਤੇਗ ਬਹਾਦਰ ਜੀ ਦੀ ਗੋਦ ਵਿਚ ਜਾ ਬੈਠੇ। ਸੂਰਜ ਵੀ ਅਸਤ ਹੋ ਗਿਆ ਮਾਨੋ ਮੁਗਲਾਂ ਦੇ ਰਾਜ ਦਾ ਸੂਰਜ ਹੀ ਡੁੱਬ ਗਿਆ। ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਯਾਦਗਾਰ ਚਮਕੌਰ ਸਾਹਿਬ ਵਿਚ ਗੁਰਦੁਆਰਾ ਕਤਲਗੜ੍ਹ ਸਾਹਿਬ ਅਤੇ ਗੜ੍ਹੀ ਸਾਹਿਬ ਸੁਸ਼ੋਭਿਤ ਹੈ, ਯੋਗੀ ਅੱਲਾ ਯਾਰ ਖਾਂ ਕਹਿੰਦੇ ਹਨ :-

ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ।
ਕਟਾਏ ਬਾਪ ਨੇ ਬੱਚੇ ਜਹਾਂ ਖੁਦਾ ਕੇ ਲੀਏ।
ਚਮਕ ਹੈ ਮਿਹਰ ਕੀ ਚਮਕੌਰ! ਥੇਰੇ ਜ਼ੱਰਰੋ ਮੇਂ।
ਯਹੀਂ ਸੇ ਬਨ ਕੇ ਸਤਾਰੇ ਗਏ ਸ਼ਮਾਂ ਕੇ ਲੀਏ।
ਗੁਰੂ ਗੋਬਿੰਦ ਕੇ ਲ਼ਖ਼ਤਿ ਜਿਗਰ ਅਜੀਤੋ ਜੁਝਾਰ।
ਫਲਕ ਪਿ ਇਕ ਯਹਾਂ ਦੋ ਚਾਂਦ ਹੈ ਜਿਯਾ ਕੇ ਲੀਏ।

ਯੋਗੀ ਜੀ ਕਿੰਨਾ ਸੁੰਦਰ ਬਿਆਨ ਕਰਦੇ ਹਨ ਕਿ ਹਿੰਦੁਸਤਾਨ ਵਿਚ ਯਾਤਰਾ ਕਰਨ ਲਈ ਕੇਵਲ ਇੱਕੋ ਇੱਕ ਤੀਰਥ ਹੈ, ਚਮਕੌਰ ਸਾਹਿਬ। ਜਿੱਥੇ ਕਿ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬੇਟੇ ਧਰਮ ਤੋਂ ਕੁਰਬਾਨ ਕੀਤੇ। ਚਮਕੌਰ ਸਾਹਿਬ ਦੇ ਕਿਣਕੇ-ਕਿਣਕੇ ਵਿਚ ਕੁਰਬਾਨੀ ਰੂਪੀ ਸੂਰਜ ਦੀ ਚਮਕ ਹੈ। ਇਥੋਂ ਹੀ ਸ਼ਹੀਦੀ ਪਰਵਾਨੇ ਉੱਠੇ ਤੇ ਆਕਾਸ਼ 'ਤੇ ਪਹੁੰਚ ਗਏ, ਭਾਵ ਅਮਰ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਸਪੂਤ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਮਾਨੋਂ ਦੋ ਚੰਦ ਇਸ ਅਸਥਾਨ ਨੂੰ ਰੋਸ਼ਨ ਕਰ ਰਹੇ ਹਨ।

ਸ਼ਹੀਦ ਬੀਬੀ ਸ਼ਰਨ ਕੌਰ ਚਮਕੌਰ ਸਾਹਿਬ ਦੇ ਲਾਗਲੇ ਪਿੰਡ ਰਾਏਪੁਰ ਦੀ ਰਹਿਣ ਵਾਲੀ ਸੀ। ਇਸ ਬੀਬੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਰੂਹਾਨੀਅਤ ਤਰੀਕੇ ਦਰਸ਼ਨ ਦੇ ਕੇ ਆਤਮਿਕ ਬਲ ਬਖਸ਼ਿਆ। ਬੀਬੀ ਨੇ ਸ਼ਹੀਦ ਸਾਹਿਬਜ਼ਾਦਿਆਂ ਤੇ ਹੋਰ ਸਿੰਘਾਂ ਦਾ ਸਸਕਾਰ ਕਰਨ ਦੀ ਹਿੰਮਤ ਕੀਤੀ। ਲੱਭ-ਲੱਭ ਕੇ ਕੁਝ ਸ਼ਹੀਦਾਂ ਦੀਆਂ ਦੇਹਾਂ ਇਕੱਠੀਆਂ ਕਰਕੇ ਅੰਗੀਠਾ ਤਿਆਰ ਕਰ ਅੱਗ ਲਾ ਦਿੱਤੀ। ਅੱਗ ਦੇ ਭਾਂਬੜ ਮਚ ਗਏ। ਮੁਗਲ ਸਿਪਾਹੀ ਜੋ ਆਪਣੇ ਮੁਰਦਿਆਂ ਨੂੰ ਦਫਨਾਉਂਦੇ ਥੱਕੇ ਹਾਰੇ ਬੇਸੁਰਤ ਸੁੱਤੇ ਹੋਏ ਸੀ ਅੱਭੜਵਾਹੇ ਉੱਠੇ ਅੱਗ ਦੀਆਂ ਲਾਟਾਂ ਦੇਖ ਕੇ ਭੈ ਭੀਤ ਹੋ ਗਏ। ਕੁਝ ਚਿਰ ਪਿੱਛੋਂ ਹੌਂਸਲਾ ਕਰਕੇ ਅੱਗ ਦੇ ਕੋਲ ਪਹੁੰਚੇ, ਬੀਬੀ ਨੂੰ ਦੇਖ ਕੇ ਹੈਰਾਨ ਹੋ ਗਏ। ਬੀਬੀ ਨੂੰ ਪੁੱਛਿਆ ਤੂੰ ਕੌਣ ਹੈ? ਬੀਬੀ ਨੇ ਗਰਜ ਕੇ ਉਤਰ ਦਿੱਤਾ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਧੀ ਹਾਂ ਤੇ ਸ਼ਹੀਦਾਂ ਦਾ ਸਸਕਾਰ ਕਰ ਰਹੀ ਹਾਂ। ਸਿਪਾਹੀਆਂ ਨੇ ਫੜਨਾ ਚਾਹਿਆ ਪਰ ਬੀਬੀ ਨੇ ਤਲਵਾਰ ਧੂਹ ਕੇ ਕਈਆਂ ਨੂੰ ਮਾਰ ਮੁਕਾਇਆ ਤੇ ਆਪ ਫੱਟੜ ਹੋ ਕੇ ਡਿੱਗ ਪਈ। ਜ਼ਾਬਰ ਸਿਪਾਹੀਆਂ ਨੇ ਗੰਭੀਰ ਜ਼ਖਮੀ ਬੀਬੀ ਸ਼ਰਨ ਕੌਰ ਨੂੰ ਅੱਗ ਵਿਚ ਸੁੱਟ ਦਿੱਤਾ। ਇਉਂ ਬੀਬੀ ਸ਼ਰਨ ਕੌਰ ਨੇ ਸ਼ਹੀਦਾਂ ਦਾ ਸਸਕਾਰ ਕਰਦਿਆਂ 9 ਪੋਹ ਦੀ ਰਾਤ ਸ਼ਹੀਦੀ ਪਾਈ।



ਗੁਰਦੁਆਰਾ ਕਤਲਗੜ੍ਹ ਸਾਹਿਬ।

ਉਨ੍ਹਾਂ ਦਿਨਾਂ ਵਿਚ ਹੀ ਭਾਈ ਰਾਮਾ ਤੇ ਤਿਲੋਕਾ ਜੀ ਮਹਿਰਾਜ ਨਿਵਾਸੀ ਬਾਬਾ ਫੂਲ ਜੀ ਤੇ ਸਪੁੱਤਰ ਸਰਹੰਦ ਮਾਮਲਾ ਤਾਰਨ ਆਏ ਹੋਏ ਸਨ। ਉਨ੍ਹਾਂ ਨੂੰ ਚਮਕੌਰ ਸਾਹਿਬ ਦੇ ਸ਼ਹੀਦੀ ਸਾਕੇ ਦਾ ਪਤਾ ਲੱਗਾ। ਦੋਹਾਂ ਭਰਾਵਾਂ ਨੇ ਬੜਾ ਦੁੱਖ ਮਹਿਸੂਸ ਕੀਤਾ ਤੇ ਸਲਾਹ ਕੀਤੀ ਆਪਾਂ ਜਾਨ ਵਾਰ ਕੇ ਵੀ ਗੁਰੂ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਅਤੇ ਪਿਆਰੇ ਸ਼ਹੀਦ ਸਿੰਘਾਂ ਦਾ ਸਸਕਾਰ ਜ਼ਰੂਰ ਕਰਾਂਗੇ। ਦੂਰੋਂ ਨੇੜਿਓ ਬਾਕੀ ਸਿੰਘਾਂ ਤੇ ਸਾਹਿਬਜ਼ਾਦਿਆਂ ਦੇ ਸਰੀਰ ਇਕੱਠੇ ਕਰਕੇ ਅੱਗ ਦੀ ਭੇਟ ਕਰ ਦਿੱਤੇ। ਇਸ ਤਰ੍ਹਾਂ ਸਤਿਗੁਰੂ ਪਾਤਸ਼ਾਹ ਦੀ ਕ੍ਰਿਪਾ ਸਦਕਾ ਦੋਵੇਂ ਭਰਾ 10 ਪੋਹ ਦੀ ਰਾਤ ਨੂੰ ਸਾਹਿਬਜ਼ਾਦਿਆਂ ਦੇ ਸਸਕਾਰ ਕਰਨ ਵਿਚ ਸਫ਼ਲ ਹੋ ਗਏ।

ਭਾਈ ਸੰਤੋਖ ਸਿੰਘ ਜੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਉਂ ਅੰਕਿਤ ਕਰਦੇ ਹਨ ਕਿ ਸਾਹਿਬਜ਼ਾਦਿਆਂ ਦੇ ਸਰੀਰ ਦੁਸ਼ਮਣਾਂ ਨੂੰ ਨਜ਼ਰ ਹੀ ਨਹੀਂ ਆਏ। ਗੁਰੂ ਕ੍ਰਿਪਾ ਦੁਆਰਾ ਭਾਈ ਤਿਲੋਕਾ ਤੇ ਭਾਈ ਰਾਮਾ ਜੀ ਨੂੰ ਦਰਸ਼ਨ ਹੋ ਗਏ :-

ਦ੍ਰਿਸ਼ਟਿ ਪਰੇ ਨਹਿ ਦੋਹਨੁ ਭਾਈ। ਜੇ ਪਾਵਤਿ ਸਿਰ ਵੱਢ ਲੇ ਜਾਈ।
ਆਪਣੇ ਜਾਨਿ ਦਾਸ ਇਨ ਤਾਈ। ਦੋਨੋ ਲੋਥੈਂ ਦਈ ਦਿਖਾਈ।

**ਵਿਸਥਾਰ ਲਈ ਵੇਖੋ : ਗੁਰਬਾਣੀ ਇਸੁ ਮਹਿ ਚਾਨਣੁ, ਪਰਚਾਰ ਤੇ ਪ੍ਰਸਾਰ ਸੰਸਥਾ, ਐੱਸ.ਏ.ਐੱਸ. ਨਗਰ ਮੁਹਾਲੀ ਦੁਆਰਾ ਪ੍ਰਕਸ਼ਿਤ ਪੁਸਤਕ, ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ**

# ਮੁੱਖ ਮੰਤਰੀ ਦੀ ਕੁਰਸੀ ਇੱਕ : ਦਾਅਵੇਦਾਰ ਅਨੇਕ




-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਪੰਜਾਬ ਦੇ ਕਾਂਗਰਸੀ ਨੇਤਾ ਹਰਿਆਣਾ ਦੇ ਕਾਂਗਰਸੀ ਨੇਤਾਵਾਂ ਦੀਆਂ ਗ਼ਲਤੀਆਂ ਤੋਂ ਵੀ ਸਬਕ ਸਿੱਖਣ ਦੀ ਤਿਆਰ ਨਹੀਂ ਹਨ। 2024 ਵਿਚ ਹੋਈਆਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਮੁੱਖ ਮੰਤਰੀ ਦੀ ਕੁਰਸੀ ਪਿੱਛੇ ਲੜਦਿਆਂ ਕਾਂਗਰਸੀ ਨੇਤਾਵਾਂ ਨੇ ਜਿੱਤੀ ਹੋਈ ਬਾਜ਼ੀ ਗੁਆ ਲਈ ਸੀ। ਉਸ ਸਮੇਂ ਹਰਿਆਣਾ ਵਿਚ ਕਾਂਗਰਸ ਦੀ ਸਰਕਾਰ ਬਣਨ ਦੀ ਪੂਰੀ ਸੰਭਾਵਨਾ ਸੀ। ਇਸ ਸਮੇਂ ਵੀ ਪੰਜਾਬ ਦੇ ਲੋਕ 2027 ਵਿਚ ਫਿਰ ਬਦਲਾਓ ਲਿਆਉਣ ਬਾਰੇ ਸੋਚ ਰਹੇ ਹਨ ਕਿਉਂਕਿ ਆਮ ਆਦਮੀ ਪਾਰਟੀ ਨੇ ਗਰੰਟੀਆਂ ਜ਼ਿਆਦਾ ਕਰ ਲਈਆਂ ਸਨ, ਜਿਨ੍ਹਾਂ ਨੂੰ ਪੰਜਾਬ ਦੀ ਡਾਵਾਂਡੋਲ ਆਰਥਿਕ ਹਾਲਤ ਕਰਕੇ ਪੂਰਾ ਕਰਨਾ ਅਸੰਭਵ ਲੱਗਦਾ ਹੈ। ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਵਿਚ ਅਜੇ ਲਗਪਗ ਦੋ ਸਾਲ ਬਾਕੀ ਹਨ ਪ੍ਰੰਤੂ ਪੰਜਾਬ ਦੇ ਕਾਂਗਰਸੀ ਨੇਤਾ ਮੁੱਖ ਮੰਤਰੀ ਦੀ ਕੁਰਸੀ ਲਈ ਪਹਿਲਾਂ ਹੀ ਲਟਾਪੀਂਘ ਹੋਏ ਪਏ ਹਨ। ਕਾਂਗਰਸੀ ਨੇਤਾ ਬਿਨਾ ਪਾਣੀ ਤੋਂ ਹੀ ਮੌਜੇ ਖੋਲ੍ਹੀ ਫਿਰਦੇ ਹਨ। ਮੁੱਖ ਮੰਤਰੀ ਦੀ ਕੁਰਸੀ ਅਜੇ ਖਾਲ੍ਹੀ ਵੀ ਨਹੀਂ ਪ੍ਰੰਤੂ ਛੇ ਕਾਂਗਰਸੀ ਨੇਤਾ ਪਹਿਲਾਂ ਹੀ ਮੁੱਖ ਮੰਤਰੀ ਦੀ ਕੁਰਸੀ ਦੀਆਂ ਲੱਤਾਂ ਨੂੰ ਚਿੰਬੜਕੇ ਖਿੱਚਣ ਲੱਗੇ ਪਏ ਹਨ। ਮੈਨੂੰ ਲੱਗਦਾ ਹੈ ਕਿ ਕਿਤੇ ਕੁਰਸੀ ਦੀਆਂ ਟੰਗਾਂ ਆਪੇ ਹੀ ਤੋੜ ਨਾ ਦੇਣ, ਇਹ ਉਨ੍ਹਾਂ ਨੂੰ ਵੀ ਪਤਾ ਹੈ ਕਿ ਇਸ ਤਰ੍ਹਾਂ ਪਾਰਟੀ ਲਈ ਲਾਹੇਵੰਦ ਨਹੀਂ ਪ੍ਰੰਤੂ ਕਾਂਗਰਸੀ ਆਪਣੀਆਂ ਆਦਤਾਂ ਤੋਂ ਬਾਜ਼ ਨਹੀਂ ਆ ਰਹੇ। ਇਨ੍ਹਾਂ ਛੇ ਕਾਂਗਰਸੀਆਂ ਦੇ ਨਾਮ ਦੱਸਣ ਦੀ ਕਈ ਲੋੜ ਨਹੀਂ, ਕਿਉਂਕਿ ਪੰਜਾਬੀ ਪੜ੍ਹੇ-ਲਿਖੇ ਸੂਝਵਾਨ ਹਨ, ਹਰ ਰੋਜ਼ ਅਖ਼ਬਾਰਾਂ ਪੜ੍ਹਦਿਆਂ ਕਾਂਗਰਸੀਆਂ ਦੇ ਕਾਟੋ-ਕਲੇਸ਼ ਤੋਂ ਵਾਕਫ਼ ਹਨ, ਕਿਵੇਂ ਉਹ ਇੱਕ ਦੂਜੇ ਨੂੰ ਠਿੱਬੀ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕਾਂਗਰਸੀ ਨੇਤਾਵੋ, ਕਿਤੇ ਇੰਜ ਹੀ ਨਾ ਹੋਵੇ, ਜਿਵੇਂ ਬਿੱਲੀਆਂ ਦੀ ਲੜਾਈ ਵਿਚ ਰੋਟੀ ਵੰਡਾਉਣ ਸਮੇਂ ਬਾਂਦਰੀ ਬਾਜ਼ੀ ਮਾਰ ਗਈ ਸੀ, ਪੰਜਾਬ ਦੀਆਂ ਚੋਣਾਂ ਵਿਚ ਕੋਈ ਹੋਰ ਤੀਜੀ ਧਿਰ ਕੁਰਸੀ ਖੋਹ ਲਵੇ। ਕਾਂਗਰਸੀ ਦੋਸਤੋ, ਕਦੀਂ ਵੀ ਦੂਜੀ ਧਿਰ ਨੂੰ ਕਮਜ਼ੋਰ ਨਹੀਂ ਸਮਝਣਾ ਚਾਹੀਦਾ। ਤੁਸੀਂ ਅਕਾਲੀ ਧੜਿਆਂ ਦੀ ਲੜਾਈ ਕਰਕੇ ਸਮਝਦੇ ਹੋ ਕਿ ਉਨ੍ਹਾਂ ਦੇ ਪੱਲੇ ਕੁਝ ਨਹੀਂ ਪ੍ਰੰਤੂ ਇਤਿਹਾਸ ਗਵਾਹ ਹੈ ਕਿ ਭਾਵੇਂ ਕਿਤਨੇ ਹੀ ਅਕਾਲੀ ਦਲ ਦੇ ਧੜੇ ਚੋਣ ਲੜਨ ਪ੍ਰੰਤੂ ਪੰਜਾਬੀਆਂ ਨੇ ਹਮੇਸ਼ਾ ਇੱਕ ਅਕਾਲੀ ਦਲ ਦੇ ਇੱਕੋ ਧੜੇ ਦਾ ਸਾਥ ਦਿੱਤਾ ਹੈ, ਇਹ ਵੀ ਜ਼ਰੂਰੀ ਨਹੀਂ ਉਸ ਧੜੇ ਨੂੰ ਸਿਆਸੀ ਤਾਕਤ ਦੇਣ ਦੀ ਥਾਂ ਕਿਸੇ ਹੋਰ ਨਵੇਂ ਧੜੇ ਨੂੰ ਸਿਆਸੀ ਤਾਕਤ ਦੇ ਦੇਣ, ਜਿਵੇਂ 1985 ਵਿਚ ਸੁਰਜੀਤ ਸਿੰਘ ਬਰਨਾਲਾ ਪ੍ਰਕਾਸ਼ ਸਿੰਘ ਬਾਦਲ ਨੂੰ ਠਿੱਬੀ ਲਾ ਗਿਆ ਸੀ। ਇੱਕ ਵਾਰ ਮਾਨ ਅਕਾਲੀ ਦਲ ਨੂੰ ਨੌਂ ਲੋਕ ਸਭਾ ਦੀਆਂ ਸੀਟਾਂ ਜਿਤਾ ਦਿੱਤੀਆਂ ਸਨ। ਪਿਛਲੀਆਂ ਮਈ 2024 ਦੀਆਂ ਲੋਕ ਸਭਾ ਚੋਣਾਂ ਵਿਚ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਨੂੰ ਜਿੱਤਾਕੇ ਵੋਟਰਾਂ ਨੇ ਪੰਜਾਬੀਆਂ ਨੂੰ ਹੈਰਾਨ ਕਰ ਦਿੱਤਾ ਸੀ। ਆਮ ਆਦਮੀ ਪਾਰਟੀ ਨੇ 2022 ਦੀਆਂ ਵਿਧਾਨ ਸਭਾ ਵਿਚ ਜਿੱਤ ਕੇ ਸਥਾਪਤ ਪਾਰਟੀਆਂ ਨੂੰ ਗੁੱਠੇ ਲਾ ਦਿੱਤਾ ਸੀ। ਸਿਆਸਤਦਾਨੋ ਗੁਮਾਨ ਨਾ ਕਰਨਾ ਅਤੇ ਕਿਸੇ ਭੁਲੇਖੇ ਵਿਚ ਨਾ ਰਹਿਣਾ, ਕੋਈ ਵੀ ਚਮਤਕਾਰ ਵਰਤ ਸਕਦਾ ਹੈ। ਬਦਾਲਾਓ ਲਿਆਉਣਾ ਤੇ ਨਵੇਂ ਪੈਂਤੜੇ ਮਾਰਨੇ ਪੰਜਾਬੀਆਂ ਦੇ ਸੁਭਾਅ ਵਿਚ ਹੈ।

ਭਾਰਤੀ ਜਨਤਾ ਪਾਰਟੀ ਵੀ ਪੰਜਾਬ ਵਿਚ ਖੰਭ ਖਿਲਾਰ ਰਹੀ ਹੈ, ਜਿਹੜੀ ਹੁਣ ਤੱਕ ਸ਼ਹਿਰਾਂ ਦੀਆਂ 23 ਵਿਧਾਨ ਸਭਾ ਸੀਟਾਂ ਤੱਕ ਸੀਮਤ ਸੀ, ਹੁਣ ਉਹ ਪਿੰਡਾਂ ਵਿਚ ਆਪਣੀਆਂ ਯੂਨਿਟਾਂ ਬਣਾਕੇ ਆਪਣੇ ਪੈਰ ਪਸਾਰ ਚੁੱਕੀ ਹੈ। ਇੱਥੋਂ ਤੱਕ ਕਈ ਜ਼ਿਲ੍ਹਿਆਂ ਦੇ ਪ੍ਰਧਾਨ ਜੱਟ ਸਿੱਖ ਬਣਾਕੇ ਦਿਹਾਤੀ ਵੋਟਾਂ ਨੂੰ ਖ਼ੋਰਾ ਲਾ ਰਹੀ ਹੈ। ਪੰਜਾਬ ਦੇ ਇੱਕ ਨੌਜਵਾਨ ਰਵਨੀਤ ਸਿੰਘ ਬਿੱਟੂ ਨੂੰ ਲੋਕ ਸਭਾ ਦੀ ਚੋਣ ਹਾਰਨ ਤੋਂ ਬਾਅਦ ਕੇਂਦਰੀ ਵਿਚ ਮੰਤਰੀ ਬਣਾਕੇ ਰਾਜਸਥਾਨ ਤੋਂ ਰਾਜ ਸਭਾ ਦਾ ਮੈਂਬਰ ਬਣਾ ਲਿਆ। ਸਿਆਸਤਦਾਨੋ, ਐਵੇਂ ਭੁਲੇਖੇ ਵਿਚ ਨਾ ਰਹਿਣਾ, 2024 ਦੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਤਿੰਨ ਲੋਕ ਸਭਾ ਸੀਟਾਂ ਲੁਧਿਆਣਾ, ਗੁਰਦਾਸਪੁਰ ਅਤੇ ਜਲੰਧਰ ਵਿਚ ਦੂਜੇ ਨੰਬਰ 'ਤੇ ਰਹੀ, ਜੋ ਜਿੱਤਣ ਦੇ ਨੇੜੇ-ਤੇੜੇ ਪਹੁੰਚ ਗਏ ਸਨ। ਇਸ ਤੋਂ ਇਲਾਵਾ 6 ਸੀਟਾਂ ਅੰਮ੍ਰਿਤਸਰ, ਆਨੰਦਪੁਰ ਸਾਹਿਬ, ਫ਼ਤਿਹਗੜ੍ਹ ਸਾਹਿਬ, ਫ਼ਿਰੋਜ਼ਪੁਰ, ਹੁਸ਼ਿਆਰਪੁਰ ਅਤੇ ਪਟਿਆਲਾ ਵਿਚ ਤੀਜੇ ਨੰਬਰ 'ਤੇ ਰਹੀ। ਅੰਮ੍ਰਿਤਸਰ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਵਿਚੋਂ ਵੋਟ ਸ਼ੇਅਰ ਵੱਧ ਗਿਆ। ਬਠਿੰਡਾ ਉਮੀਦਵਾਰ ਚੌਥੇ ਨੰਬਰ 'ਤੇ ਰਿਹਾ। ਭਾਰਤੀ ਜਨਤਾ ਪਾਰਟੀ ਦੀ ਵੋਟ ਪ੍ਰਤੀਸ਼ਤ 18.56 ਫ਼ੀਸਦੀ ਰਹੀ, ਜੋ ਪੰਜਾਬ ਦੀ ਸਭ ਤੋਂ ਪੁਰਾਣੀ ਰੀਜਨਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੋਂ ਵੱਧ ਰਹੀ। ਹਾਲਾਂਕਿ ਉਨ੍ਹਾਂ 1996 ਤੋਂ ਬਾਅਦ ਪਹਿਲੀ ਵਾਰ ਇਕੱਲਿਆਂ ਚੋਣ ਲੜੀ ਸੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੇ 46 ਉਮੀਦਵਾਰਾਂ ਨੇ 20-20 ਹਜ਼ਾਰ ਵੋਟਾਂ ਲਈਆਂ ਹਨ। ਇਸ ਲਈ ਭਾਰਤੀ ਜਨਤਾ ਪਾਰਟੀ ਬਾਰੇ ਕਾਂਗਰਸ ਨੂੰ ਅਵੇਸਲਾ ਨਹੀਂ ਹੋਣਾ ਚਾਹੀਦਾ, ਉਹ ਵੀ ਦਾਅ ਮਾਰ ਸਕਦੇ ਹਨ ਕਿਉਂਕਿ ਉਨ੍ਹਾਂ ਦੀ ਪਾਰਟੀ ਤਿਗੜਮਬਾਜ਼ੀ ਕਰਨ ਦੀ ਮਾਹਿਰ ਹੈ। ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਦੀ ਉਪ ਚੋਣ ਕਿਸੇ ਮੌਕੇ ਵੀ ਹੋ ਸਕਦੀ ਹੈ। ਇਹ ਚੋਣ ਆਮ ਆਦਮੀ, ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਲਈ ਵਕਾਰ ਬਣੀ ਹੋਈ ਹੈ। ਭਾਰਤੀ ਜਨਤਾ ਪਾਰਟੀ ਤੋਂ ਬਿਨਾ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਹੈ। ਕਾਂਗਰਸ ਦਾ ਉਮੀਦਵਾਰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਐਕਟਿੰਗ ਪ੍ਰਧਾਨ ਅਤੇ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ ਹੈ, ਜਿਹੜਾ ਸਥਾਨਕ ਪ੍ਰਭਾਵਸ਼ਾਲੀ ਨੇਤਾ ਹੈ, ਪ੍ਰੰਤੂ ਉਸਦੇ ਉਮੀਦਵਾਰ ਬਣਦਿਆਂ ਹੀ ਆਪਸੀ ਫੁੱਟ ਦੀਆਂ ਖ਼ਬਰਾਂ ਅਖ਼ਬਾਰਾਂ ਦਾ ਸ਼ਿੰਗਾਰ ਬਣ ਗਈਆਂ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਤੇ ਭਰਤ ਭੂਸ਼ਨ ਆਸ਼ੂ ਦੇ ਆਪਸੀ ਮਤਭੇਦਾਂ ਦੀਆਂ ਖ਼ਬਰਾਂ ਲੋਕ ਸਭਾ ਚੋਣਾਂ ਮੌਕੇ ਵੀ ਪੜ੍ਹਨ ਨੂੰ ਮਿਲਦੀਆਂ ਰਹੀਆਂ ਹਨ। ਭਾਰਤ ਭੂਸ਼ਨ ਆਸ਼ੂ ਨੂੰ ਕੇਂਦਰੀ ਕਾਂਗਰਸ ਦੇ ਵੱਡੇ ਨੇਤਾ ਦੀ ਅਸ਼ੀਰਵਾਦ ਪ੍ਰਾਪਤ ਹੈ। ਕਾਂਗਰਸ ਪਾਰਟੀ ਪ੍ਰਧਾਨ ਦੇ ਨਾਲ ਐਕਟਿੰਗ ਪ੍ਰਧਾਨ ਬਣਾਕੇ ਦੋ ਸਿਆਸੀ ਧੁਰੇ ਬਣਾ ਦਿੰਦੀ ਹੈ। ਪ੍ਰਧਾਨ ਅਤੇ ਐਕਟਿੰਗ ਪ੍ਰਧਾਨ ਦਾ ਹਮੇਸ਼ਾ ਹੀ ਸੇਹ ਦਾ ਤੱਕਲਾ ਗੱਡਿਆ ਰਹਿੰਦਾ ਹੈ। ਕੈਪਟਨ ਅਮਰਿੰਦਰ ਸਿੰਘ ਦੇ ਮੌਕੇ ਵੀ ਨਵਜੋਤ ਸਿੰਘ ਸਿੱਧੂ ਨੂੰ ਬਰਾਬਰ ਦੀ ਧਿਰ ਬਣਾਕੇ ਧੜੇਬੰਦੀ ਸਰਬ ਹਿੰਦ ਕਾਂਗਰਸ ਕਮੇਟੀ ਆਪ ਪੈਦਾ ਕੀਤੀ ਸੀ, ਜਿਸ ਕਰਕੇ ਪਾਰਟੀ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਸੀ। ਲੁਧਿਆਣਾ ਪੱਛਮੀ ਦਾ ਅਜੇ ਚੋਣ ਦੰਗਲ ਸ਼ੁਰੂ ਨਹੀਂ ਹੋਇਆ, ਪਾਰਟੀ ਦੀ ਫੁੱਟ ਦੀਆਂ ਖ਼ਬਰਾਂ ਫਿਰ ਅਖਬਾਰਾਂ ਵਿਚ ਲਗਾਤਾਰ ਆ ਰਹੀਆਂ ਹਨ। ਜਦੋਂ ਪ੍ਰਧਾਨ ਤੇ ਐਕਟਿੰਗ ਪ੍ਰਧਾਨ ਦੀ ਫੁੱਟ ਦੀਆਂ ਖ਼ਬਰਾਂ ਲੱਗੀਆਂ, ਤਾਂ ਇਸਦੇ ਨਾਲ ਹੀ ਜਲੰਧਰ ਤੋਂ ਲੋਕ ਸਭਾ ਦੇ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਤੁਰੰਤ ਲੁਧਿਆਣਾ ਪਹੁੰਚ ਕੇ ਐਕਟਿੰਗ ਪ੍ਰਧਾਨ ਤੇ ਕਾਂਗਰਸ ਦੇ ਉਮੀਦਵਾਰ ਭਰਤ ਭੂਸ਼ਨ ਆਸ਼ੂ ਲਈ ਲੁਧਿਆਣਾ ਬੈਠਕੇ ਚੋਣ ਲੜਾਉਣ ਦਾ ਐਲਾਨ ਕਰਦੇ ਹਨ। ਇਨ੍ਹਾਂ ਖ਼ਬਰਾਂ ਦਾ ਅਰਥ ਲੋਕ ਸਮਝਦੇ ਹਨ। ਦੂਜੇ ਪਾਸੇ ਕਪੂਰਥਲਾ ਜ਼ਿਲ੍ਹੇ ਦੀ ਸਿਆਸਤ ਦਾ ਦੰਗਲ ਆਪਸੀ ਧੜੇਬੰਦੀ ਕਰਕੇ ਸ਼ੁਰੂ ਹੋ ਚੁੱਕਾ ਹੈ। ਇੱਕੋ ਦਿਨ, ਇੱਕੋ ਹਲਕੇ ਵਿਚ ਦੋ ਜਲਸੇ ਹੁੰਦੇ ਹਨ। ਇੱਕ ਜਲਸੇ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ, ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਮੁਖੀ ਅਤੇ ਗੁਰਦਾਸਪੁਰ ਤੋਂ ਲੋਕ ਸਭਾ ਦੇ ਮੈਂਬਰ ਸੰਬੋਧਨ ਕਰਦੇ ਹਨ, ਜਿਹੜਾ ਕਾਂਗਰਸ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੇ ਹਾਰੇ ਹੋਏ ਉਮੀਦਵਾਰ ਨੇ ਆਯੋਜਿਤ ਕੀਤਾ ਸੀ। ਦੂਜਾ ਜਲਸਾ ਕਪੂਰਥਲੇ ਤੋਂ ਕਾਂਗਰਸੀ ਵਿਧਾਨਕਾਰ ਤੇ ਸਾਬਕਾ ਮੰਤਰੀ ਦਾ ਸਪੁੱਤਰ ਆਜ਼ਾਦ ਵਿਧਾਨਕਾਰ ਜਲਸਾ ਕਰ ਰਿਹਾ ਹੈ। ਭੁਲੱਥ ਤੋਂ ਵਿਧਾਨਕਾਰ ਤੇ ਕਪੂਰਥਲੇ ਹਲਕੇ ਦੇ ਵਿਧਾਨਕਾਰ ਦਾ ਛੱਤੀ ਦਾ ਅੰਕੜਾ ਪੰਜਾਬੀਆਂ ਨੂੰ ਪਤਾ ਹੀ ਹੈ। ਗੁਰਦਾਸਪੁਰ ਵਿਚ ਕਾਂਗਰਸ ਦੇ ਤਿੰਨ ਧੜੇ ਹਨ। ਇਸੇ ਤਰ੍ਹਾਂ ਰੋਪੜ, ਪਟਿਆਲਾ, ਫਰੀਦਕੋਟ ਦੀ ਪਾਟੋਧਾੜ ਜੱਗ ਜ਼ਾਹਰ ਹੈ। ਜਦੋਂਕਿ ਕਾਂਗਰਸੀਆਂ ਨੂੰ ਸੋਚ ਸਮਝਕੇ ਸਹਿੰਦੇ-ਸਹਿੰਦੇ ਕਦਮ ਚੁੱਕਣੇ ਚਾਹੀਦੇ ਹਨ ਪ੍ਰੰਤੂ ਉਹ ਤਾਂ ਇੱਕ ਦੂਜੇ ਨੂੰ ਅਸਿੱਧੇ ਢੰਗ ਨਾਲ ਦੱਬਕੇ ਮਾਰ ਰਹੇ ਹਨ। ਅਜਿਹੇ ਹਾਲਾਤ ਵਿਚ ਕਾਂਗਰਸ ਦਾ ਭਵਿੱਖ ਖ਼ਤਰੇ ਵਿਚ ਲੱਗਦਾ ਹੈ। ਜੇਕਰ ਕੇਂਦਰੀ ਕਾਂਗਰਸ ਨੇ ਨੇਤਾਵਾਂ ਦੀ ਧੜੇਬੰਦੀ ਖ਼ਤਮ ਕਰਨ ਲਈ ਕੋਈ ਸਾਰਥਿਕ ਕਦਮ ਨਾ ਚੁੱਕਿਆ, ਤਾਂ ਕਾਂਗਰਸ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ।

ਪੰਜਾਬ ਦੇ ਕਾਂਗਰਸੀ ਨੇਤਾਵਾਂ ਦੀ ਲੜਾਈ ਦੇ ਜ਼ਿੰਮੇਵਾਰ ਸਰਬ ਭਾਰਤੀ ਕਾਂਗਰਸ ਹੈ ਕਿਉਂਕਿ ਉਹ ਇਨ੍ਹਾਂ ਦੀ ਧੜੇਬੰਦੀ ਖ਼ਤਮ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੀ। ਉਨ੍ਹਾਂ ਦੇ ਕੇਂਦਰੀ ਨੇਤਾ ਇਨ੍ਹਾਂ ਧੜਿਆਂ ਦੀ ਪੁਸ਼ਤ ਪਨਾਹੀ ਕਰ ਰਹੇ ਹਨ, ਤਾਂ ਜੋ ਇਹ ਨੇਤਾ ਉਨ੍ਹਾਂ ਦੀ ਖਿਦਮਤ ਵਿਚ ਹਾਜ਼ਰੀ ਭਰਦੇ ਰਹਿਣ। ਕਾਂਗਰਸ ਦਾ ਮਾੜਾ ਹਾਲ ਵੀ ਕੇਂਦਰੀ ਕਾਂਗਰਸ ਦੇ ਨੇਤਾਵਾਂ ਦੀਆਂ ਗ਼ਲਤੀਆਂ ਦਾ ਨਤੀਜਾ ਹੈ। ਪੰਜਾਬ ਦੇ ਲੋਕ ਕਾਂਗਰਸ ਦਾ ਸਾਥ ਦੇਣਾ ਚਾਹੁੰਦੇ ਹਨ। ਉਧਰ ਕਾਂਗਰਸ ਹਾਈ ਕਮਾਂਡ ਗਹਿਰੀ ਨੀਂਦ ਵਿਚ ਸੁੱਤੀ ਪਈ ਹੈ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਹਾਈ ਕਮਾਂਡ ਕਾਂਗਰਸੀਆਂ ਦੀ ਜ਼ੋਰ ਅਜਮਾਈ ਨੂੰ ਵੇਖ ਰਹੀ ਹੈ। ਕਾਂਗਰਸ ਹਾਈ ਕਮਾਂਡ ਪੰਜਾਬ ਦੇ ਕਾਂਗਰਸੀਆਂ ਦੀ ਧੜੇਬੰਦੀ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ, ਕਿਤੇ ਇਹ ਨਾ ਹੋਵੇ ਕਿ ਦੇਰੀ ਕਰਨ ਨਾਲ ਬਾਜ਼ੀ ਹੀ ਉਨ੍ਹਾਂ ਦੇ ਹੱਥੋਂ ਨਾ ਨਿਕਲ ਜਾਵੇ। ਕਾਂਗਰਸ ਹਾਈ ਕਮਾਂਡ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਸਰਕਾਰੀ ਦਫ਼ਤਰਾਂ ਦੀ ਤਰ੍ਹਾਂ ਕੰਮ ਕਰਦੀ ਹੈ। ਭਾਵ ਫਾਈਲ ਬਹੁਤ ਧੀਮੀ ਸਪੀਡ ਨਾਲ ਚਲਦੀ ਹੈ। ਪੰਜਾਬ ਦੇ ਕਾਂਗਰਸੀ ਇਸ ਕਰਕੇ ਇੱਕ ਦੂਜੇ ਨੂੰ ਦੁੜੰਗੇ ਮਾਰ ਰਹੇ ਹਨ ਕਿਉਂਕਿ ਕਾਂਗਰਸ ਕੰਮਜ਼ੋਰ ਹੋ ਚੁੱਕੀ ਹੈ, ਛੇਤੀ ਕੀਤਿਆਂ ਸਖ਼ਤ ਕਦਮ ਚੁੱਕਣ ਦੀ ਸਮਰੱਥਾ ਵਿਚ ਨਹੀਂ ਹੈ। ਇਸ ਕਰਕੇ ਉਹ ਆਪੋ ਆਪਣੇ ਘੋੜੇ ਦੁੜਾਉਂਦੇ ਫਿਰਦੇ ਹਨ।

# ਕਦਰ

## ਮਿੰਨੀ ਕਹਾਣੀ

-ਦਵਿੰਦਰ ਸਿੰਘ ਸੇਖੋਂ
ਫੀਨਿਕਸ
ਪੰਜਾਬ ਮੇਲ USA



ਔਰਤ ਨੱਚੀ, ਉਸ ਨੂੰ ਦੇਖਣ ਲਈ ਹਜ਼ਾਰਾਂ ਜਵਾਨ, ਬਜ਼ੁਰਗ, ਬੱਚੇ ਅਤੇ ਔਰਤਾਂ ਆਈਆਂ। ਸਾਰਿਆਂ ਰੱਜ ਕੇ ਵਾਹ-ਵਾਹ ਕੀਤੀ। ਫਿਰ ਔਰਤ ਫੈਸ਼ਨ ਸ਼ੋਅ ਵਿਚ ਗਈ, ਇਕੱਠ ਪਹਿਲਾਂ ਨਾਲੋਂ ਵੀ ਵੱਧ ਹੋਇਆ ਅਤੇ ਵਾਹ-ਵਾਹ ਵੀ ਪਹਿਲਾਂ ਨਾਲੋਂ ਕਿਤੇ ਵੱਧ ਹੋਈ।

ਇੱਕ ਦਿਨ ਅਚਾਨਕ ਉਸ ਦੀ ਚੇਤਨਤਾ ਜਾਗੀ, ਉਸ ਨੂੰ ਅਹਿਸਾਸ ਹੋਇਆ ਕਿ ਪੁਰਸ਼ ਪਹਿਲਾਂ ਕਠਪੁਤਲੀਆਂ ਨਚਾ ਕੇ ਖੁਸ਼ ਹੁੰਦਾ ਸੀ, ਫਿਰ ਜਾਨਵਰਾਂ ਨੂੰ ਨਚਾਉਣ ਲੱਗਿਆ ਅਤੇ ਫਿਰ ਔਰਤ ਨੂੰ। ਕੀ ਮੈਂ ਵੀ ਸਿਰਫ਼ ਮਨੋਰੰਜਨ ਦੀ ਹੀ ਵਸਤੂ ਹਾਂ ? ਇਸ ਸਵਾਲ ਨੇ ਉਸ ਨੂੰ ਸੋਚਾਂ ਦੀਆਂ ਚੜ੍ਹਾਈਆਂ ਚਾੜ੍ਹ ਦਿੱਤਾ। ਨਹੀਂ ਮੈ ਤਾਂ ਦੇਵੀ ਹਾਂ, ਮੈ ਤਾਂ ਰਾਜੇ, ਪੀਰ-ਪੈਗੰਬਰਾਂ, ਰਿਸ਼ੀਆਂ-ਮੁਨੀਆਂ, ਯੋਧਿਆਂ-ਸੂਰਬੀਰਾਂ, ਦਾਤਿਆਂ ਅਤੇ ਭਗਤਾਂ ਨੂੰ ਜਨਮ ਦੇਣ ਵਾਲੀ ਹਾਂ। ਮੈਨੂੰ ਤਾਂ ਸਿਆਣਿਆਂ ਨੇ ਰੱਬ ਦਾ ਦੂਜਾ ਰੂਪ ਕਿਹਾ ਹੈ। ਮੈ ਤਾਂ ਇਸ ਸਮਾਜ ਨੂੰ ਸਿਰਜਣ ਵਾਲੀ ਹਾਂ।

ਔਰਤ ਜਾਗ ਪਈ। ਉਸ ਨੇ ਸੋਚਿਆ ਉਹ ਸਮਾਜ ਨੂੰ ਸੁਚੱਜੀ ਸੇਧ ਦੇਣ ਲਈ ਉਪਰਾਲੇ ਕਰੇਗੀ। ਜੇਕਰ ਉਸ ਨੂੰ ਨੱਚਦੀ ਨੂੰ ਦੇਖਣ ਲਈ ਇੰਨੇ ਜ਼ਿਆਦਾ ਲੋਕ ਆਉਂਦੇ ਹਨ, ਤਾਂ ਉਹ ਉਨ੍ਹਾਂ ਸਾਰਿਆਂ ਨੂੰ ਚੰਗੀ ਸੇਧ ਵੀ ਦੇ ਸਕਦੀ ਹੈ।

ਔਰਤ ਨੇ ਗਿਆਨ ਦੀਆਂ ਕਿਤਾਬਾਂ ਪੜ੍ਹੀਆਂ, ਇਤਿਹਾਸ ਨੂੰ ਫਰੋਲਿਆ, ਸਮਾਜਿਕ ਕ੍ਰਾਂਤੀਕਾਰੀਆਂ ਨੂੰ ਪੜ੍ਹਿਆ, ਕ੍ਰਾਂਤੀਕਾਰੀ ਔਰਤਾਂ ਨੂੰ ਪੜ੍ਹਿਆ ਅਤੇ ਹਰ ਪੱਖ ਦਾ ਗਿਆਨ ਹਾਸਲ ਕਰਕੇ ਉਸ ਨੇ ਪ੍ਰੋਗਰਾਮ ਉਲੀਕ ਦਿੱਤਾ।

ਔਰਤ ਨੂੰ ਹੈਰਾਨੀ ਹੋਈ, ਜੋ ਉਸਨੂੰ ਨੱਚਦੀ ਨੂੰ ਦੇਖਣ ਆਉਂਦੇ ਸਨ, ਉਨ੍ਹਾਂ ਵਿਚੋਂ ਕੋਈ ਇੱਕ ਵੀ ਨਹੀਂ ਆਇਆ। ਜੋ ਉਸਦੇ ਨੱਚਣ ਲਈ ਲੱਖਾਂ ਰੁਪਏ ਖਰਚਦੇ ਸਨ, ਕਿਸੇ ਨੇ ਖੋਟੇ ਪੈਸੇ ਦੀ ਵੀ ਮਦਦ ਨਾ ਕੀਤੀ। ਹੋਰ ਤਾਂ ਹੋਰ ਔਰਤਾਂ ਵੀ ਨਹੀਂ ਆਈਆਂ। ਬਜ਼ੁਰਗ ਵੀ ਨਹੀਂ ਆਏ। ਬਸ ਕੁਝ ਕੁ ਉਹ ਲੋਕ ਹੀ ਆਏ, ਜੋ ਉਸ ਨੂੰ ਨੱਚਦੀ ਨੂੰ ਦੇਖਣ ਨਹੀਂ ਆਏ ਸੀ। ਪਰ ਉਨ੍ਹਾਂ ਸਾਰਿਆਂ ਨੇ ਔਰਤ ਨੂੰ ਸੁਣਿਆ ਅਤੇ ਉਸਦੇ ਇਸ ਉਦਮ ਦੀ ਸ਼ਲਾਘਾ ਕੀਤੀ ਅਤੇ ਨਵੀਆਂ ਪੈੜਾਂ ਪਾਉਣ ਲਈ ਵਧਾਈ ਦਿੱਤੀ।

ਔਰਤ ਸੋਚ ਰਹੀ ਸੀ ਕਿ ਕੀ ਉਹ ਸਿਰਫ਼ ਦੇਖਣ ਅਤੇ ਕਠਪੁਤਲੀਆਂ ਵਾਂਗ ਨੱਚਣ ਵਾਲ਼ੀ ਇੱਕ ਵਸਤੂ ਹੀ ਹੈ ? ਕੀ ਉਹ ਵਿਦਵਤਾ ਦੀਆਂ ਗੱਲਾਂ ਨਹੀਂ ਕਰ ਸਕਦੀ ? ਕੀ ਹੁਣ ਉਹ ਔਰਤ, ਉਹ ਨਹੀਂ ਰਹੀ, ਜਿਸ ਨੂੰ ਗੁਰੂ ਸਾਹਿਬ ਨੇ ਰਾਜਿਆਂ ਨੂੰ ਜਨਮ ਦੇਣ ਵਾਲੀ ਕਹਿ ਕੇ ਨਿਵਾਜਿਆ ਹੈ ? ਕੀ ਉਹ ਸਮਾਜ ਸਿਰਜਣ ਵਾਲੀ ਨਹੀਂ ?

ਕਿੰਨੇ ਹੀ ਸਵਾਲਾਂ ਨੇ ਉਸ ਦਾ ਆਲਾ-ਦੁਆਲਾ ਘੇਰਿਆ ਹੋਇਆ ਸੀ। ਅਜੇ ਉਹ ਸਵਾਲਾਂ ਦੇ ਜਵਾਬਾਂ ਵਿਚੋਂ ਆਪਣੀ "ਕਦਰ" ਅਤੇ "ਸਮਾਜਿਕ ਸਤਿਕਾਰ" ਲੱਭ ਹੀ ਰਹੀ ਸੀ ਕਿ ਕਿਸੇ ਨੇ ਬੜੇ ਹੀ ਸ਼ੈਤਾਨੀ ਲਹਿਜ਼ੇ ਵਿਚ ਉਸ ਦੇ ਕੰਨ ਵਿਚ ਆਖਿਆ "ਤੇਰੇ ਨਾਚ ਨੂੰ ਵੇਖਣ ਲਈ ਸਾਰਾ ਸ਼ਹਿਰ ਇਕੱਠਾ ਹੁੰਦਾ ਹੈ। ਇਕੱਠ ਨਾਲ਼ ਏਕਤਾ ਹੁੰਦੀ ਹੈ। ਤੇਰੇ ਵਿਚਾਰ ਸੁਣਨ ਕੋਈ ਨਹੀਂ ਆਉਂਦਾ, ਇਸ ਨਾਲ਼ ਸ਼ਹਿਰ ਦੀ ਏਕਤਾ ਖ਼ਤਰੇ ਵਿਚ ਪੈ ਜਾਂਦੀ ਏ। ਸਮਾਜ ਦੀ ਚਿੰਤਾ ਦੀ ਕੈਦ ਵਿਚੋਂ ਨਿਕਲ਼ ਕੇ "ਅਜ਼ਾਦੀ" ਨਾਲ਼ ਨੱਚ।" ਕੌਣ ਕਹਿ ਰਿਹਾ ਏ ?, ਅਜੇ ਸਮਝਣ ਦੀ ਕੋਸ਼ਿਸ ਹੀ ਕਰ ਰਹੀ ਸੀ ਕਿ ਇੱਕ ਹੋਰ ਉੱਚੀ ਆਵਾਜ਼ ਕੰਨੀ ਪਈ "ਜੇ ਤੂੰ ਨੱਚੀ ਨਾ ਮੇਰੇ ਨਾਲ਼ ਤੇਰੇ ਤੇ ਸ਼ਰਾਬ ਡੋਲ ਦੂੰ"।

"ਭੋਲ਼ੀ" ਤ੍ਰਭਕ ਗਈ ਅਤੇ "ਸੱਭਿਆਚਾਰ" ਵਾਲ਼ੇ ਵੀਰਾਂ ਦੇ ਮਗਰ-ਮਗਰ ਤੁਰ ਪਈ। "ਸਿਆਣੀ" ਨੇ ਸਹਿਜ ਨਾਲ਼ ਸਭ ਕੁਝ ਦੇਖਿਆ, ਹਲਾਤ ਦਾ ਜਾਇਜ਼ਾ ਲਿਆ ਅਤੇ ਰਾਣੀ ਸਾਹਿਬ ਕੌਰ ਵਾਂਗ, ਨਾਚ-ਗਾਣੇ ਵਿਚ ਅਯਾਸ਼ ਹੋ ਚੁੱਕੇ ਵੀਰਾਂ ਨੂੰ ਦਲਦਲ ਵਿਚੋਂ ਬਾਹਰ ਕੱਢਣ ਲਈ ਕਮਰਕੱਸਾ ਕਰਨ ਲੱਗੀ।

# ਵਿਸਾਖੀ ਦੀ ਵਿਲੱਖਣ ਮਹਾਨਤਾ




ਮਾਸਟਰ ਜਸਵਿੰਦਰ ਸਿੰਘ ਜਿਉਣਪੁਰਾ
ਤਹਿਸੀਲ ਪਾਤੜਾਂ, ਜ਼ਿਲ੍ਹਾ ਪਟਿਆਲਾ
98768-55004




ਪੰਜਾਬ ਮੇਲ USA

ਸ੍ਰੀ ਅਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਦਾ ਦਿਨ ਦੁਨੀਆਂ ਦੇ ਧਾਰਮਿਕ ਇਤਿਹਾਸ ਅੰਦਰ ਉਘੜਵੇਂ ਰੂਪ ਵਿਚ ਦਰਜ ਹੈ। ਇਸ ਦਿਨ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਦੁਨੀਆਂ ਦੇ ਧਾਰਮਿਕ ਇਤਿਹਾਸ ਅੰਦਰ ਕ੍ਰਾਂਤੀਕਾਰੀ ਅਧਿਆਇ ਸਿਰਜਿਆ। ਖ਼ਾਲਸਾ ਸਾਜਨਾ ਦਾ ਇਤਿਹਾਸ ਸਿੱਖ ਕੌਮ ਲਈ ਗੌਰਵਮਈ ਗਾਥਾ ਹੈ, ਜਿਸ ਨਾਲ ਹਰ ਸਿੱਖ ਅੰਦਰ ਵਿਲੱਖਣ ਅਤੇ ਨਿਰਾਲੀ ਹੋਂਦ ਹਸਤੀ ਦਾ ਅਹਿਸਾਸ ਪੈਦਾ ਹੁੰਦਾ ਹੈ। ਖ਼ਾਲਸਾ ਆਦਰਸ਼ਕ ਮਨੁੱਖ ਹੈ, ਜਿਸ ਦਾ ਜੀਵਨ ਸਮਾਜ ਲਈ ਪ੍ਰੇਰਨਾਮਈ ਹੋਣ ਦੇ ਨਾਲ-ਨਾਲ ਹੱਕ ਸੱਚ ਦੀ ਰਾਖੀ ਲਈ ਵੀ ਮਿਸਾਲੀ ਹੈ। ਖ਼ਾਲਸੇ ਦੀ ਘਾੜਤ ਵਿਚ ਦਸ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਸ਼ਾਮਲ ਹੈ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖ਼ਾਲਸਾ ਰੂਪੀ ਆਦਰਸ਼ਕ ਮਨੁੱਖ ਲਈ ਪਹਿਲੀ ਸ਼ਰਤ ਇਹ ਨਿਸ਼ਚਿਤ ਕੀਤੀ ਸੀ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥

ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਹੀ ਮਾਨੋ ਖਾਲਸੇ ਦਾ ਇੱਕ ਮੁੱਢ ਵੱਜਿਆ ਗਿਆ ਸੀ। ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਜੀਵਨ ਕਾਲ ਦੇ ਅੰਦਰ ਥਾਂ-ਥਾਂ 'ਤੇ ਜਾ ਕੇ ਲੋਕਾਂ ਦੇ ਅੰਦਰ ਸਿੱਖੀ ਪ੍ਰਤੀ ਭਾਵਨਾ ਭਰੀ ਸੱਚਾ ਤੇ ਸੁੱਚਾ ਕਿਰਦਾਰ ਕਿਰਤ ਕਰਨ ਦਾ ਸੰਦੇਸ਼ ਦਿੱਤਾ। ਇਸੇ ਮਾਰਗ ਉੱਪਰ ਦੂਸਰੇ ਪਾਤਸ਼ਾਹ ਤੋਂ ਲੈ ਕੇ ਨੌਵੇਂ ਪਾਤਸ਼ਾਹ ਤੱਕ ਗੁਰੂ ਸਾਹਿਬਾਨ ਪਹਿਰਾ ਦਿੰਦੇ ਰਹੇ ਔਰ ਦਸਵੇਂ ਪਾਤਸ਼ਾਹ ਨੇ ਇਹ ਸਿੱਖ ਨੂੰ ਅਮਲੀ ਰੂਪ ਦੇ ਕੇ ਸਿੰਘ ਬਣਾਇਆ, ਖਾਲਸਾ ਪੰਥ ਦੀ ਸਾਜਨਾ ਕੀਤੀ ਹੈ। ਖਾਲਸਾ ਪੰਥ ਦੀ ਸਾਜਨਾ ਦੁਨੀਆਂ ਵਿਚ ਇੱਕ ਵਿਲੱਖਣ ਆਉਂਦਾ ਹੈ। ਦੁਨੀਆਂ 'ਤੇ ਕੋਈ ਵੀ ਪੰਥ ਐਸਾ ਨਹੀਂ, ਜਿਸ ਨੂੰ ਆਪਣੇ ਜਨਮਦਿਨ ਦਾ ਪਤਾ ਹੋਵੇ, ਸਿਰਫ ਇਹ ਖਾਲਸਾ ਹੈ, ਇਸਨੂੰ ਆਪਣੇ ਜਨਮ ਦਾ ਪਤਾ ਹੈ ਅਤੇ ਜਨਮ ਦਿਨ ਵਿਸਾਖੀ ਵਾਲੇ ਦਿਨ ਮਨਾਉਂਦਾ ਵੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਦੀ ਇਸ ਵਿਚਾਰਧਾਰਾ ਲਈ ਦੁਨੀਆਂ ਨੂੰ ਹਲੂਣ ਕੇ ਰੱਖ ਦਿੱਤਾ। ਜਿਹੜੇ ਲੋਕ ਉਸ ਵੇਲੇ ਕਮਜ਼ੋਰ ਵਰਗ ਵਿਚ ਆਉਂਦੇ ਸਨ, ਜਿਨ੍ਹਾਂ ਨੂੰ ਘੋੜ ਸਵਾਰੀ, ਦਸਤਾਰ ਆਦਿਕ ਸ਼ਸਤਰ ਸਜਾਉਣ ਦੀ ਤੇ ਚਲਾਉਣ ਦੀ ਆਗਿਆ ਨਹੀਂ ਸੀ, ਉਨ੍ਹਾਂ ਨੂੰ ਗੁਰੂ ਸਾਹਿਬ ਜੀ ਨੇ ਯੁੱਧ ਲੜਨ ਦੇ ਯੋਗ ਬਣਾਇਆ। ਵਿਸਾਖੀ ਵਾਲੇ ਦਿਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਲ 1699 ਵਿਚ ਅਨੰਦਪੁਰ ਸਾਹਿਬ ਵਿਚ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। ਪਹਿਲਾਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਪਾਨ ਕਰਵਾਇਆ ਸੀ ਅਤੇ ਫੇਰ ਉਨ੍ਹਾਂ ਪੰਜ ਪਿਆਰਿਆਂ ਤੋਂ ਆਪ ਅੰਮ੍ਰਿਤ ਛਕਿਆ ਸੀ। ਇਸ ਲਈ ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਚ ਬਹੁਤ ਭਾਰੀ ਧਾਰਮਿਕ ਇਕੱਠ ਹੁੰਦਾ ਹੈ। ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਚ ਵੀ ਵਿਸਾਖੀ ਵਾਲੇ ਦਿਨ ਧਾਰਮਿਕ ਮੇਲਾ ਲੱਗਦਾ ਹੈ। ਹੋਰ ਵੀ ਬਹੁਤ ਸਾਰੇ ਥਾਵਾਂ 'ਤੇ ਵਿਸਾਖੀ ਵਾਲੇ ਦਿਨ ਧਾਰਮਿਕ ਮੇਲੇ ਲੱਗਦੇ ਹਨ। ਦੀਵਾਨ ਲੱਗਦੇ ਹਨ। ਸਰੋਵਰਾਂ ਵਿਚ ਇਸ਼ਨਾਨ ਕਰਦੇ ਹਨ। ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਦੂਸਰੇ ਪਾਸੇ ਵਿਸਾਖੀ ਦਾ ਸਬੰਧ ਰੁੱਤਾਂ ਦੇ ਨਾਲ ਵੀ ਹੈ ਕਿਉਂਕਿ ਸਾਡੇ ਪੰਜਾਬ ਦੀ ਧਰਤੀ 'ਤੇ ਛੇ ਰੁੱਤਾਂ ਮੰਨੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਵਿਸਾਖੀ ਦਾ ਸਬੰਧ ਕਣਕ ਦੇ ਪੱਕਣ ਦੇ ਨਾਲ ਹੈ। ਸੋ ਪੰਜਾਬ ਦੀ ਧਰਤੀ 'ਤੇ ਸੰਬੰਧ ਵਿਚ ਵੀ ਅਨੇਕਾਂ ਮੇਲੇ ਲੱਗਦੇ ਨੇ। ਖੁਸ਼ੀਆਂ ਦੇ ਖੇੜੇ ਬਣਾਏ ਜਾਂਦੇ ਪਰ ਸਾਨੂੰ ਵਿਸਾਖੀ ਦਾ ਤਿਉਹਾਰ ਗੁਰੂ ਵਾਲੇ ਬਣ ਕੇ ਮਨਾਉਣਾ ਚਾਹੀਦਾ ਹੈ। ਬਾਣੀ ਅਤੇ ਬਾਣੀ ਦਾ ਧਾਰਨੀ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਸੱਚਾ ਤੇ ਸੁੱਚਾ ਸਿੱਖ ਬਣ ਕੇ ਵਿਸਾਖੀ ਦਾ ਤਿਆਰ ਮਨਾਉਣਾ ਚਾਹੀਦਾ ਹੈ। ਵੱਧ ਤੋਂ ਵੱਧ ਅੰਮ੍ਰਿਤ ਛੱਕ ਕੇ ਸਿੰਘ ਸਜਣ ਦੀ ਲੋੜ ਹੈ ਨਸ਼ਿਆਂ ਤੋਂ ਵਿਕਾਰਾਂ ਤੋਂ ਦੂਰ ਰਹਿ ਕਰਕੇ ਗੁਰੂ ਵਾਲੇ ਬਣ ਦੀ ਲੋੜ ਹੈ। ਵੈਸਾਖ ਦੀ ਵਿਸਾਖੀ ਹਰ ਇੱਕ ਸਿੱਖ ਨੂੰ ਉਸ ਦੀ ਵਿਲੱਖਣਤਾ ਗੁਰੂ ਪ੍ਰਤੀ ਵਿਸ਼ਵਾਸ ਗੁਰੂ ਪ੍ਰਤੀ ਆਪਾ ਸਮਰਪਣ ਕਰਨ ਦੀ ਤਾਕੀਦ ਕਰਦੀ ਹੈ। ਸੋ ਸਾਨੂੰ ਸ਼ਰਧਾ ਭਾਵਨਾ ਤਹਿਤ ਬਾਣੀ ਅਤੇ ਬਾਣੀ ਦੇ ਧਾਰਨੀ ਬਣ ਕੇ ਹਰ ਸਾਲ ਵਿਸਾਖੀ ਗੁਰੂ ਹਰਸ਼ ਅਨੁਸਾਰ ਮਨਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖੁਸ਼ੀਆਂ ਪ੍ਰਾਪਤ ਕਰਨੀ ਚਾਹੀਦੀ ਹਨ।

# ਵਿਚਾਰ:- "ਗੁਰੂ ਦੇ ਵਜ਼ੀਰ"




ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325




ਪੰਜਾਬ ਮੇਲ USA

ਮਿੱਤਰ ਪਿਆਰਿਓ ਆਜ਼ਾਦ ਵਿਸ਼ਵ ਹੈ। ਇਸ ਵਿਚ ਬਹੁਤ ਸਾਰੇ ਕੰਮਾਂ ਵਿਚ ਇਜਾਜ਼ਤ ਲੈਣੀ ਪੈਂਦੀ ਹੈ ਪਰ ਬੋਲਣ ਦਾ ਸਭ ਦਾ ਅਧਿਕਾਰ ਹੈ। ਇਹ ਗੱਲ ਵੱਖਰੀ ਹੈ ਕਿ ਸਾਡੇ ਦੇਸ਼ ਵਿਚ ਕੁਝ ਕੁ ਸਮੇਂ ਤੋਂ ਇਹ ਅਧਿਕਾਰ ਵੀ ਖੁੱਸਦਾ ਜਾ ਰਿਹਾ ਹੈ ਜਾਂ ਇਉਂ ਕਹਿ ਲਓ ਕਿ ਜਿਸਕੀ ਲਾਠੀ ਉਸ ਕੀ ਭੈਂਸ ਵਾਲਾ ਸਮਾਂ ਆ ਰਿਹਾ ਹੈ। ਖੈਰ ਅੱਜ ਦਾ ਵਿਚਾਰ ਅਜਿਹੇ ਕਿਸੇ ਸੰਦਰਭ ਵਿਚ ਨਹੀਂ ਹੈ। ਉਸ ਵਾਸਤੇ ਢੁੱਕਵਾਂ ਲਫ਼ਜ਼ ਹੈ ਕਿ ਵਿਚਾਰ ਸਭ ਦੇ ਆਪਣੇ ਆਪਣੇ ਹਨ, ਜ਼ਰੂਰੀ ਨਹੀਂ ਕਿ ਮੈਂ ਵੀ ਕਿਸੇ ਦੇ ਵਿਚਾਰਾਂ ਨਾਲ ਸਹਿਮਤ ਹੋਵਾਂ ਜਾਂ ਕੋਈ ਮੇਰੇ ਵਿਚਾਰਾਂ ਨਾਲ ਸਹਿਮਤ ਹੋਵੇ ਪਰ ਵਿਚਾਰ ਦੇਣ ਦਾ ਅਧਿਕਾਰ ਸਭ ਨੂੰ ਹੈ। ਉਸੇ ਲੜੀ ਤਹਿਤ ਇੱਕ ਵਿਚਾਰ ਆਪ ਜੀਆਂ ਨਾਲ ਸਾਂਝਾ ਕਰ ਰਿਹਾ ਹਾਂ। ਕੁਝ ਸਾਲਾਂ ਤੋਂ ਭਾਵ ਜਦੋਂ ਤੋਂ ਸੋਸ਼ਲ ਮੀਡੀਆ ਦਾ ਹੜ੍ਹ ਆਇਆ, ਇੱਕ ਨਾ ਇੱਕ ਅਜਿਹਾ ਵਿਚਾਰ ਰੋਜ਼ਾਨਾ ਪੜ੍ਹਨ ਜਾਂ ਸੁਣਨ ਨੂੰ ਮਿਲਦਾ ਹੈ, ਜਿਸ ਵਿਚ ਕਿਹਾ ਜਾ ਰਿਹਾ ਹੁੰਦਾ ਹੈ ਕਿ ਸਿੱਖ ਕੌਮ ਵਿਚ ਗੁਰੂ ਦੇ ਵਜ਼ੀਰਾਂ ਨਾਲ ਧੱਕਾ ਹੋ ਰਿਹਾ ਹੈ, ਉਨ੍ਹਾਂ ਨੂੰ ਵਾਜਬ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ ਜਾਂ ਕਮੇਟੀਆਂ ਉਨ੍ਹਾਂ ਦੇ ਬੱਚਿਆਂ ਦੀ ਸਾਂਭ-ਸੰਭਾਲ ਦਾ ਜਿੰਮਾ ਨਹੀਂ ਲੈ ਰਹੀਆਂ, ਵਗੈਰਾ... ਵਗੈਰਾ। ਇਥੇ ਵਿਚਾਰ ਕਰਨ ਯੋਗ ਹੈ ਕਿ ਵਜ਼ੀਰ ਸ਼ਬਦ ਆਪਣੇ ਆਪ ਵਿਚ ਇੱਕ ਬਹੁਤ ਹੀ ਜ਼ਿਆਦਾ ਵੱਡਾ ਅਤੇ ਸਤਿਕਾਰ ਯੋਗ ਹੈ ਕਿ ਇਹ ਆਮ ਬੰਦੇ ਦੇ ਨਾਮ ਨਾਲ ਨਹੀਂ ਲੱਗਦਾ। ਜੇ ਲੱਗਦਾ ਹੈ, ਤਾਂ ਪ੍ਰਮਾਤਮਾ ਦੀ ਏਨੀ ਬਖਸ਼ਿਸ਼ ਹੁੰਦੀ ਹੈ ਕਿ ਵਜ਼ੀਰ ਤਾਂ ਦੁਨਿਆਵੀ ਰਾਜਿਆਂ ਦੇ ਹੀ ਨਹੀਂ ਮਾਣ ਹੁੰਦੇ ਪਰ ਜਦ ਕਿਸੇ ਨੂੰ ਪ੍ਰਮਾਤਮਾ ਦਾ ਵਜ਼ੀਰ ਕਿਹਾ ਜਾਵੇ, ਤਾਂ ਮੇਰੇ ਖਿਆਲ ਵਿਚ ਇਸ ਧਰਤੀ ਉਪਰ ਉਸ ਵਜ਼ੀਰ ਨੂੰ ਬਿਠਾਉਣ ਵਾਲੀ ਪਵਿੱਤਰ ਜਗ੍ਹਾ ਕਿਥੋਂ ਲਿਆਵਾਂਗੇ? ਭਾਵ ਕਿ ਸਰਵਉੱਚ ਰੁਤਬਾ ਹੁੰਦਾ ਹੈ, ਜੋ ਸੱਚ ਵਿਚ ਪ੍ਰਮਾਤਮਾ ਦੇ ਏਨਾਂ ਨੇੜੇ ਹੋ ਗਿਆ, ਤਾਂ ਉਹ ਦੁਨਿਆਵੀ ਪੈਸਿਆਂ ਪੁਸਿਆਂ ਨੂੰ ਠੋਕਰ ਮਾਰਦਾ ਹੈ। ਉਸ ਦੀ ਸੋਸ਼ਲ ਸਕਿਉਰਟੀ ਦੀ ਜ਼ਿੰਮੇਵਾਰੀ ਪ੍ਰਮਾਤਮਾ ਆਪ ਲੈ ਲੈਂਦਾ ਹੈ, ਬਾਸ਼ਰਤੇ ਕਿ ਵਜ਼ੀਰ ਏਨੀ ਪਹੁੰਚ ਵਾਲਾ ਹੋਵੇ, ਜੋ ਗੁਰੂ ਦੇ ਨੇਤਰਾਂ ਨਾਲ ਨੇਤਰ ਮਿਲਾ ਕੇ ਗੱਲ ਕਰ ਸਕਦਾ ਹੋਵੇ, ਜਿਵੇਂ ਮੌਕੇ ਅਨੁਸਾਰ ਸਤਿਕਾਰ ਯੋਗ ਭਾਈ ਦਇਆ ਸਿੰਘ ਜੀ ਅਤੇ ਭਾਈ ਮਰਾਂ ਸਿੰਘ ਸਾਹਿਬ ਜੀ ਨੇ ਕੀਤੀ ਸੀ। ਸਾਹਿਬ ਸ਼੍ਰੀਮਾਨ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਕੀਤੀ ਸੀ। ਅਸੀਂ (ਮੈਂ ਖੁਦ ਵੀ) ਏਨੀ ਛੋਟੀ ਅਤੇ ਸੌੜੀ ਸੋਚ ਦੇ ਮਾਲਕ ਹਾਂ ਕਿ ਸਤਿਕਾਰਯੋਗ ਗ੍ਰੰਥੀ ਸਾਹਿਬਾਨ, ਰਾਗੀ ਢਾਡੀ ਅਤੇ ਕਥਾਵਾਚਕ ਸਾਹਿਬਾਨ ਨੂੰ ਸਿੱਧਾ ਗੁਰੂ ਦੇ ਵਜ਼ੀਰ ਬਣਾ ਕੇ ਆਮ ਲੋਕਾਂ ਨੂੰ ਦੋਸ਼ੀ ਠਹਿਰਾਉਂਦੇ ਹਾਂ, ਜਿਨ੍ਹਾਂ ਵਿਚੋਂ ਹੋ ਸਕਦਾ ਹੈ ਕੋਈ ਪ੍ਰਮਾਤਮਾ ਨਾਲ ਇੱਕ-ਮਿੱਕ ਹੋ ਚੁੱਕਿਆ ਹੋਵੇ, ਉਸ ਨੂੰ ਵੀ ਦੋਸ਼ੀ ਬਣਾ ਰਹੇ ਹਾਂ ਕਿ ਤੁਸੀਂ ਗੁਰੂ ਘਰ ਦੇ ਸੇਵਾਦਾਰਾਂ ਨੂੰ ਪੈਸੇ ਨਹੀਂ ਦੇਂਦੇ। ਦੂਜੀ ਗਲਤੀ ਕਿ ਡੇਰੇਦਾਰਾਂ ਨੂੰ ਮਹਾਂਪੁਰਖ, ਸਤਿਗੁਰੂ ਅਤੇ ਬ੍ਰਹਮਗਿਆਨੀ ਦੇ ਰੁਤਬੇ ਵੰਡਣ ਲੱਗ ਪੈਂਦੇ ਹਾਂ, ਜਦ ਕਿ ਪਵਿੱਤਰ ਗੁਰਬਾਣੀ ਨੇ ਤਾਂ ਆਦਿ ਕਾਲ ਤੋਂ ਕਿਸੇ ਦੁਨਿਆਵੀ ਇਨਸਾਨ ਨੂੰ ਭਾਈ ਸਾਹਿਬ ਜਾਂ ਬਾਬਾ ਜੀ ਤੋਂ ਵੱਧ ਰੁਤਬਾ ਦਿੱਤਾ ਹੀ ਨਹੀਂ, ਅਸੀਂ ਬ੍ਰਹਮਗਿਆਨੀ ਬਣਾਈ ਜਾਂਦੇ ਹਾਂ। ਦੂਜੇ ਪਾਸੇ ਤੋਂ ਵੇਖਿਆ ਜਾਵੇ, ਤਾਂ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੇ ਆਗਮਨ ਤੋਂ ਪਹਿਲਾਂ ਪੁਜਾਰੀ ਲਾਣੇ ਤੋਂ ਲੁੱਟੀ ਅਤੇ ਕੁੱਟੀ ਜਾ ਰਹੀ ਪਰਜਾ ਦਾ ਭਲਾ ਕਰਨ ਵਾਸਤੇ ਦਸ ਪਾਤਸ਼ਾਹੀਆਂ ਗੁਰੂ ਸਾਹਿਬਾਨ ਨੇ 239 ਸਾਲ ਸੰਸਾਰ ਵਿਚ ਭ੍ਰਮਣ ਕਰਕੇ ਲੋਕਾਂ ਦੀਆਂ ਗੱਲਾਂ, ਤਾਅਨੇ-ਮਿਹਣੇ ਸੁਣ ਕੇ, ਤਸੀਹੇ ਸਹਿਣ ਕਰਕੇ, ਸੀਸ ਭੇਟ ਕਰਕੇ, ਸਰਬੰਸ ਵਾਰ ਕੇ ਸਾਨੂੰ ਪੁਜਾਰੀਆਂ ਦੇ ਵਲੇਵੇਂ ਵਿਚੋਂ ਕੱਢਿਆ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਚਾਇਤਾ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਜੀ ਨੇ ਵੀ ਕਿਤੇ ਨਹੀਂ ਕਿਹਾ ਕਿ ਗੁਰੂ ਘਰਾਂ ਵਿਚ ਗ੍ਰੰਥੀ ਸਿੰਘ ਜਾਂ ਰਾਗੀ ਸਿੰਘ ਤਨਖਾਹਾਂ 'ਤੇ ਕੰਮ ਕਰਨਗੇ। ਗੁਰੂ ਸਾਹਿਬਾਨ ਦਾ ਹੁਕਮ ਸੀ, ਗੁਰੂ ਦਾ ਹਰ ਸਿੱਖ ਨਿੱਤਨੇਮੀ ਹੋਵੇ, ਪਾਠ ਕਰ ਸਕਦਾ ਹੋਵੇ, ਕੀਰਤਨ, ਕਥਾ, ਹੁਕਮਨਾਮਾ ਅਤੇ ਅਰਦਾਸ ਕਰ ਸਕਣ ਦੇ ਯੋਗ ਹੋਵੇ, ਤਾਂ ਕਿ ਕੋਈ ਸਿੱਖ ਕਿਸੇ ਦੀ ਬਖਸ਼ਿਸ਼ ਵੱਲ ਨਾ ਵੇਖੇ ਕਿ ਉਹ ਮੈਨੂੰ ਦਾਨ ਦੱਛਣਾ ਦੇਵੇ। ਇਥੋਂ ਤੱਕ ਕੇ ਸਤਿਕਾਰ ਯੋਗ ਭਾਈ ਸਾਹਿਬ ਭਾਈ ਸੱਤਾ ਜੀ ਅਤੇ ਬਲਵੰਡ ਸਾਹਿਬ ਜੀ ਵਾਲਾ ਬਿਰਤਾਂਤ ਵੀ ਕਿਸੇ ਸਿੱਖ ਕੋਲੋਂ ਛੁਪਿਆ ਨਹੀਂ ਹੈ। ਉਸ ਬਿਰਤਾਂਤ ਵਿਚ ਅਜਿਹਾ ਹਰਗਿਜ਼ ਨਹੀਂ ਹੈ ਕਿ ਗੁਰੂ ਪਿਤਾ ਕੋਲ ਪੈਸੇ ਨਹੀਂ ਸਨ ਜਾਂ ਉਹ ਆਪਣੇ ਗੁਰੂ ਘਰ ਦੇ ਕੀਰਤਨੀਏ ਸਿੰਘਾਂ ਨਾਲ ਦਵੈਤ ਕਰਦੇ ਸਨ, ਉਸ ਬਿਰਤਾਂਤ ਵਿਚ ਵੀ ਗੁਰੂ ਸਾਹਿਬ ਨੇ ਇੱਕ ਵਿਧੀ ਰਾਹੀਂ ਸਾਨੂੰ ਸਮਝਾਇਆ ਹੀ ਸੀ। ਸੋ ਭਾਈ ਆਉ ਆਪਣੇ ਗੁਰੂ ਦੀਆਂ ਰਹਿਮਤਾਂ ਲੈਣ ਵਾਸਤੇ ਉਸ ਦਾ ਹੁਕਮ ਮੰਨੀਏ। ਏਥੇ ਮੈਂ ਹੱਥ ਜੋੜ ਕੇ ਅਤੇ ਗਲ ਵਿਚ ਪੱਲਾ ਕੇ ਬੇਨਤੀ ਕਰਾਂ ਕਿ ਇਸ ਨੂੰ ਇਸ ਗੱਲ ਨਾਲ ਨਾ ਜੋੜ ਕੇ ਵੇਖਿਓ ਕਿ ਮੈਂ ਗੁਰੂ ਘਰ ਵਿਚ ਸੇਵਾ ਸੰਭਾਲ ਕਰ ਰਹੇ ਸਿੰਘਾਂ ਦੇ ਖਿਲਾਫ ਕੁਝ ਕਹਿਣਾ ਚਾਹੁੰਦਾ ਹਾਂ, ਮੇਰੀ ਅਜਿਹੀ ਕੋਈ ਮਨਸ਼ਾ ਨਹੀਂ ਹੈ, ਮੇਰਾ ਭਾਵ ਗਰੰਥੀ ਸਾਹਿਬ ਨੂੰ ਵਿਚਾਰਾ ਜਾਂ ਸੰਗਤ 'ਤੇ ਨਿਰਭਰ ਰਹਿਣ ਵਾਲਾ ਨਾ ਪੇਸ਼ ਕਰੀਏ, ਚੜ੍ਹਦੀ ਕਲਾ ਵਾਲਾ ਸਿੰਘ ਦਰਸਾਇਆ ਜਾਵੇ। ਕਿਉਂਕਿ ਇੱਕ ਅੰਕੜੇ ਅਨੁਸਾਰ ਦੁਨੀਆਂ ਭਰ ਵਿਚ ਦੋ ਲੱਖ ਦੇ ਕਰੀਬ ਗੁਰਦੁਆਰਾ ਸਾਹਿਬ ਹਨ, ਜਿਨ੍ਹਾਂ ਵਿਚੋਂ ਕੁਝ ਕੁ ਹੀ ਹਨ, ਜਿੱਥੇ ਸਿੱਖ ਸੰਗਤਾਂ ਖੁਦ ਸੇਵਾਵਾਂ ਨਿਭਾਉਂਦੀਆਂ ਹਨ, ਬਾਕੀ ਸਭ ਸੇਵਾਦਾਰਾਂ ਰਾਹੀਂ ਹੀ ਅੰਮ੍ਰਿਤ ਵੇਲੇ ਦੇ ਪ੍ਰਕਾਸ਼ ਅਤੇ ਸੁੱਖ ਆਸਣ ਤੱਕ ਦੀਆਂ ਸਾਰੀਆਂ ਸੇਵਾਵਾਂ ਨਿਭਾਉਂਦੇ ਹਨ। ਸੋ ਕਿਰਪਾ ਕਰੋ, ਆਪਸੀ ਸਾਂਝ ਨੂੰ ਖਰਾਬ ਨਾ ਕਰੀਏ ਕਿ ਅਸੀਂ ਆਪਣੇ ਪਿੰਡ ਐਨੇ ਪੈਸੇ ਦੇਂਦੇ ਹਾਂ, ਤਾਂ ਤੁਸੀਂ ਘੱਟ ਜਾਂ ਵੱਧ ਕਿਉਂ ਦੇਂਦੇ ਹੋ। ਯਥਾ ਸ਼ਕਤੀ ਆਪਣੀ ਖੁਸ਼ੀ ਨਾਲ ਵੱਧ ਤੋਂ ਵੱਧ ਮਾਇਆ ਦਿਉ। ਕਿਸੇ 'ਤੇ ਕੋਈ ਮਨਾਹੀ ਨਹੀਂ ਹੈ ਪਰ ਕਿਸੇ ਨਾਲ ਮੁਕਾਬਲਾਬਾਜ਼ੀ ਕਰਨੀ ਵੀ ਸਿੱਖ ਦਾ ਧਰਮ ਨਹੀਂ ਹੈ। ਇਸ ਨਾਲ ਜਿੱਥੇ ਗ੍ਰੰਥੀ ਸਿੰਘ ਦੀ ਆਨ ਅਤੇ ਸ਼ਾਨ ਨੂੰ ਠੇਸ ਪਹੁੰਚੇਗੀ, ਉਥੇ ਸਿੱਖ ਕੌਮ ਦਾ ਸਿਰ ਵੀ ਝੁਕੇਗਾ ਕਿ ਲੰਗਰ ਲਾਉਣ, ਦਸਵੰਧ ਕੱਢਣ ਵਾਲੀ ਕੌਮ ਦੇ ਗ੍ਰੰਥੀ ਰੋਟੀ ਤੋਂ ਔਖੇ ਹਨ। ਹਾਂ ਜੇ ਕੋਈ ਸੇਵਾਦਾਰ ਏਨੀ ਉੱਚ ਅਵਸਥਾ 'ਤੇ ਪਹੁੰਚ ਗਿਆ, ਤਾਂ ਉਸ ਤੁਹਾਡੇ ਪੈਸੇ ਵੱਲ ਵੇਖੇਗਾ ਵੀ ਨਹੀਂ! ਅਸੀਂ ਕੌਣ ਹੁੰਦੇ ਹਾਂ, ਕਿਸੇ ਨੂੰ ਪਾਲਣ ਵਾਲੇ ਜਾਂ ਉਸ ਦੇ ਬੱਚਿਆਂ ਨੂੰ ਵਿੱਦਿਆ ਦਿਵਾਉਣ ਵਾਲੇ, ਸਭ ਨੂੰ ਪਾਲਣ ਹਾਰਾ ਪ੍ਰਮਾਤਮਾ ਹੈ। ਅਸੀਂ ਟਿਕਾਅ ਦੀ ਅਵਸਥਾ ਵਿਚ ਰਹੀਏ। ਜਾ ਤੂ ਮੇਰੈ ਵਲਿ ਹੈ ਤਾਂ ਕਿਆ ਮੁਹਛੰਦਾ॥ (ਗੁਰਬਾਣੀ) ਵਾਲੀ ਸਥਿਤੀ ਆ ਜਾਵੇਗੀ। ਭੁੱਲ ਚੁੱਕ ਵਾਸਤੇ ਦੋਵੇਂ ਹੱਥ ਜੋੜ ਕੇ ਖਿਮਾ ਦਾ ਜਾਚਕ।

# ਕੂੜੇ-ਕਰਕਟ ਨਾਲ ਭਰੇ ਸ਼ੈਲਟਰ ’ਚ ਰਹਿਣ ਵਾਲੇ ਮਾਨਸਿਕ ਰੋਗੀ ਬੇਘਰ ਬਜ਼ੁਰਗ ਨੂੰ ਮਿਲਿਆ ਸਵਰਗ ਰੂਪੀ ਘਰ

Dr. Naurang Singh Mangat
Retd. Professor & Scientist,
PAU Ludhiana
Mobile (India) WhatsApp:
95018-42506

ਪਿਛਲੇ 2 ਅਪ੍ਰੈਲ ਨੂੰ ਸਰਹਿੰਦ ਸ਼ਹਿਰ ’ਚ ਆਟੋ ਚਲਾਉਣ ਵਾਲੇ ਪਰਮਿੰਦਰ ਸਿੰਘ ਨੇ ਸਰਾਭਾ ਆਸ਼ਰਮ ਵਿਚ ਫੋਨ ਕਰਕੇ ਦੱਸਿਆ ਕਿ ਇੱਕ ਬਜ਼ੁਰਗ ਕਈ ਸਾਲਾਂ ਤੋਂ ਸਰਹਿੰਦ ਬੱਸ ਸਟੈਂਡ ਤੋਂ ਫਤਿਹਗੜ੍ਹ ਗੁਰਦੁਵਾਰਾ ਸਾਹਿਬ ਵੱਲ ਨੂੰ ਜਾਣ ਵਾਲੀ ਸੜਕ ਦੇ ਕਿਨਾਰੇ ਕੂੜੇ-ਕਰਕਟ ਨਾਲ ਭਰੇ ਹੋਏ ਬਗੈਰ ਬਿਜਲੀ-ਪਾਣੀ ਤੋਂ ਇੱਕ ਖਸਤਾ ਹਾਲਤ ਗੰਦੇ ਜਿਹੇ ਸ਼ੈਲਟਰ ’ਚ ਰਹਿੰਦਾ ਹੈ। ਇਹ ਬਜ਼ੁਰਗ ਸਾਰਾ ਦਿਨ ਕੂੜਾ-ਕਰਕਟ ਇਕੱਠਾ ਕਰਦਾ ਰਹਿੰਦਾ ਹੈ ਅਤੇ ਉਸ ਉੱਪਰ ਹੀ ਸੌਂ ਜਾਂਦਾ ਹੈ।

ਉਪਰੋਕਤ ਬਜ਼ੁਰਗ ਬਾਰੇ ਜਾਣਕਾਰੀ ਮਿਲਦੇ ਸਾਰ ਹੀ ਸਰਾਭਾ ਆਸ਼ਰਮ ਦੇ ਮੁੱਖ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਨੇ ਆਸ਼ਰਮ ਤੋਂ ਤਕਰੀਬਨ 100 ਕਿਲੋਮੀਟਰ ਦੂਰ ਫਤਿਹਗੜ੍ਹ ਸਾਹਿਬ (ਸਰਹਿੰਦ) ਪਹੁੰਚ ਕੇ ਇਸ ਬਜ਼ੁਰਗ ਨੂੰ ਲੱਭਿਆ। ਉਸ ਸਮੇਂ ਇਹ ਬਜ਼ੁਰਗ ਕੂੜਾ-ਕਰਕਟ ਦੇ ਢੇਰ ਉੱਪਰ ਹੀ ਬੈਠਾ ਹੋਇਆ ਸੀ। ਸੜਕ ਦੇ ਵਾਹਨਾਂ ਦੀ ਪੈਂਦੀ ਧੂੜ ਕਾਰਨ ਪਾਏ ਹੋਏ ਮੈਲੇ-ਕੁਚੈਲੇ ਕੱਪੜੇ ਇਸ ਤਰ੍ਹਾਂ ਪ੍ਰਤੀਤ ਹੁੰਦੇ ਸਨ, ਜਿਵੇਂ ਕਿ ਚਮੜੇ ਦੇ ਬਣੇ ਹੋਣ। ਇਸਦੇ ਤਨ ਤੇ ਬੇਹੱਦ ਮੈਲ਼ ਸੀ। ਸਿਰ ਅਤੇ ਦਾੜ੍ਹੀ ਦੇ ਵਾਲ ਮਿੱਟੀ-ਘੱਟੇ ਕਾਰਨ ਪੀਲੇ ਹੋਏ ਪਏ ਸਨ। ਇਸ ਤਰ੍ਹਾਂ ਲੱਗਦਾ ਸੀ ਕਿ ਇਸ ਨੇ ਕਈ ਮਹੀਨਿਆਂ ਤੋਂ ਇਸ਼ਨਾਨ ਨਹੀਂ ਕੀਤਾ।



ਕੂੜੇ-ਕਰਕਟ ਨਾਲ ਭਰੇ ਸ਼ੈਲਟਰ ’ਚੋਂ ਮਹਿੰਦਰ ਸਿੰਘ ਨੂੰ ਚੁੱਕਦੇ ਹੋਏ ਡਾ. ਨੌਰੰਗ ਸਿੰਘ ਮਾਂਗਟ।

ਆਸ਼ਰਮ ਦੇ ਮੁੱਖ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਨੇ ਇਸਨੂੰ ਉਪਰੋਕਤ ਜਗ੍ਹਾ ਤੋਂ ਲਿਆ ਕੇ ਪਿੰਡ ਸਰਾਭਾ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿਚ ਦਾਖਲ ਕਰਵਾਇਆ। ਸੇਵਾਦਾਰਾਂ ਵੱਲੋਂ ਜਦੋਂ ਇਸਨੂੰ ਇਸ਼ਨਾਨ ਆਦਿ ਕਰਵਾ ਕੇ ਨਵੇਂ ਕੱਪੜੇ ਪੁਵਾਏ ਗਏ, ਤਾਂ ਦੇਖ ਕੇ ਵਿਸ਼ਵਾਸ ਹੀ ਨਹੀਂ ਆਉਂਦਾ ਸੀ ਕਿ ਸਾਫ਼-ਸੁਥਰੇ ਚਿੱਟੇ ਕੱਪੜਿਆਂ ਵਿਚ ਇਹ ਉਹੀ ਬਜ਼ੁਰਗ ਹੈ, ਜੋ ਕਿ ਕੂੜਾ-ਕਰਕਟ ਦੇ ਢੇਰ ਵਿਚ ਰਹਿੰਦਾ ਸੀ। ਕੂੜੇ-ਕਰਕਟ ਦੇ ਢੇਰ ਵਿਚ ਲੰਮੇ ਸਮੇਂ ਤੋਂ ਰਹਿਣ ਕਾਰਨ ਇਸਦਾ ਦਾ ਦਿਮਾਗੀ ਸੰਤੁਲਨ ਵੀ ਠੀਕ ਨਹੀਂ ਰਿਹਾ। ਆਸ਼ਰਮ ਵਿਚ ਇਸਦਾ ਇਲਾਜ ਕਰਵਾਇਆ ਜਾਵੇਗਾ। ਉਮੀਦ ਕਰਦੇ ਹਾਂ ਕਿ ਹੁਣ ਇਹ ਬਜ਼ੁਰਗ ਆਸ਼ਰਮ ਵਿਚ ਰਹਿੰਦਿਆਂ ਬਾਕੀ ਦੀ ਜ਼ਿੰਦਗੀ ਸੁੱਖ-ਅਰਾਮ ਨਾਲ ਬਤੀਤ ਕਰਨਗੇ। ਇਸ ਬਜ਼ੁਰਗ ਨੇ ਆਪਣਾ ਨਾਮ ਮਹਿੰਦਰ ਸਿੰਘ ਦੱਸਿਆ ਹੈ। ਇਹ ਵੀ ਦੱਸਿਆ ਕਿ ਮੈਂ ਰੋਟੀ ਆਦਿ ਮੰਗ ਕੇ ਖਾਂਦਾ ਸੀ ਅਤੇ ਮੇਰਾ ਕੋਈ ਪਰਿਵਾਰ ਜਾਂ ਰਿਸ਼ਤੇਦਾਰ ਨਹੀਂ ਹੈ।

ਇਸ ਆਸ਼ਰਮ ਦੇ ਬਾਨੀ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਸ੍ਰੀ ਗੁਰੂ ਅਮਰ ਦਾਸ ਜੀ ਦੇ ਇਸ ਆਸ਼ਰਮ ਵਿਚ 215 ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਧਰੰਗ ਦੀ ਬਿਮਾਰੀ ਨਾਲ ਪੀੜਤ, ਟੀ.ਵੀ., ਕੈਂਸਰ ਅਤੇ ਹੋਰ ਨਾ-ਮੁਰਾਦ ਬਿਮਾਰੀਆਂ ਨਾਲ ਪੀੜਤ ਲਾਵਾਰਸ-ਬੇਘਰ ਅਤੇ ਗਰੀਬ ਮਰੀਜ਼ ਰਹਿੰਦੇ ਹਨ, ਜਿਨ੍ਹਾਂ ਵਿਚ ਬਹੁਤ ਸਾਰੇ ਮਰੀਜ਼ ਪੂਰੀ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਬਾਰੇ ਹੋਰ ਜਾਣਕਾਰੀ ਲਈ ਮੋਬਾਇਲ ਨੰਬਰ 95018-42506, 95018-42505 ’ਤੇ ਸੰਪਰਕ ਕੀਤਾ ਜਾ ਸਕਦਾ ਹੈ।



ਉਹੀ ਮਹਿੰਦਰ ਸਿੰਘ ਆਸ਼ਰਮ ’ਚ ਦਾਖਲ ਹੋਣ ਤੋਂ ਬਾਅਦ।

# ਹੈਲਦੀ ਮੁਸਕਰਾਹਟ ਲਈ ਜ਼ਰੂਰੀ ਹੈ ਦੰਦਾਂ ਅਤੇ ਮਸੂੜਿਆਂ ਦੀ ਡੇਲੀ ਦੇਖਭਾਲ

**“ਓਰਲ ਹੈਲਥ ਮਹੀਨਾ 2025 ਦਾ ਥੀਮ ਹੈ- ਹਰ ਵਿਅਕਤੀ ਦੀ ਹੈਲਦੀ ਮੁਸਕਰਾਹਟ” ਵਿਸ਼ਵ ਭਰ ’ਚ ਅੱਜ ਹੈਲਦੀ ਮੁਸਕਰਾਹਟ ਲਈ ਆਪਣੇ ਦੰਦਾਂ ਅਤੇ ਮਸੂੜਿਆਂ ਦੀ ਨਿਯਮਤ ਦੇਖਭਾਲ ਕਰਨੀ ਜ਼ਰੂਰੀ ਹੋ ਗਈ ਹੈ- ਡਾ. ਅਨਿਲ ਧੀਰ**

ਅਪ੍ਰੈਲ 2025 ਮੂੰਹ ਦੀ ਹੈਲਥ ਪ੍ਰਤੀ ਜਾਗਰੂਕਤਾ ਦੇ ਮਹੀਨੇ ਦੇ ਤੌਰ ’ਤੇ ਕਮਿਊਨਿਟੀ ਦੇ ਨਾਲ-ਨਾਲ ਸਰਕਾਰੀ ਪੱਧਰ ’ਤੇ ਮਨਾਇਆ ਜਾ ਰਿਹਾ ਹੈ। ਇਸ ਮਹੀਨੇ ਦੌਰਾਨ ਲੋਕਾਂ ਨੂੰ ਮੂੰਹ ਦੀ ਅੰਦਰੂਨੀ ਸਫਾਈ ਅਤੇ ਮੂੰਹ ਦੇ ਰੋਗਾਂ ਤੋਂ ਬਚਾਅ ਬਾਰੇ ਦੰਦਾਂ ਦੇ ਮਾਹਿਰਾਂ ਦੁਆਰਾ ਜਾਗਰੂਕ ਕੀਤਾ ਜਾ ਰਿਹਾ ਹੈ। ਵਿਸ਼ਵ ਪੱਧਰ ’ਤੇ, ਮੂੰਹ ਦੀਆਂ ਬਿਮਾਰੀਆਂ, ਖਾਸ ਕਰਕੇ ਦੰਦਾਂ ਦੀ ਸੜਨ ਅਤੇ ਮਸੂੜਿਆਂ ਦੀ ਸਮੱਸਿਆ ਕਾਰਨ ਕਰੀਬਨ 3.6 ਬਿਲੀਅਨ ਲੋਕ ਅਸਰ ਹੇਠ ਹਨ, ਜੋ ਕਿ ਅੱਜ ਜਨਤਕ ਸਿਹਤ ਚੁਣੌਤੀ ਬਣ ਚੁੱਕੀ ਹੈ।

- ਸਥਾਈ ਦੰਦਾਂ ’ਚ ਇਲਾਜ ਨਾ ਕੀਤੇ ਜਾਣ ਵਾਲੇ ਦੰਦਾਂ ਦੀ ਸੜਨ ਦੀ ਸਮੱਸਿਆ ਵੱਧ ਕੇ ਕਰੀਬਨ 2.3 ਬਿਲੀਅਨ ਤੱਕ ਪਹੁੰਚ ਚੁੱਕੀ ਹੈ।
- ਮੂੰਹ ਦੀਆਂ ਬਿਮਾਰੀਆਂ ਦਰਦ, ਬੇਆਰਾਮੀ, ਵਿਗਾੜ, ਖਾਣ-ਪੀਣ, ਬੋਲਣ ਅਤੇ ਸਮਾਜਿਕ ਆਪਸੀ ਅਸਰ ਨੂੰ ਪ੍ਰਭਾਵਿਤ ਹੋਣ ਨਾਲ ਡੇਲੀ ਲਾਈਫ ਸਟਾਈਲ ’ਤੇ ਮਾੜਾ ਅਸਰ ਪੈ ਰਿਹਾ ਹੈ।
- ਹਰ ਉਮਰ ’ਚ ਦੰਦਾਂ ਦੇ ਰੋਗ ਵੱਧਣ ਦਾ ਆਮ ਕਾਰਨ ਹੈ- ਖੰਡ ਦੀ ਜ਼ਿਆਦਾ ਵਰਤੋਂ, ਚਾਕਲੇਟ, ਮਿਠਾਈਆਂ, ਕੈਂਡੀ, ਬੇਕਰੀ ਪ੍ਰਾਡਕਟਸ, ਸਿਗੇਟਨੋਸ਼ੀ, ਤੰਬਾਕੂ ਚਬਾਉਣਾ ਅਤੇ ਅਲਕੋਹਲ ਦੀ ਵੱਧ ਵਰਤੋਂ ਦੁਨੀਆ ਦੇ ਦੰਦ ਖਰਾਬ ਕਰ ਰਹੇ ਹਨ।
- ਦੰਦਾਂ ਦੀ ਸਫਾਈ ਦੇ ਸਹੀ ਅਭਿਆਸ, ਬੁਰਸ਼ ਕਰਨ, ਫਲਾਸਿੰਗ ਅਤੇ ਸਮੇਂ-ਸਮੇਂ ’ਤੇ ਨਿਯਮਤ ਜਾਂਚ ਦੀ ਮਹੱਤਤਾ ’ਤੇ ਜ਼ੋਰ ਦਿੱਤਾ ਜਾ ਰਿਹਾ ਹੈ।
- ਡੇਲੀ ਫਲੋਰਾਈਡ ਟੂਥਪੇਸਟ, ਤੇ ਫਲੌਸ ਦੀ ਵਰਤੋਂ ਕਰਕੇ ਸਵੇਰੇ-ਸ਼ਾਮ ਆਪਣੇ ਦੰਦ ਬੁਰਸ਼ ਦੁਆਰਾ ਕਲੀਨ ਕਰੋ।
- ਮਸੂੜਿਆਂ ਦੀ ਬਿਮਾਰੀ ਅਤੇ ਮੂੰਹ ਦੇ ਕੈਂਸਰ ਦੇ ਲੱਛਣਾਂ ਲਈ ਰੂਟੀਨ ’ਚ ਆਪਣੇ ਮੂੰਹ ਦੀ ਜਾਂਚ ਕਰਦੇ ਰਹੋ।

## ਮੂੰਹ ਦੀ ਸਿਹਤ ਮਹੀਨਾ 2025






ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



- ਫਲੋਰਾਈਡ ਵਾਲਾ ਪਾਣੀ ਪੀਣ ਨਾਲ ਦੰਦਾਂ ਦੇ ਪਰਲੇ ਨੂੰ ਮਜ਼ਬੂਤੀ ਮਿਲਦੀ ਹੈ ਅਤੇ ਕੈਵੇਟੀਜ਼ ਦੇ ਖਤਰੇ ਨੂੰ ਘਟਾਇਆ ਜਾ ਸਕਦਾ ਹੈ।
- ਹਰ ਉਮਰ ਦੇ ਵਿਅਕਤੀ ਨੂੰ ਹਮੇਸ਼ਾ ਪੌਸ਼ਟਿਕ ਖ਼ੁਰਾਕ ਲੈਣੀ ਚਾਹੀਦੀ ਹੈ।
- ਰੂਟੀਨ ’ਚ ਫਿਲਟਰਡ ਪਾਣੀ ’ਚ ਲੌਂਗ, ਛੋਟੀ ਇਲਾਚੀ ਪਾ ਕੇ ਉਬਾਲਨ ਤੋਂ ਬਾਅਦ ਪੀਣ ਦੀ ਆਦਤ ਪਾ ਲੈਣੀ ਚਾਹੀਦੀ ਹੈ ।
- ਸਮੋਕਿੰਗ, ਧੂੰਆ ਰਹਿਤ ਤੰਬਾਕੂ ਅਤੇ ਵੇਪਿੰਗ ਦੀ ਵਰਤੋਂ ਨਾ ਕਰੋ। ਸੁਪਾਰੀ-ਪਾਣ ਖਾਣ ਵਾਲੇ ਸਾਵਧਾਨ ਰਹਿਣ। ਜ਼ਿਆਦਾ ਮਾਤਰਾ ’ਚ ਅਲਕੋਹਲ ਨਾ ਲੈ ਕੇ, ਸੀਮਤ ਮਾਤਰਾ ’ਚ ਲੈਣੀ ਚਾਹੀਦੀ ਹੈ।
- ਹਰ ਖਾਣ-ਪੀਣ ਵਾਲੀ ਚੀਜ਼ ਤੋਂ ਬਾਅਦ ਭੋਜਨ ਦੇ ਕਣਾਂ ਨੂੰ ਬਾਹਰ ਕੱਢਣ ਤੇ ਏਸਿਡ ਨੂੰ ਬੇਅਸਰ ਕਰਨ ਲਈ ਪਾਣੀ ਨਾਲ ਚੰਗੀ ਤਰ੍ਹਾਂ ਕੁਲੀ ਜ਼ਰੂਰ ਕਰੋ।
- ਮੂੰਹ ਅੰਦਰ ਦੀ ਦਰਦ, ਸੋਜ ਤੇ ਬਦਬੂ ਦੂਰ ਕਰਨ ਲਈ ਇੱਕ ਕੱਪ ਗਰਮ ਪਾਣੀ ’ਚ 1 ਚਮਚ ਨਮਕ ਮਿਲਾਓ ਤੇ 30 ਸਕਿੰਟਾਂ ਲਈ ਕੁਰਲੀ ਕਰੀ ਚਾਹੀਦੀ ਹੈ।
- ਤੰਦਰੁਸਤ ਦੰਦਾਂ ਅਤੇ ਜਾਂਚ ਲਈ ਆਪਣੇ ਡਾਕਟਰ ਨੂੰ ਮਿਲਦੇ ਰਹੋ। ਗਰਭਵਤੀ ਔਰਤਾਂ ਆਪਣਾ ਖਾਸ ਧਿਆਨ ਰੱਖਣ।

# ਡੋਨਾਲਡ ਟਰੰਪ ਦਾ ਬਰੇਨ ਚਾਈਲਡ : ਪ੍ਰਾਜੈਕਟ-2025 ਆਰ.ਐੱਸ.ਐੱਸ. ਦਾ ਦੂਜਾ ਰੂਪ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲUSA



ਡੋਨਾਲਡ ਟਰੰਪ ਜੋ ਆਪ ਮੁਹਾਰੇ ਫ਼ੈਸਲੇ ਕਰ ਰਿਹਾ ਹੈ, ਇਹ ਇੱਕ ਗਿਣੀ ਮਿੱਥੀ ਯੋਜਨਾ ਦਾ ਹਿੱਸਾ ਹਨ। ਇਹ ਯੋਜਨਾ 2016 ਰਾਸ਼ਟਰਪਤੀ ਦੀ ਚੋਣ ਤੋਂ ਪਹਿਲਾਂ ਬਣਾਈ ਗਈ ਸੀ। ਪਹਿਲੀ ਟਰਮ ਵਿਚ ਟਰੰਪ ਉਸਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕਰ ਸਕਿਆ ਸੀ। ਹੁਣ ਉਸਨੂੰ ਅਮਲੀ ਜਾਮਾ ਪਹਿਨਾ ਰਿਹਾ ਹੈ। ਡੋਨਾਲਡ ਟਰੰਪ ਦਾ ਬਰੇਨ ਚਾਈਲਡ 'ਪ੍ਰਾਜੈਕਟ-2025' ਜੋ ਆਰ.ਐੱਸ.ਐੱਸ. ਦੀ ਨੀਤੀਆਂ ਦਾ ਦੂਜਾ ਰੂਪ ਹੈ, ਉਸਨੂੰ ਦੂਜੀ ਵਾਰ ਰਾਸ਼ਟਰਪਤੀ ਦੇ ਅਹੁਦੇ 'ਤੇ ਪਹੁੰਚਾਉਣ ਵਿਚ ਕਾਰਗਰ ਸਾਬਤ ਹੋਇਆ ਹੈ। ਇਸ ਕਰਕੇ ਰਾਸ਼ਟਰਪਤੀ ਡੋਨਲਡ ਟਰੰਪ ਆਪਣਾ ਅਹੁਦਾ ਸੰਭਾਲਦਿਆਂ ਹੀ 'ਪ੍ਰਾਜੈਕਟ-2025' ਨੂੰ ਲਾਗੂ ਕਰਨ 'ਤੇ ਉਤਰ ਆਏ ਹਨ, ਕਿਉਂਕਿ ਉਸਨੇ ਅਮਰੀਕਾ ਦੇ ਮੂਲ ਨਿਵਾਸੀਆਂ ਦੇ ਹੱਕਾਂ 'ਤੇ ਪਹਿਰਾ ਦੇਣ ਦੀ ਜਿਹੜਾ ਵਾਅਦਾ ਕੀਤਾ ਸੀ, ਉਸ 'ਤੇ ਹਰ ਹਾਲਤ ਵਿਚ ਅਮਲ ਕਰਨ ਵਿਚ ਜ਼ੋਰ-ਜ਼ਬਰਦਸਤੀ ਕਰ ਰਿਹਾ ਹੈ, ਜਿਵੇਂ ਭਾਰਤ ਵਿਚ ਨਰਿੰਦਰ ਮੋਦੀ ਕਰ ਰਿਹਾ ਹੈ। ਉਹ ਆਪਣੀ ਕਹੀ ਹਰ ਗੱਲ ਨੂੰ ਹੁਕਮ ਦੇ ਤੌਰ 'ਤੇ ਲਾਗੂ ਕਰਨਾ ਚਾਹੁੰਦਾ ਹੈ, ਜਦੋਂਕਿ ਅਮਰੀਕਾ ਦੇ ਸੰਵਿਧਾਨ ਅਨੁਸਾਰ ਸਰਕਾਰ ਦਾ ਇੱਕ ਕਾਇਦਾ ਕਾਨੂੰਨ ਹੈ, ਉਸ ਅਨੁਸਾਰ ਹੀ ਕਾਰਜ ਪ੍ਰਣਾਲੀ ਕੰਮ ਕਰੇਗੀ। ਜਿਸ ਕਰਕੇ ਕਚਹਿਰੀਆਂ ਉਸਦੇ ਕਈ ਹੁਕਮਾਂ 'ਤੇ ਪਾਬੰਦੀਆਂ ਲਾ ਚੁੱਕੀਆਂ ਹਨ। ਅਮਰੀਕਾ ਵਿਚ ਉਥੋਂ ਦੇ ਮੂਲ ਨਿਵਾਸੀ, ਜਿਨ੍ਹਾਂ ਨੂੰ ਰੈਡ ਇੰਡੀਅਨ ਕਿਹਾ ਜਾਂਦਾ ਹੈ, ਬਹੁਤ ਥੋੜ੍ਹੀ ਮਾਤਰਾ ਵਿਚ ਹਨ। ਵਰਤਮਾਨ ਸਮੇਂ ਬਹੁਤੇ ਅਮਰੀਕਨ ਸੰਸਾਰ ਦੇ ਹੋਰ ਦੇਸਾਂ ਤੋਂ ਪ੍ਰਵਾਸ ਕਰਕੇ ਹੀ ਅਮਰੀਕਾ ਵਿਚ ਆਏ ਹੋਏ ਹਨ। ਮੂਲ ਨਿਵਾਸੀਆਂ ਨੂੰ ਵੱਖਰੀਆਂ ਕਾਲੋਨੀਆਂ ਵਿਚ ਰੱਖਿਆ ਜਾਂਦਾ ਹੈ, ਉਨ੍ਹਾਂ ਨੂੰ ਰਾਸ਼ਣ ਅਤੇ ਹੋਰ ਸਾਮਾਨ ਸਸਤੀਆਂ ਦਰਾਂ 'ਤੇ ਦਿੱਤਾ ਜਾਂਦਾ ਹੈ। ਉਨ੍ਹਾਂ ਦੀ ਗਿਣਤੀ ਅਮਰੀਕਾ ਦੇ ਰਾਜ ਪ੍ਰਬੰਧ ਵਿਚ ਨਾ ਤਾਂ ਹਿੱਸੇਦਾਰ ਹੈ ਅਤੇ ਨਾ ਹੀ ਰਾਜ ਭਾਗ ਦੀ ਤਬਦੀਲੀ ਵਿਚ ਬਹੁਤਾ ਯੋਗਦਾਨ ਪਾ ਸਕਦੀ ਹੈ। ਉਹ ਆਰਾਮ ਪ੍ਰਸਤ ਲੋਕ ਹਨ। ਡੋਨਾਲਡ ਟਰੰਪ ਨੇ ਸਥਾਨਕ ਮੂਲ ਨਿਵਾਸੀ ਅਮਰੀਕੀਆਂ ਦੇ ਹਿੱਤਾਂ 'ਤੇ ਪਹਿਰਾ ਦੇਣ ਦਾ ਅਜਿਹਾ ਪੱਤਾ ਖੇਡਿਆ, ਜਿਹੜਾ ਟਰੰਪ ਲਈ ਸਾਰਥਿਕ ਸਾਬਤ ਹੋਇਆ, ਕਿਉਂਕਿ ਡੋਨਾਲਡ ਟਰੰਪ ਕਹਿੰਦਾ ਹੈ ਕਿ ਪ੍ਰਵਾਸੀਆਂ ਨੇ ਅਮਰੀਕਾ ਵਿਚ ਆ ਕੇ ਸਥਾਨਕ ਲੋਕਾਂ ਦੇ ਹੱਕਾਂ ਨੂੰ ਨੁਕਸਾਨ ਪਹੁੰਚਾਇਆ ਹੈ। ਸਥਾਨਕ ਲੋਕ ਬੇਰੋਜ਼ਗਾਰ ਹੋ ਗਏ ਹਨ। ਹਾਲਾਂਕਿ ਡੋਨਾਲਡ ਟਰੰਪ ਦੀ ਪਤਨੀ ਮੇਲਾਨੀਆਂ ਵੀ ਪ੍ਰਵਾਸੀ ਹੈ। ਪ੍ਰਵਾਸੀਆਂ ਨੇ ਅਮਰੀਕਾ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ ਹੈ। ਵਿਓਪਾਰੀ ਲੋਕਾਂ ਨੂੰ ਸਸਤੇ ਆਈ.ਟੀ. ਮਾਹਰ ਅਤੇ ਕਾਮੇ ਮਿਲ ਰਹੇ ਹਨ, ਇਸ ਕਰਕੇ ਬਹੁਤੇ ਵਿਓਪਾਰੀ ਟਰੰਪ ਦੀ ਇਸ ਨੀਤੀ ਨਾਲ ਸਹਿਮਤ ਨਹੀਂ ਹਨ, ਪ੍ਰੰਤੂ ਟਰੰਪ ਕਿਸੇ ਦੀ ਪ੍ਰਵਾਹ ਨਹੀਂ ਕਰਦਾ। ਹਾਲਾਂਕਿ ਟਰੰਪ ਖੁਦ ਇੱਕ ਬਹੁਤ ਵੱਡਾ ਕਾਰੋਬਾਰੀ ਹੈ, ਉਸਨੇ ਜੋ ਆਪਣਾ ਏਜੰਡਾ ਬਣਾਇਆ ਹੈ, ਉਸਨੂੰ ਤੇਜ਼ੀ ਨਾਲ ਲਾਗੂ ਕਰ ਰਿਹਾ ਹੈ। ਉਸੇ ਲੜੀ ਵਿਚ ਉਸਨੇ ਸੰਸਾਰ ਵਿਚੋਂ ਗ਼ੈਰਕਾਨੂੰਨੀ ਢੰਗ ਨਾਲ ਆਏ ਪ੍ਰਵਾਸੀਆਂ ਨੂੰ ਅਮਰੀਕਾ ਵਿਚੋਂ ਬਾਹਰ ਕੱਢਣ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। 18000 ਗ਼ੈਰਕਾਨੂੰਨੀ ਭਾਰਤੀਆਂ 'ਤੇ ਵੀ ਦੇਸ਼ ਨਿਕਾਲੇ ਦੀ ਤਲਵਾਰ ਲਟਕ ਰਹੀ ਹੈ।

ਡੋਨਾਲਡ ਟਰੰਪ ਨੇ ਨਵੰਬਰ 2016 ਦੀ ਰਾਸ਼ਟਰਪਤੀ ਦੀ ਚੋਣ ਲੜਨ ਤੋਂ ਪਹਿਲਾਂ ਅਮਰੀਕਨਾਂ ਦੇ ਸੁਨਹਿਰੇ ਭਵਿੱਖ ਲਈ ਇੱਕ ਪ੍ਰਾਜੈਕਟ/ਯੋਜਨਾ ਬਣਾਈ ਸੀ। ਇਸ ਪ੍ਰਾਜੈਕਟ/ਯੋਜਨਾ ਦਾ 2023 ਦੇ ਸ਼ੁਰੂ ਵਿਚ ਜ਼ਬਰਦਸਤ ਚੋਣ ਪ੍ਰਚਾਰ ਟਰੰਪ ਟੀਮ ਨੇ ਕੀਤਾ, ਜਿਸ ਵਿਚ ਉਹ ਸਫ਼ਲ ਹੋ ਗਏ ਕਿਉਂਕਿ ਉਨ੍ਹਾਂ ਚੋਣ ਪ੍ਰਚਾਰ ਵਿਚ ਲੋਕਾਂ ਨੂੰ ਆਪਣੇ ਨਾਲ ਜੋੜਨ ਵਿਚ ਕਾਮਯਾਬ ਰਹੇ। ਇਸ ਪ੍ਰਾਜੈਕਟ/ਯੋਜਨਾ ਨੂੰ 37 ਵਿਅਕਤੀਆਂ/ਲੇਖਕਾਂ ਨੇ ਬਣਾਇਆ। ਇਨ੍ਹਾਂ 37 ਵਿਚੋਂ 27 ਵਿਅਕਤੀ/ਲੇਖਕ ਡੋਨਲਡ ਟਰੰਪ ਦੀ ਪਿਛਲੀ ਸਰਕਾਰ ਵਿਚ ਅਹਿਮ ਅਹੁਦਿਆਂ 'ਤੇ ਨਿਯੁਕਤ ਸਨ ਅਤੇ ਬਾਕੀ 10 ਵੀ ਉਸਦੇ ਅਤਿਅੰਤ ਨਜ਼ਦੀਕੀ ਵਿਅਕਤੀ/ਲੇਖਕ ਹਨ। ਇਸ ਪ੍ਰਾਜੈਕਟ ਨੂੰ 100 ਤੋਂ ਵੱਧ ਰੂੜ੍ਹੀਵਾਦੀ ਸੰਗਠਨਾਂ ਦੇ ਨੈੱਟਵਰਕ ਦਾ ਸਮਰਥਨ ਪ੍ਰਾਪਤ ਹੈ। ਨਵੰਬਰ 2024 ਦੀ ਰਾਸ਼ਟਰਪਤੀ ਦੀ ਚੋਣ ਤੋਂ ਪਹਿਲਾਂ ਉਸਨੇ ਆਪਣੇ ਨਜ਼ਦੀਕੀਆਂ ਜਿਹੜੇ 'ਹੈਰੀਟੇਜ ਫ਼ਾਊਂਡੇਸ਼ਨ' ਦੇ ਬੈਨਰ ਹੇਠ ਕੰਮ ਕਰਦੇ ਹਨ, ਰਾਹੀਂ ਉਸ ਪੁਰਾਣੀ ਯੋਜਨਾ/ਪ੍ਰਾਜੈਕਟ ਨੂੰ ਨਵਾਂ ਰੂਪ ਦੇ ਕੇ 'ਪ੍ਰਾਜੈਕਟ-2025' ਦੇ ਬੈਨਰ ਹੇਠ ਬਣਾਇਆ। ਹੈਰੀਟੇਜ ਫ਼ਾਊਂਡੇਸ਼ਨ ਇੱਕ ਕਿਸਮ ਨਾਲ ਭਾਰਤ ਦੀ ਆਰ.ਐੱਸ.ਐੱਸ. ਦੀ ਤਰ੍ਹਾਂ ਹੈ, ਇਸਨੂੰ ਆਰ.ਐੱਸ.ਐੱਸ. ਦਾ ਦੂਜਾ ਰੂਪ ਕਿਹਾ ਜਾ ਸਕਦਾ ਹੈ। ਜਿਸਦਾ ਟੀਚਾ ਅਮਰੀਕਾ ਨੂੰ ਸੰਭਾਵੀ ਰੂਪ ਵਿਚ ਰੂੜ੍ਹੀਵਾਦੀ ਮੁੱਲਾਂ ਨੂੰ ਬਣਾਈ ਰੱਖਣ ਵਾਲੀ ਇੱਕ ਸਰਕਾਰੀ ਪ੍ਰਣਾਲੀ ਨੂੰ ਮੁੜ ਸਥਾਪਤ ਕਰਨਾ ਹੈ, ਜਿਸ ਵਿਚ ਪਰਿਵਾਰਿਕ ਮੁੱਲਾਂ ਦੀ ਪੁਨਰ ਸਥਾਪਨਾ, ਸਰਹੱਦਾਂ ਦੀ ਸੁਰੱਖਿਆ ਅਤੇ ਅਮਰੀਕਨਾਂ ਦੇ ਨਿੱਜੀ ਅਧਿਕਾਰਾਂ ਦੀ ਰੱਖਿਆ ਸ਼ਾਮਲ ਹੈ। ਇਸ 'ਪ੍ਰਾਜੈਕਟ-2025' ਦਾ ਡੋਨਲਡ ਟਰੰਪ ਨੇ ਧੂੰਆਂਧਾਰ ਹਮਲਾਵਰ ਢੰਗ ਨਾਲ ਚੋਣ ਪ੍ਰਚਾਰ ਕੀਤਾ। ਪ੍ਰਾਜੈਕਟ-2025, ਜਿਸਨੂੰ ਹੈਰੀਟੇਜ ਫ਼ਾਊਂਡੇਸ਼ਨ ਨੇ ਤਿਆਰ ਕੀਤਾ ਹੈ, ਇੱਕ ਰੂਪ ਰੇਖਾ ਹੈ, ਜੋ ਡੋਨਾਲਡ ਟਰੰਪ ਦੇ ਸਰਕਾਰੀ ਏਜੰਡੇ ਨੂੰ ਪਰਿਭਾਸ਼ਤ ਕਰਦਾ ਹੈ। ਇਸ ਏਜੰਡੇ ਦਾ ਮੁੱਖ ਨਿਸ਼ਾਨਾ 'ਪ੍ਰਸ਼ਾਸ਼ਨਿਕ ਰਾਜ ਨੂੰ ਦਰੁੱਸਤ ਕਰਨਾ ਹੈ, ਜਿਸ ਵਿਚ ਸਰਕਾਰੀ ਏਜੰਸੀਆਂ ਦੇ ਢਾਂਚੇ, ਨੀਤੀਆਂ ਅਤੇ ਕਰਮਚਾਰੀਆਂ ਨੂੰ ਮੂਲ ਰੂਪ ਵਿਚ ਬਦਲਣਾ ਸ਼ਾਮਲ ਹੈ। 'ਪ੍ਰਾਜੈਕਟ-2025' ਦੇ ਮੁੱਖ ਨਿਸ਼ਾਨੇ ਇਸ ਪ੍ਰਕਾਰ ਹਨ:

## 1. ਮੂਲ ਰੂਪ ਰੇਖਾ ਅਤੇ ਸਿਧਾਂਤ

ਇਹ ਪ੍ਰਾਜੈਕਟ ਚਾਰ ਮੁੱਖ ਥੰਮ੍ਹਾਂ 'ਤੇ ਆਧਾਰਿਤ ਹੈ। ਨੀਤੀ ਏਜੰਡਾ, ਕਰਮਚਾਰੀ ਡਾਟਾਬੇਸ, ਪ੍ਰਸ਼ਾਸ਼ਨਿਕ ਸਿਖਲਾਈ ਅਤੇ ਪਹਿਲੇ 180 ਦਿਨਾਂ ਦੀ ਕਾਰਜ ਯੋਜਨਾ। ਇਸ ਪ੍ਰਾਜੈਕਟ ਦਾ ਮੁੱਖ ਮੁੱਦਾ ਰੂੜ੍ਹੀਵਾਦੀ ਮੁੱਲਾਂ ਨੂੰ ਬਣਾਈ ਰੱਖਣ ਵਾਲੀ ਇੱਕ ਸਰਕਾਰੀ ਪ੍ਰਣਾਲੀ ਨੂੰ ਮੁੜ ਸਥਾਪਿਤ ਕਰਨਾ ਹੈ, ਜਿਸ ਵਿਚ ਪਰਿਵਾਰਿਕ ਮੁੱਲਾਂ ਦੀ ਪੁਨਰ ਸਥਾਪਨਾ, ਸਰਹੱਦਾਂ ਦੀ ਸੁਰੱਖਿਆ ਅਤੇ ਨਿੱਜੀ ਅਧਿਕਾਰਾਂ ਦੀ ਰੱਖਿਆ ਸ਼ਾਮਲ ਹਨ।

## 2. ਪ੍ਰਮੁੱਖ ਨੀਤੀਗਤ ਸਿਫ਼ਾਰਸ਼ਾਂ

**ਸਰਕਾਰੀ ਢਾਂਚੇ ਦਾ ਪੁਨਰਗਠਨ :** 'ਪ੍ਰਾਜੈਕਟ-2025' ਵਿਚ ਸਿੱਖਿਆ ਵਿਭਾਗ (**Department of Education**) ਨੂੰ ਖ਼ਤਮ ਕਰਨ, ਸਰਕਾਰੀ ਕਰਮਚਾਰੀਆਂ ਦੀ ਭਰਤੀ ਪ੍ਰਕ੍ਰਿਆ ਨੂੰ ਰੱਦ ਕਰਨ ਅਤੇ ਨੌਕਰਸ਼ਾਹੀ ਨੂੰ ਘਟਾਉਣਾ ਦੀ ਸਿਫ਼ਾਰਸ਼ ਕਰਦਾ ਹੈ। ਇਹ ਹੈਡ ਸਟਾਰਟ ਪ੍ਰੋਗਰਾਮ ਦੇ ਪੂਰੇ ਖ਼ਾਤਮੇ ਦੀ ਵੀ ਮੰਗ ਕਰਦਾ ਹੈ, ਜੋ 8 ਲੱਖ ਤੋਂ ਵੱਧ ਬੱਚਿਆਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ।

**ਸਮਾਜਿਕ ਨੀਤੀਆਂ 'ਤੇ ਪ੍ਰਭਾਵ :** ਪ੍ਰਸੂਤੀ ਸੰਬੰਧੀ ਅਧਿਕਾਰਾਂ ਨੂੰ ਸੀਮਤ ਕਰਨ, ਗਰਭਪਾਤ ਦੀਆਂ ਦਵਾਈਆਂ (ਜਿਵੇਂ ਕਿ ਮਿਫਪ੍ਰਿਸਟੋਨ) 'ਤੇ ਪਾਬੰਦੀ ਲਗਾਉਣ ਅਤੇ **LGBTQ+** ਅਧਿਕਾਰਾਂ ਵਿਰੁੱਧ ਕਾਰਵਾਈਆਂ ਦੀ ਯੋਜਨਾ ਬਣਾਈ ਗਈ ਹੈ। ਇਸਦੇ ਨਾਲ ਹੀ ਜਨਤਕ ਸੇਵਾ ਕਰਜ਼ਾ ਮਾਫ਼ੀ ਪ੍ਰੋਗਰਾਮ (**Public Service Loan Forgiveness**) ਨੂੰ ਖ਼ਤਮ ਕਰਨ ਦਾ ਪ੍ਰਸਤਾਵ ਹੈ।

**ਆਰਥਿਕ ਅਤੇ ਪਰਿਵਾਰਸਨਾਮੀ ਨੀਤੀਆਂ :** ਇਹ ਪ੍ਰਾਜੈਕਟ ਫਰਮਾ ਲਈ ਸਹਾਇਤਾ ਪ੍ਰੋਗਰਾਮਾਂ ਨੂੰ ਸੀਮਤ ਕਰਨ, ਜਨਤਕ ਆਵਾਜਾਈ ਦੇ ਫ਼ੰਡਿੰਗ ਨੂੰ ਘਟਾਉਣ ਅਤੇ ਜਲਵਾਯੂ ਨੂੰ ਲੈ ਕੇ ਨਿਯਮਾਂ ਨੂੰ ਖ਼ਤਮ ਕਰਨ ਦੀ ਗੱਲ ਕਰਦਾ ਹੈ। ਇਸਦੇ ਨਾਲ ਹੀ ਇਹ 'ਰੀਮੇਨ ਇਨ ਮੈਕਸੀਕੋ' ਨੀਤੀ ਨੂੰ ਮੁੜ ਲਾਗੂ ਕਰਨ ਅਤੇ ਸਰਹੱਦੀ ਕੰਧ ਦੇ ਨਿਰਮਾਣ ਨੂੰ ਤੇਜ਼ ਕਰਨ ਦੀ ਵਕਾਲਤ ਕਰਦਾ ਹੈ।

**3. ਲਾਗੂ ਹੋਣ ਦੀ ਵਰਤਮਾਨ ਸਥਿਤੀ**

**ਟਰੰਪ ਪ੍ਰਸ਼ਾਸ਼ਨ ਦੀਆਂ ਸ਼ੁਰੂਆਤੀ ਕਾਰਵਾਈਆਂ :** ਫ਼ਰਵਰੀ 2025 ਤੱਕ ਟਰੰਪ ਪ੍ਰਸ਼ਾਸ਼ਨ ਨੇ ਪਹਿਲਾਂ ਹੀ ਕਾਰਜਕਾਲੀ ਹੁਕਮ ਜਾਰੀ ਕੀਤੇ ਹਨ, ਜੋ 'ਪ੍ਰਾਜੈਕਟ-2025' ਦੀਆਂ ਸਿਫ਼ਾਰਸ਼ਾਂ ਨਾਲ ਮੇਲ ਖਾਂਦੇ ਹਨ। ਇਨ੍ਹਾਂ ਵਿਚ ਪੈਰਿਸ ਜਲਵਾਯੂ ਸਮਝੌਤੇ ਤੋਂ ਬਾਹਰ ਹੋਣਾ, ਅਲਾਸਕਾ ਵਿਚ ਤੇਲ ਅਤੇ ਗੈਸ ਡ੍ਰਿਲਿੰਗ ਨੂੰ ਵਧਾਉਣ ਅਤੇ ਪ੍ਰਵਾਸੀ ਨੀਤੀਆਂ ਨੂੰ ਸਖ਼ਤ ਕਰਨ ਵਰਗੇ ਕਦਮ ਸ਼ਾਮਲ ਹਨ।

**ਪ੍ਰਾਜੈਕਟ-2025 ਦੇ ਡਾਟਾਬੇਸ ਦੀ ਵਰਤੋਂ :** ਚੋਣ ਪ੍ਰਚਾਰ ਦੌਰਾਨ 'ਪ੍ਰਾਜੈਕਟ-2025' ਨੂੰ ਦੂਰ ਰੱਖਣ ਦੇ ਬਾਵਜੂਦ ਟਰੰਪ ਟੀਮ ਹੁਣ ਇਸਦੇ ਕਰਮਚਾਰੀ ਡਾਟਾ ਬੇਸ ਦੀ ਵਰਤੋਂ 4000 ਤੋਂ ਵੱਧ ਸਿਆਸੀ ਨਿਯੁਕਤੀਆਂ ਲਈ ਉਮੀਦਵਾਰ ਚੁਣਨ ਲਈ ਕਰ ਰਹੀ ਹੈ। ਇਸ ਡਾਟਾ ਬੇਸ ਨੂੰ 'ਰੂੜ੍ਹੀਵਾਦੀ **LinkedIn**' ਵਜੋਂ ਦਰਸਾਇਆ ਜਾ ਰਿਹਾ ਹੈ, ਜਿਸ ਵਿਚ ਪ੍ਰੀ-ਵੈਟ ਕੀਤੇ ਗਏ ਉਮੀਦਵਾਰਾਂ ਦੀ ਜਾਣਕਾਰੀ ਸ਼ਾਮਲ ਹੈ।

**ਵਿਵਾਦ ਅਤੇ ਅਸਹਿਮਤੀਆਂ :** ਹਾਲਾਂਕਿ ਕਈ ਨੀਤੀਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ, ਪ੍ਰੰਤੂ ਕੁਝ ਮਾਮਲਿਆਂ ਵਿਚ ਟਰੰਪ ਪ੍ਰਸ਼ਾਸ਼ਨ ਨੇ 'ਪ੍ਰਾਜੈਕਟ-2025' ਦੀਆਂ ਸਿਫ਼ਾਰਸ਼ਾਂ ਤੋਂ ਵੱਖਰੇ ਫ਼ੈਸਲੇ ਲਏ ਹਨ। ਉਦਾਹਰਣ ਲਈ ਜਨਮਜਾਤ ਨਾਗਰਿਕਤਾ (**Birthright Citizenship**) ਨੂੰ ਚੁਣੌਤੀ ਦੇਣ ਜਾਂ ਊਰਜਾ ਐਮਰਜੈਂਸੀ ਦੀ ਘੋਸ਼ਣਾ ਕਰਨ ਦੇ ਪ੍ਰਸਤਾਵਾਂ ਨੂੰ ਅਜੇ ਤੱਕ ਨਹੀਂ ਅਪਣਾਇਆ ਗਿਆ ਹੈ।

## 4. ਚੁਣੌਤੀਆਂ ਅਤੇ ਆਲੋਚਨਾਵਾਂ

**ਕਾਨੂੰਨੀ ਅਤੇ ਸਮਾਜਿਕ ਵਿਰੋਧ :** ਟੈਕਸਾਸ ਅਤੇ ਵਾਸ਼ਿੰਗਟਨ ਵਰਗੇ ਰਾਜਾਂ ਵਿਚ 'ਪ੍ਰਾਜੈਕਟ- 2025' ਦੀਆਂ ਨੀਤੀਆਂ ਦੀ ਪ੍ਰੀਖਣ ਕੀਤੀ ਜਾ ਰਹੀ ਹੈ, ਜਿਸ ਵਿਚ ਗਰਭਪਾਤ ਨੂੰ ਅਪਰਾਧਿਕ ਬਣਾਉਣ ਅਤੇ ਲਿੰਗ-ਅਧਾਰਿਤ ਸੁਰੱਖਿਆ ਉਪਾਵਾਂ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਸ਼ਾਮਲ ਹਨ। ਇਹ ਕਦਮ ਅਦਾਲਤਾਂ ਅਤੇ ਵਿਰੋਧ ਪ੍ਰਦਰਸ਼ਨਾਂ ਦਾ ਸਾਹਮਣਾ ਕਰ ਰਹੇ ਹਨ।

**ਅਰਥਚਾਰੇ 'ਤੇ ਪ੍ਰਭਾਵ :** ਆਲੋਚਕਾਂ ਦਾ ਦਾਅਵਾ ਹੈ ਕਿ 'ਪ੍ਰਾਜੈਕਟ-2025' ਦੀਆਂ ਨੀਤੀਆਂ ਨਾਲ ਕਿਸਾਨਾਂ ਲਈ ਸਹਾਇਤਾ ਪ੍ਰੋਗਰਾਮ ਘਟਣਗੇ, ਜਨਤਕ ਆਵਾਜਾਈ ਦੇ ਬਜਟ ਵਿਚ ਕਟੌਤੀ ਹੋਵੇਗੀ ਅਤੇ ਮਜ਼ਦੂਰਾਂ ਦੇ ਅਧਿਕਾਰ ਘਟਣਗੇ। ਇਸਦੇ ਨਾਲ ਹੀ ਜਲਵਾਯੂ ਪਰਿਵਰਤਨ ਨੂੰ ਨਜ਼ਰਅੰਦਾਜ਼ ਕਰਨ ਵਾਲੀਆਂ ਨੀਤੀਆਂ ਨੂੰ ਵਿਗਿਆਨਕ ਸਮੁਦਾਇ ਦੁਆਰਾ ਖ਼ਾਰਜ ਕੀਤਾ ਗਿਆ ਹੈ।

## 5. ਨਤੀਜੇ ਅਤੇ ਭਵਿੱਖ ਦੀਆਂ ਸੰਭਾਵਨਾਵਾਂ

'ਪ੍ਰਾਜੈਕਟ-2025' ਦਾ ਸਫ਼ਲ ਹੋਣਾ ਰਾਜਨੀਤਿਕ ਸਹਿਯੋਗ, ਨਿਆਂ ਪਾਲਿਕਾ ਦੀਆਂ ਪ੍ਰਤੀਕ੍ਰਿਆਵਾਂ ਅਤੇ ਜਨਤਕ ਪ੍ਰਤੀਕ੍ਰਿਆ 'ਤੇ ਨਿਰਭਰ ਕਰੇਗਾ। ਹਾਲਾਂਕਿ ਇਸਦੇ ਸਮਰਥਕ ਇਸਨੂੰ 'ਡੂੰਘੇ ਰਾਜ (Deep State)' ਨੂੰ ਖ਼ਤਮ ਕਰਨ ਦਾ ਇੱਕ ਸਾਧਨ ਦੱਸਦੇ ਹਨ, ਪ੍ਰੰਤੂ ਵਿਰੋਧੀਆਂ ਨੇ ਇਸਨੂੰ ਲੋਕਤੰਤਰ ਲਈ ਖ਼ਤਰਾ ਦੱਸਿਆ ਹੈ, ਭਵਿੱਖ ਵਿਚ ਇਸ ਪ੍ਰਾਜੈਕਟ ਦਾ ਪ੍ਰਭਾਵ ਅਮਰੀਕੀ ਸਮਾਜ ਦੇ ਹਰ ਪੱਖ 'ਤੇ ਪਵੇਗਾ, ਜਿਸ ਵਿਚ ਸਿੱਖਿਆ, ਸਿਹਤ ਅਤੇ ਵਾਤਾਵਰਨ ਸ਼ਾਮਲ ਹਨ।

ਡੋਨਾਲਡ ਟਰੰਪ 'ਪ੍ਰਾਜੈਕਟ-2025' ਨੂੰ ਲਾਗੂ ਕਰਨ ਦੀ ਪੁਰਜ਼ੋਰ ਕੋਸ਼ਿਸ਼ ਕਰ ਰਿਹਾ ਹੈ, ਭਾਵੇਂ ਉਸਦੇ ਰਾਹ ਵਿਚ ਕਈ ਕਿਸਮ ਦੀਆਂ ਅੜਚਣਾਂ ਆ ਰਹੀਆਂ ਹਨ, ਜਿਨ੍ਹਾਂ ਵਿਚ ਟਰੰਪ ਵੱਲੋਂ ਐਲਨ ਮਸਨ ਨਾਲ ਡੀਪਾਰਟਮੈਂਟ ਆਫ਼ ਗਵਰਨਮੈਂਟ ਐਫ਼ੀਸੈਂਸੀ (**Deep State**) ਖ਼ਰਚੇ ਘਟਾਉਣ ਵਾਲੇ ਵਿਭਾਗ ਦੇ ਕੋ ਚੇਅਰਮੈਨ ਨਾਮਜ਼ਦ ਭਾਰਤੀ ਮੂਲ ਦੇ ਅਮਰੀਕਨ ਵਿਵੇਕ ਰਾਮਾਸਵਾਮੀ ਨੇ ਪ੍ਰਵਾਸੀਆਂ ਸੰਬੰਧੀ ਟਰੰਪ ਦੇ ਫ਼ੈਸਲੇ ਨੂੰ ਲੈ ਕੇ ਅਸਤੀਫ਼ਾ ਦੇ ਦਿੱਤਾ ਸੀ ਪ੍ਰੰਤੂ ਟਰੰਪ ਆਪਣੇ ਫ਼ੈਸਲੇ ਲਾਗੂ ਕਰਵਾਉਣ ਲਈ ਬਜਿਦ ਹੈ। ਉਹ ਆਪਣੇ ਕਿਸੇ ਸਹਿਯੋਗੀ ਦੀ ਵੀ ਪ੍ਰਵਾਹ ਨਹੀਂ ਕਰਦਾ। ਕਈ ਵਾਰੀ ਰਾਸ਼ਟਰਪਤੀ ਡੋਨਾਲਡ ਟਰੰਪ ਭਾਰਤ ਦੇ ਸਿਆਸਤਦਾਨਾਂ ਵਾਂਗੂੰ ਅਜੀਬ ਕਿਸਮ ਦੀ ਤੱਥਾਂ ਤੋਂ ਬਿਨਾ ਹੀ ਬਿਆਨਬਾਜ਼ੀ ਕਰ ਜਾਂਦਾ ਹੈ। ਉਹ ਬਿਆਨਬਾਜ਼ੀ ਵੀ ਇੱਕ ਯੋਜਨਾ ਅਨੁਸਾਰ ਕੀਤੀ ਜਾਂਦੀ ਹੈ, ਤਾਂ ਜੋ ਰਾਸ਼ਟਰਪਤੀ ਦੀ ਕਾਰਜਪ੍ਰਣਾਲੀ ਦਾ ਡਰ ਬਣਿਆ ਰਹੇ। ਅਜੇ ਤੱਕ ਤਾਂ ਡੋਨਾਲਡ ਟਰੰਪ ਨੇ ਸਰਕਾਰ 'ਤੇ ਦਬਦਬਾ ਬਣਾਇਆ ਹੋਇਆ ਹੈ ਪ੍ਰੰਤੂ ਸੰਸਾਰ ਦੇ ਬਹੁਤੇ ਦੇਸ਼ ਉਸ ਦੀਆਂ ਨੀਤੀਆਂ ਦੀ ਹਮਾਇਤ ਨਹੀਂ ਕਰਦੇ। ਜੇਕਰ ਗ਼ੈਰ ਕਾਨੂੰਨੀ ਪ੍ਰਵਾਸੀਆਂ ਦੀ ਤਰ੍ਹਾਂ ਬਾਕੀ ਜਾਇਜ਼ ਢੰਗ ਨਾਲ ਅਮਰੀਕਾ ਵਿਚ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਨਾਲ ਵੀ ਡੋਨਾਲਡ ਟਰੰਪ ਦਾ ਵਰਤਾਓ ਰਿਹਾ, ਤਾਂ ਅਮਰੀਕਾ ਦੀ ਆਰਥਿਕਤਾ ਜਿਸਨੂੰ ਟਰੰਪ ਮਜ਼ਬੂਤ ਕਰਨ ਦੇ ਦਾਅਵੇ ਕਰ ਰਿਹਾ, ਉਹ ਕਮਜ਼ੋਰ ਹੋ ਜਾਵੇਗੀ ਕਿਉਂਕਿ ਆਈ.ਟੀ. ਖੇਤਰ ਵਿਚ ਬਹੁਤਾ ਕੰਮ ਪ੍ਰਵਾਸੀ ਹੀ ਕਰਦੇ ਹਨ।



# ਪੰਜਾਬ ਦੇ ਪੁਰਾਣੇ ਅੱਖਰਾਂ ਨੂੰ ਸੰਨ੍ਹ

ਪੰਜਾਬ ਦੇ ਹੜੱਪਾ ਅਤੇ ਮੋਇੰਜੋਦੜੋ ਦੀ ਲਿੱਪੀ ਦੇ ਅੱਖਰ ਅਜੇ ਤੱਕ ਪੜ੍ਹੇ ਨਹੀਂ ਗਏ ਹਨ। ਇਸ ਲਈ ਇਸਦੇ ਬਾਰੇ ਕੁੱਝ ਵੀ ਕਹਿਣਾ ਔਖਾ ਹੈ। ਦੁਨੀਆਂ ਭਰ ਦੇ ਵਿਦਵਾਨ ਇਸ ਲਿੱਪੀ 'ਤੇ ਬਹੁਤ ਮਿਹਨਤ ਕਰ ਰਹੇ ਹਨ। ਇਸ ਪਿੱਛੋਂ ਪੰਜਾਬ ਵਿਚ ਜਿਹੜੀ ਲਿੱਪੀ ਰਾਹੀਂ ਪੜ੍ਹਾਈ ਕਰਵਾਈ ਜਾਂਦੀ ਸੀ, ਉਹ ਟਾਕਰੀ ਲਿੱਪੀ ਵਜੋਂ ਉੱਘੀ ਹੋ ਚੁੱਕੀ ਸੀ। ਬਾਹਰੋਂ ਆਏ ਧਾੜਵੀਆਂ ਨੇ ਵੀ ਇਸ ਨੂੰ ਰਾਜ ਲਿੱਪੀ ਦਾ ਦਰਜ਼ਾ ਦਿੱਤਾ ਅਤੇ ਦੇਸ ਪੰਜਾਬ ਦਾ ਨਾਮ ਉੱਘਾ ਕੀਤਾ। ਪੰਜਾਬ ਦਾ ਨਾਮ ਟੱਕ ਦੇਸ਼ ਵੀ ਰਿਹਾ ਹੈ। ਇੱਥੋ ਦੇ ਲੋਕਾਂ ਦੁਆਰਾ ਵਰਤੀ ਗਈ ਲਿੱਪੀ ਨੂੰ ਟਾਕਰੀ ਲਿੱਪੀ ਕਿਹਾ ਗਿਆ। ਇੱਥੇ ਅਲੱਗ-ਅਲੱਗ ਸਮੇਂ ਦੇ ਸ਼ਾਸ਼ਕਾਂ ਨੇ ਸਿੱਕੇ ਜਾਰੀ ਕੀਤੇ, ਜਿਸ 'ਤੇ ਇੱਕ ਪਾਸੇ ਸਿੱਕੇ ਤੇ ਟਾਕਰੀ ਲਿੱਪੀ ਅਤੇ ਦੂਜੇ ਪਾਸੇ ਗ੍ਰੀਕ ਲਿੱਪੀ ਸੀ।

ਪੰਜਾਬ ਵਿਚ ਟਾਕਰੀ ਲਿੱਪੀ ਦੀ ਨਕਲ ਕਰਕੇ ਕਈ ਲਿੱਪੀਆਂ ਮਸ਼ਹੂਰ ਹੋ ਗਈਆਂ, ਜਿਵੇਂ ਸ਼ਾਹ ਦਾ ਅਰਧ ਨਾਗਰੀ ਜਾਂ ਭੱਟ ਅੱਛਰੀ ਜਾਂ ਅਸ਼ੋਕਨ ਲਿੱਪੀ, ਖਰੋਟੀ ਲਿੱਪੀ, ਨਾਗਰੀ ਲਿੱਪੀ, ਸੁਰਾਸ਼ਟਰਾਂ ਦੀ ਸਾਹਸ ਲਿੱਪੀ, ਸ਼ੋਰ ਕੋਟ ਦੀ ਸਿੱਧ ਮਾਤਰਿਕਾ ਅਤੇ ਤਿੱਬਤੀ ਲਿੱਪੀ।

ਪੰਜਾਬ ਵਿਚ ਟੈਕਸਲਾ ਯੂਨੀਵਰਸਿਟੀ ਖੁੱਲ੍ਹਣ ਕਰਕੇ ਇੱ ਥੇ ਦੇ ਲੋਕਾਂ ਵਿਚ ਜਾਗੋ ਆਈ ਹੈ ਅਤੇ ਲੋਕ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲੱਗੇ। ਇਸ ਕਾਰਣ ਪੰਜਾਬ ਦੀ ਬੱਲੇ-ਬੱਲੇ ਹੋ ਗਈ ਅਤੇ ਪੰਜਾਬ ਅਗਾਂਹ ਵੱਧ ਗਿਆ।

ਪ੍ਰੋ. ਬੂਲਰ ਨੇ ਇੱਕ ਕਿਤਾਬ ਬ੍ਰਾਹਮੀ ਲਿੱਪੀ ਬਾਰੇ ਲਿਖੀ ਹੈ ਕਿ ਬ੍ਰਾਹਮੀ ਲਿੱਪੀ ਫੂਨੀਸ਼ੀਅਨ ਲਿੱਪੀ ਤੋਂ ਬਣੀ ਹੈ ਅਤੇ ਇਹ ਲਿੱਪੀ ਸਬ-ਇੰਡੀਅਨ ਕੰਟੀਨੈਂਟ ਦੀਆਂ ਸਾਰੀਆਂ ਲਿੱਪੀਆਂ ਦੀ ਮਾਂ ਹੈ, ਜਿਵੇਂ ਸੰਸਕ੍ਰਿਤ, ਪ੍ਰਾਕ੍ਰਿਤਾਂ, ਪਾਲੀ, ਅਪਭ੍ਰੰਸ਼ ਵਿਕਸਿਤ ਹੋਈਆਂ ਹਨ। ਪਰ ਜਦੋਂ ਅਸੀ ਆਰਕਿਆਲੋਜੀ ਦੀਆਂ ਲੱਭਤਾਂ ਵੱਲ ਝਾਤੀ ਮਾਰਦੇ ਹਾਂ, ਤਾਂ ਇਹ ਤਸਦੀਕ ਨਹੀਂ ਹੁੰਦੀ ਹੈ।

ਪ੍ਰੋ. Cowell ਦੇ ਅਨੁਸਾਰ ਮਹਾਨ ਸਿਕੰਦਰ ਵੇਲੇ ਇਸ ਨਾਲ ਆਏ ਲਿਖਾਰੀਆਂ ਨੇ ਦੱਸਿਆ ਹੈ ਕਿ ਜਦੋਂ ਸਿਕੰਦਰ ਦਾ ਇੱਥੇ ਦੇ ਲੋਕਾਂ ਨਾਲ ਸੰਪਰਕ ਹੋਇਆ, ਤਾਂ ਇੱਥੇ ਦੇ ਲੋਕ ਪ੍ਰਕ੍ਰਿਤ ਭਾਸ਼ਾ ਬੋਲਦੇ ਸਨ। ਵਰਰੁੱਚੀ ਨੇ ਆਪਣੀ ਕਿਤਾਬ ਦੀ ਭੂਮਿਕਾ ਵਿਚ ਦੱਸਿਆ ਹੈ ਕਿ ਪ੍ਰਾਕ੍ਰਿਤ ਭਾਸ਼ਾ ਦਾ ਮਤਲਬ ਹੈ ਕਿ ਲੋਕ ਕੁਦਰਤੀ ਬੋਲੀ ਬੋਲਦੇ ਸਨ। ਲੋਕਾਂ ਦੀ ਬੋਲੀ ਹੋਰ ਹੈ ਅਤੇ ਸਰਕਾਰ ਦੀ ਬੋਲੀ ਹੋਰ ਹੈ।

ਮਹਾਨ ਅਸ਼ੋਕ ਦੇ ਰੌਕ ਇੰਨਸਕ੍ਰਿਪਸ਼ਨ ਰਿਕਾਰਡ ਵਿਚ ਇੱਕ ਨਾਮ ਪਰਿੰਸਅਤੀ ਓਚਸ ਆਇਆ ਹੈ, ਜਿਸ ਦਾ ਸਮਾਂ 200 ਬੀ.ਸੀ. ਅੰਕਿਆ ਗਿਆ ਹੈ। ਇਸ ਸਿਲਾਲੇਖ ਵਿਚ ਪ੍ਰਕ੍ਰਿਤ ਅਤੇ ਗ੍ਰੀਕ ਲਿੱਪੀ ਮਿਲਦੀ ਹੈ। ਉਸ ਦੇ ਸਿੱਕਿਆਂ ਤੋਂ ਪਤਾ ਲੱਗਦਾ ਹੈ ਕਿ ਉਸ ਵੇਲ਼ੇ ਦੇ ਲਿਖਾਰੀਆਂ ਨੇ ਪ੍ਰਾਕ੍ਰਿਤ ਬੋਲੀ ਆਪਣੇ ਡਰਾਮਿਆਂ ਵਿਚ ਵਰਤੀ ਪਰ ਡਰਾਮੇ ਦਾ ਹੀਰੋ ਸੰਸਕ੍ਰਿਤ ਬੋਲਦਾ ਹੈ। ਆਮ ਲੋਕ ਪ੍ਰਕ੍ਰਿਤ ਬੋਲਦੇ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਰਾਜੇ ਸੰਸਕ੍ਰਿਤ ਨੂੰ ਤਰਜ਼ੀਹ ਦਿੰਦੇ ਸਨ ਅਤੇ ਆਮ ਲੋਕਾਂ ਦੀ ਬੋਲੀ ਨੂੰ ਘਟੀਆ ਸਮਝਦੇ ਸਨ।

ਗੁਨਾਢਿਆ ਇੱਕ ਸੰਸਕ੍ਰਿਤ, ਪਸਾਚੀ ਅਤੇ ਪ੍ਰਾਕ੍ਰਿਤਾਂ ਦਾ ਵਿਦਵਾਨ ਸੀ। ਇਸ ਦਾ ਜ਼ਿਕਰ ਰਾਜ ਤ੍ਰਿੰਗਣੀ ਦੇ ਅੰਗਰੇਜ਼ੀ ਉਲੱਥੇ ਵਿਚ ਮਿਲਦਾ ਹੈ ਕਿ ਗੁਨਾਢਿਆ ਕਿਸੇ ਰਾਜੇ ਦੇ ਦਰਬਾਰ ਵਿਚ ਨੌਕਰੀ ਕਰਦਾ ਸੀ। ਇੱਕ ਦਿਨ ਰਾਜੇ ਨੇ ਉਸ ਨੂੰ ਪੁੱਛਿਆ ਕਿ ਉਹ ਕਿੰਨੇ ਦਿਨਾਂ ਵਿਚ ਰਾਣੀ ਨੂੰ ਸੰਸਕ੍ਰਿਤ ਸਿਖਾ ਦੇਵੇਗਾ, ਤਾਂ ਉਸ ਨੇ ਉੱਤਰ ਦਿੱਤਾ ਕਿ ਛੇ ਸਾਲਾਂ ਵਿਚ। ਫਿਰ ਰਾਜੇ ਨੇ ਕਿਸੇ ਹੋਰ ਸੰਸਕ੍ਰਿਤ ਵਿਦਵਾਨ ਨੂੰ ਪੁੱਛਿਆ, ਤਾਂ ਉਸ ਨੇ ਉੱਤਰ ਦਿੱਤਾ ਕਿ ਛੇ ਮਹੀਨਿਆਂ ਵਿਚ। ਇਸ ਤਰ੍ਹਾਂ ਰਾਜੇ ਨੇ ਗੁਨਾਢਿਆ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਅਤੇ ਦੂਜੇ ਨਵੇਂ ਵਿਦਵਾਨ ਨੂੰ ਆਪਣੇ ਦਰਬਾਰ ਵਿਚ ਰੱਖ ਲਿਆ। ਇਸ ਘਟਨਾਂ ਨੇ ਗੁਨਾਢਿਆ ਨੂੰ ਬਹੁਤ ਪਰੇਸ਼ਾਨ ਕੀਤਾ। ਰਾਜੇ ਦੇ ਦਰਬਾਰ ਤੋਂ ਫਾਰਗ ਹੋਣ ਤੋਂ ਬਾਅਦ ਉਸ ਨੇ ਪਸ਼ਾਚੀ ਬੋਲੀ ਵਿਚ ਇੱਕ ਗ੍ਰੰਥ ਦੀ ਰਚਨਾ ਕੀਤੀ, ਜਿਸ ਦਾ ਨਾਮ ਬਡਕਹਾ (ਬ੍ਰਿਧਕਥਾ) ਰੱਖਿਆ ਗਿਆ, ਜਿਹੜਾ ਕਿ ਅੱਜ ਮਿਲਦਾ ਨਹੀਂ ਹੈ। ਇਸ ਗ੍ਰੰਥ ਦਾ ਸੰਸਕ੍ਰਿਤ ਉੱਲਥਾ ਮਿਲਦਾ ਹੈ। ਗੁਨਾਢਿਆ ਨੇ ਸੋਚਿਆ ਕਿ ਇਹ ਗ੍ਰੰਥ ਰਾਜੇ ਅੱਗੇ ਪੇਸ਼ ਕਰੇਗਾ ਅਤੇ ਖੁਸ਼ ਹੋ ਕੇ ਉਸ ਨੂੰ ਇਨਾਮ ਦੇਵੇਗਾ ਅਤੇ ਉਸ ਨੂੰ ਮੁੜ ਨੌਕਰੀ 'ਤੇ ਰੱਖ ਲਵੇਗਾ। ਮੇਰੇ ਚੰਗੇ ਦਿਨ ਲੰਘਣਗੇ।

ਪਰ ਰਾਜੇ ਨੇ ਗ੍ਰੰਥ ਨੂੰ ਦੇਖਣ ਉਪਰੰਤ ਕਿਹਾ ਕਿ ਜੇ ਇਹ ਗ੍ਰੰਥ ਸੰਸਕ੍ਰਿਤ ਵਿਚ ਹੁੰਦਾ, ਤਾਂ ਚੰਗਾ ਹੁੰਦਾ। ਇਹ ਗ੍ਰੰਥ ਪ੍ਰਕ੍ਰਿਤ ਪਸ਼ਾਚੀ ਵਿਚ ਹੋਣ ਕਰਕੇ ਮੈਂ ਤੈਨੂੰ ਕੋਈ ਇਨਾਮ ਨਹੀਂ ਦੇ ਸਕਦਾ। ਇਸ ਤਰ੍ਹਾਂ ਗੁਨਾਢਿਆ ਪਰੇਸ਼ਾਨ ਹੋ ਕੇ ਰਾਜੇ ਦੇ ਦਰਬਾਰ ਤੋਂ ਰਵਾਨਾ ਹੋ ਗਿਆ। ਗੁਨਾਢਿਆ ਤੋਂ ਉਸ ਦਾ ਪਸ਼ਾਚੀ ਪ੍ਰਕ੍ਰਿਤ ਗ੍ਰੰਥ ਕਿਸੇ ਤਰ੍ਹਾਂ ਉਸ ਕੋਲੋਂ ਲੈ ਲਿਆ ਅਤੇ ਸੰਸਕ੍ਰਿਤ ਵਿਚ ਉਲੱਥਾ ਕਰਕੇ ਸੰਸਕ੍ਰਿਤ ਬੋਲੀ ਵਿਚ ਪਰੋਸਿਆ ਜਾਂਦਾ ਹੈ ਅਤੇ ਦੱਸਿਆ ਜਾਂਦਾ ਹੈ ਕਿ ਸੰਸਕ੍ਰਿਤ ਵਿਚ ਕਿਵੇਂ ਕਹਾਣੀਆਂ ਦਾ ਭੰਡਾਰ ਹੈ। ਇਸ ਤਰ੍ਹਾਂ ਹਿੱਤੋਉੱਪਦੇਸ਼ ਅਤੇ ਪੰਚ ਤੰਤਰ ਕਹਾਣੀਆਂ ਦਾ ਪ੍ਰਚਾਰ ਲੋਕਾਂ ਵਿਚ ਖੂਬ ਕੀਤਾ। ਦੇਖੋ ਕਿੰਨੀ ਸਿੱਤਮ ਦੀ ਗੱਲ ਹੈ ਕਿ ਸੰਸਕ੍ਰਿਤ ਵੇਤਿਆ ਨੇ ਚੋਰੀ ਕੀਤਾ ਮਾਲ ਆਪਣੇ ਨਾਮ ਇੰਤਕਾਲ ਕਰਵਾ ਲਿਆ।

ਇਸ ਤੋਂ ਪਤਾ ਲੱਗਦਾ ਹੈ ਕਿ ਸਿੰਧ ਘਾਟੀ ਦੀ ਸੱਭਿਅਤਾ ਦੇ ਲੋਕਾਂ ਨਾਲ ਵੀ ਇਹੀ ਕੁੱਝ ਹੋਇਆ ਹੋਵੇਗਾ। ਜਿਹੜੀਆਂ ਲੱਭਤਾ ਇਸ ਸੱਭਿਅਤਾ ਦੀਆਂ ਮਿਲੀਆਂ



ਹਨ, ਉਨ੍ਹਾਂ ਵਿਚ ਇੱਕ ਲਿੱਪੀ ਵੀ ਮਿਲੀ ਹੈ। ਇਸ ਲਿੱਪੀ ਨੂੰ ਨਾ ਪੜ੍ਹਿਆ ਜਾਣਾ ਇੱਕ ਰਹੱਸ ਹੈ। ਇਸ ਸੱਭਿਅਤਾ ਨੂੰ ਤਬਾਹ ਕਰਨ ਵਾਲਿਆਂ ਨੇ ਹੀ ਇਸ ਨੂੰ ਬਰਬਾਦ ਕਰ ਦਿੱਤਾ ਹੈ। ਇਸ ਸੱਭਿਅਤਾ ਨੂੰ ਤਬਾਹ ਕਰਨ ਵਾਲਿਆਂ ਦੇ ਚੇਲਿਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਆਰੀਆ ਇੱਥੇ ਦੇ ਮੂਲ ਨਿਵਾਸੀ ਹਨ ਅਤੇ ਇਹ ਕੰਮ ਕਾਰ ਲਈ ਬਾਹਰ ਗਏ ਸਨ ਅਤੇ ਫਿਰ ਵਾਪਸ ਆ ਗਏ।

ਆਰਕਿਆਲੋਜੀ ਨੇ ਜਿਹੜੀ ਖੋਜ ਕੀਤੀ ਕਿ ਦੱਸਿਆ ਹੈ ਕਿ ਆਰੀਆ ਲੋਕਾਂ ਦਾ ਡੀ.ਐੱਨ.ਏ. ਸਿੰਧੂ ਘਾਟੀ ਦੇ ਲੋਕਾਂ ਦੇ ਡੀ.ਐੱਨ.ਏ. ਨਾਲ ਮੇਲ਼ ਨਹੀਂ ਖਾਂਦਾ ਹੈ। ਇਸ ਤਰ੍ਹਾਂ ਇਹ ਇੱਕ ਮਨਘੜਤ ਕਹਾਣੀ ਹੈ ਕਿ ਆਰੀਆ ਇੱਥੇ ਦੇ ਮੂਲ਼ ਨਿਵਾਸੀ ਹਨ। ਜੇ ਆਰੀਆ ਭਗਤ ਆਪਣੀ ਬੋਲੀ ਸੰਸਕ੍ਰਿਤ ਬੋਲੀ ਮੰਨਦੇ ਹਨ, ਤਾਂ ਉਹ ਬੋਲੀ ਮਰ ਕਿਉਂ ਗਈ। ਅੱਜ ਸੰਸਾਰ ਵਿਚ ਇਹ ਬੋਲੀ ਕਿਤੇ ਵੀ ਬੋਲੀ ਨਹੀਂ ਜਾਂਦੀ ਹੈ। **The Language Science** ਦੇ ਕਰਤਾ ਮੈਕਸ ਮੂਲਰ ਨੇ ਵੀ ਆਪਣੀ ਇਸ ਕਿਤਾਬ ਵਿਚ ਸੰਸਕ੍ਰਿਤ, ਪਾਲੀ-ਜੈਨ, ਪ੍ਰਕ੍ਰਿਤ, ਪੁਰਾਣੀ ਪਰਸ਼ੀਅਨ, ਪੁਰਾਣੀ ਗ੍ਰੀਕ ਅਤੇ ਪੁਰਾਣੀ ਹੈਬਰੂ ਨੂੰ **Dead Language** ਕਿਹਾ ਹੈ।

ਬੈਕਟੀਰੀਆ ਗ੍ਰੀਕ ਦੇ ਜਿਹੜੇ ਦੁਬੋਲੀਏ ਸਿੱਕੇ ਮਿਲੇ ਹਨ, ਉਨ੍ਹਾਂ ਦੇ ਇੱਕ ਪਾਸੇ ਗ੍ਰੀਕ ਦੂਜੇ ਪਾਸੇ ਪ੍ਰਾਕ੍ਰਿਤ ਬੋਲੀ ਉਕੜੀ ਹੈ। ਇਹ ਵਿਚਾਰ ਪ੍ਰੋ. ਕੋਵੈੱਲ ਦੇ ਹਨ। ਇਹ ਵਿਚਾਰ ਕੋਵੈੱਲ ਨੇ ਵਰਰੁੱਚੀ ਦੇ ਪ੍ਰਾਕ੍ਰਿਤ ਗਰੈਮਰ ਪ੍ਰਾਕ੍ਰਿਤ ਪ੍ਰਕਾਸ਼ ਦੀ ਭੂਮਿਕਾ ਦੇ ਅੰਗਰੇਜ਼ੀ ਉੱਲਥੇ ਵਿਚ ਕੀਤਾ ਹੈ। ਇਸ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਪੰਜਾਬ ਦੀ ਲਿੱਪੀ ਵਰਤੀ ਹੋਵੇਗੀ ਕਿਉਂਕਿ ਉਸ ਵੇਲ਼ੇ ਅਸ਼ੋਕ ਦਾ ਰਾਜ ਖਤਮ ਹੋਣ ਕਰਕੇ ਸਰਕਾਰੀ ਮਾਗਧੀ ਲਿੱਪੀ ਬੰਦ ਹੋ ਗਈ ਸੀ। ਫਿਰ ਇਸ ਤੋਂ ਬਾਅਦ ਦੋ ਉੱਘੀਆਂ ਲਿੱਪੀਆਂ ਖਰੋਟੀ ਅਤੇ ਟਾਕਰੀ ਲੋਕਾਂ ਦੀ ਯਾਦਦਾਸ਼ਤ ਵਿਚ ਸਨ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਅਸ਼ੋਕ ਦੇ ਰਾਜ ਸਥਾਪਿਤ ਹੋਣ ਤੋਂ ਪਹਿਲਾਂ ਵੀ ਇਹ ਦੋਵੇਂ ਲਿੱਪੀਆਂ ਰਾਜ ਲਿੱਪੀਆਂ ਦਾ ਦਰਜਾ ਹਾਸਲ ਕਰ ਚੁੱਕੀਆਂ ਸਨ। ਅਸ਼ੋਕ ਨੇ ਆਪਣੇ ਸ਼ਿਲਾਲੇਖਾਂ ਵਿਚ ਮਾਗਧੀ ਲਿੱਪੀ ਅਤੇ ਖਰੋਟੀ ਲਿੱਪੀ ਦੀ ਹੀ ਵਰਤੋਂ ਕੀਤੀ ਸੀ।

ਬੈਕਟੀਰੀਅਨਾਂ ਪਿੱਛੋਂ ਓਦੰਬਰਾਂ ਅਤੇ ਕੁਨਿੰਦਿਆਂ ਰਾਜਿਆਂ ਨੇ ਵੀ ਆਪਣੇ ਸਿੱਕਿਆਂ 'ਤੇ ਇੱਕ ਪਾਸੇ ਟਾਕਰੀ ਅਤੇ ਦੂਜੇ ਪਾਸੇ ਖਰੋਟੀ ਲਿੱਪੀ ਵਿਚ ਹੀ ਸਿੱਕੇ ਜਾਰੀ ਕੀਤੇ ਸਨ। ਪਰ ਅੰਗਰੇਜ਼ੀ ਵਿਚ ਜਿਹੜੀ ਜਾਣਕਾਰੀ ਦਿੱਤੀ ਗਈ, ਉਹ ਬ੍ਰਾਹਮੀ ਅਤੇ ਖਰੋਟੀ ਲਿੱਪੀ ਬਾਰੇ ਹੀ ਦਿੱਤੀ ਗਈ। ਵਿੱਕੀਪੀਡੀਆ ਨੂੰ ਸ਼ਾਇਦ ਭੁਲੇਖਾ ਲੱਗ ਗਿਆ ਹੈ ਜਾਂ ਉਨ੍ਹਾਂ ਦੀ ਜਾਣਕਾਰੀ ਅਧੂਰੀ ਹੈ ਜਾਂ ਉਹ ਟਾਕਰੀ ਲਿੱਪੀ ਤੋਂ ਅਣਜਾਣ ਹਨ ਜਾਂ ਉਨ੍ਹਾਂ ਨੇ ਆਰਕਿਆਲੋਜੀ ਦੀ ਟਾਕਰੀ ਲਿੱਪੀ ਦੀ ਖੋਜ ਨੂੰ ਬ੍ਰਾਹਮੀ ਲਿੱਪੀ ਦੀਆਂ ਐਨਕਾਂ ਲਗਾ ਕੇ ਦੇਖਿਆ। ਜੇਕਰ ਉਹ ਯਥਾਰਥਕਤਾ ਦੀ ਐਨਕ ਲਗਾਉਣ, ਤਾਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਲੱਗ ਜਾਵੇਗਾ ਕਿ ਲੋਕਾਂ ਨੂੰ ਗਲਤ ਰਾਹ 'ਤੇ ਪਾ ਰਹੇ ਹਨ।

ਸਾਡੇ ਪੰਜਾਬ ਸਰਕਾਰ ਦੇ ਅਦਾਰੇ ਵੀ ਇਹੋ ਝੂਠਾ ਪ੍ਰਚਾਰ ਕਰ ਰਹੇ ਹਨ। ਟਾਕਰੀ ਅਤੇ ਗੁਰਮੁਖੀ ਅੱਖਰਾਂ ਦੀ ਉੱਤਪਤੀ ਬ੍ਰਾਹਮੀ ਲਿੱਪੀ ਵਿਚੋਂ ਹੀ ਮੰਨੀ ਜਾ ਰਹੇ ਹਨ। ਇਹ ਕੋਈ ਗਿਣੀ-ਮਿਣੀ ਸਾਜ਼ਿਸ਼ ਲੱਗਦੀ ਹੈ, ਜਿਸਦਾ ਸ਼ਿਕਾਰ ਪੰਜਾਬੀ ਲੋਕ ਹੀ ਹੋ ਰਹੇ ਹਨ। ਇਸ ਤਰ੍ਹਾਂ ਕੋਵੈੱਲ ਸਾਹਿਬ ਦੀ ਦੋ ਪਾਸੜ ਛਪੀ ਗ੍ਰੀਕ ਅਤੇ ਟਾਕਰੀ ਲਿੱਪੀ ਵਾਲੇ ਸਿੱਕਿਆਂ ਦੀ ਸੂਚਨਾ ਰੱਦ ਹੋ ਜਾਂਦੀ ਹੈ ਜਾਂ ਠੱਪ ਕੀਤੀ ਜਾ ਰਹੀ ਹੈ ਜਾਂ ਕੋਈ ਸਾਜ਼ਿਸ਼ ਜ਼ਰੀਏ ਅਜਿਹਾ ਕੀਤਾ ਜਾ ਰਿਹਾ ਹੈ, ਤਾਂ ਕਿ ਟਾਕਰੀ ਲਿੱਪੀ ਦੀ ਹੋਂਦ ਨੂੰ ਝੁਠਲਾਇਆ ਜਾ ਸਕੇ।

**Antiquity of India** ਦੇ ਸਫਾ ਨੰ: 106 'ਤੇ ਇੱਕ ਪਲੇਟ ਦਿੱਤੀ ਹੈ, ਜਿਸ 'ਤੇ ਇਹ ਲਿੱਪੀ ਦਿੱਤੀ ਗਈ ਹੈ। ਜਿਸ ਵਿਚ ਲਿਖਿਆ ਹੈ ਕਿ ਕਾਬਲ ਅਤੇ ਮਾਣਕੇਆਲ ਤੋਂ ਇੱਕ ਲੱਭਤ ਮਿਲੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਪੰਜਵੀਂ ਸਦੀ ਦੇ ਅੱਖਰ ਅੱਜ ਦੀ ਗੁਰਮੁਖੀ ਦੇ ਅੱਖਰਾਂ ਦੇ ਕਿੰਨੇ ਨੇੜੇ ਹਨ। ਇਸ ਤੋਂ ਇਹ ਵੀ ਸਿੱਟਾ ਨਿਕਲਦਾ ਹੈ ਕਿ ਟੈਕਸਲਾ ਯੂਨੀਵਰਸਿਟੀ ਵਿਚ ਟਾਕਰੀ ਲਿੱਪੀ ਹੀ ਪੜ੍ਹਾਈ ਦਾ ਮਾਧਿਅਮ ਰਿਹਾ ਹੈ। ਇਹ ਲਿੱਪੀ ਰਾਜ ਲਿੱਪੀ ਦਾ ਦਰਜਾ ਹਾਸਲ ਕਰ ਗਈ ਸੀ। ਇਹ ਲਿੱਪੀ ਕੋਈ ਮਾਮੂਲੀ ਲਿੱਪੀ ਨਹੀਂ ਸੀ। ਇਹ ਸਮਰੱਥ ਲਿੱਪੀ ਸੀ। ਇਹ ਅੱਖਰ ਧੁਨੀ ਦੇ ਸਮਰੱਥ ਸਨ। ਇਹ ਸਮਰੱਥ ਲਿੱਪੀ ਦੀ ਨਿਸ਼ਾਨੀ ਹੈ। ਟੱਕ ਦੇਸ਼ ਦੇ ਲੋਕਾਂ ਨੇ ਇਸ ਨੂੰ ਦੂਰ-ਦੂਰ ਤੱਕ ਫੈਲਾਇਆ। ਜਿਵੇਂ ਸੁਰਾਸ਼ਟਰਾਂ ਦੋਂ ਸਹਾਸ ਅੱਖਰ, ਯੂ.ਪੀ., ਉਜੈਨ ਅਤੇ ਪੰਜਾਬ ਦੇ ਹਠੂਰ ਤੋਂ ਫਿਰੋਜ਼ ਰਾਏ ਮਕਬਰੇ ਦੇ ਡਾਟ ਤੋਂ ਲਿਖੇ ਹੋਏ ਅੱਖਰ ਮਿਲੇ ਹਨ। ਮੈਂ 1985 ਵਿਚ ਹਠੂਰ ਜਾ ਕੇ ਦੇਖਿਆ, ਤਾਂ ਇਹ ਵਾਕਿਆਈ ਟਾਕਰੀ ਦੇ ਨਮੂਨੇ ਸਨ। ਅੱਜ ਦੇ ਅੱਖਰਾਂ ਨਾਲ ਵਧੇਰੇ ਮਿਲਦੇ ਹਨ। ਆਰਕਿਆਲੋਜੀ ਵਾਲਿਆਂ ਨੂੰ ਜਾਪਾਨ ਤੋਂ ਹੋਜ਼ੀ ਮੱਠ ਤੋਂ 6ਵੀਂ ਸਦੀ ਦੀ ਇੱਕ ਲਿੱਪੀ ਮਿਲੀ ਹੈ, ਜਿਸ ਦੇ 22 ਅੱਖਰ ਅੱਜ ਦੀ ਗੁਰਮੁਖੀ ਨਾਲ ਮਿਲਦੇ ਹਨ। ਉਸ ਦੇ ਲੇਖ ਵਿਚ ਲਿੱਪੀ ਦੇ ਸਾਰੇ ਅੱਖਰ ਦਿੱਤੇ ਹੋਏ ਹਨ।

ਬੋਧੀਆਂ ਦਾ ਧਰਮ ਪ੍ਰਚਾਰ ਤੁਖਾਰਿਸਤਾਨ ਵਿਚ ਹੋਇਆ, ਜਿਸ ਵਿਚ ਪ੍ਰਾਕ੍ਰਿਤ ਬੋਲੀ ਦੇ ਲੇਖ ਚੌਥੀ ਸਦੀ ਦੇ ਮਿਲੇ ਹਨ। ਅਸ਼ੋਕ ਤੋਂ ਪਿੱਛੋਂ ਬੋਧੀਆਂ ਨੇ ਟਾਕਰੀ ਲਿੱਪੀ ਦੀ ਹੀ ਵਰਤੋਂ ਕੀਤੀ ਹੈ। ਜਿਵੇਂ ਕਨਿਸ਼ਕ ਦਾ ਬੁੱਧ ਧਰਮ ਨੂੰ ਅਖਿਤਿਆਰ ਕਰਨਾ ਅਤੇ ਧਰਮ ਪ੍ਰਚਾਰ ਲਈ ਟਾਕਰੀ ਲਿੱਪੀ ਅਤੇ ਪ੍ਰਕ੍ਰਿਤ ਬੋਲੀ ਦੀ ਵਰਤੋਂ ਕਰਦਾ ਹੈ। ਅਫਗਾਨਿਸਤਾਨ ਦੇ ਕਾਬਲ ਤੋਂ ਬਾਮਿਯਾਨ ਤੱਕ ਇਸ ਲਿੱਪੀ ਨੂੰ ਫੈਲਾਇਆ। ਜਾਪਾਨ ਅਤੇ ਅਫਗਾਨਿਸਤਾਨ ਤੱਕ ਇਸ ਲਿੱਪੀ ਦਾ ਫੈਲਣਾ ਇੱਕ ਮਾਣ ਵਾਲੀ ਗੱਲ ਸੀ। ਬੋਧੀਆਂ ਨੇ ਇਸ ਲਿੱਪੀ ਵਿਚ ਆਪਣੀ ਬੋਲੀ ਵਰਤ ਕੇ ਇਸ ਨੂੰ ਬਚਾ ਲਿਆ।

ਤੁਰਕਾਂ ਦੇ ਰਾਜ ਤੋਂ ਪਹਿਲਾ ਬੈਕਟੀਰੀਅਨ ਗ੍ਰੀਕ, ਓਦੰਬਰ, ਕੁਨੰਦਿਆਂ ਅਤੇ ਸ਼ੱਕ ਜਾਤੀ ਦੇ ਲੋਕਾਂ ਨੇ ਰਾਜ ਕੀਤਾ। ਬੈਕਟੀਰੀਅਨ ਗ੍ਰੀਕਾਂ ਨੇ ਆਪਣੀ ਸਰਕਾਰੀ ਬੋਲੀ ਨੂੰ ਆਪਣੇ ਸਿੱਕਿਆਂ 'ਤੇ ਇੱਕ ਪਾਸੇ ਗ੍ਰੀਕ ਅਤੇ ਦੂਜੇ ਪਾਸੇ ਟਾਕਰੀ ਵਿਚ ਲਿੱਪੀ ਵਿਚ ਛਾਪੇ। ਇਸੇ ਤਰ੍ਹਾਂ ਸ਼ੱਕ ਰਾਜਿਆਂ ਨੇ ਵੀ ਆਪਣੇ ਸਿੱਕਿਆਂ ਤੇ ਇੱਕ ਪਾਸੇ ਮਾਗਧੀ ਨੂੰ ਟਾਕਰੀ ਅਤੇ ਦੂਜੇ ਪਾਸੇ ਗ੍ਰੀਕ ਲਿੱਪੀ ਵਿਚ ਆਪਣੇ ਸਿੱਕੇ ਜਾਰੀ ਕੀਤੇ। ਓਦੰਬਰਾਂ ਅਤੇ ਕੁਨਿੰਦਿਆ ਰਾਜਿਆਂ ਨੇ ਵੀ ਆਪਣੇ ਜਾਰੀ ਕੀਤੇ ਸਿੱਕਿਆਂ ਤੇ ਮਾਗਧੀ ਬੋਲੀ ਨੂੰ ਇੱਕ ਪਾਸੇ ਟਾਕਰੀ ਅਤੇ ਦੂਜੇ ਪਾਸੇ ਖਰੋਟੀ ਲਿੱਪੀ ਵਿਚ ਛਪਾਇਆ।

ਬੈਕਟੀਰੀਅਨ ਜਿਹੜੇ ਨਸਲੀ ਤੌਰ 'ਤੇ ਗ੍ਰੀਕ ਸਨ, ਉਨ੍ਹਾਂ ਨੇ ਆਪਣੀ ਸੱਭਿਅਤਾ ਨਹੀਂ ਛੱਡੀ। ਪਰ ਇਨ੍ਹਾਂ ਨੇ ਪਰਜਾ ਦੀ ਸਹੂਲਤ ਲਈ ਪਰਜਾ ਵਿਚ ਪ੍ਰਚੱਲਿਤ ਅੱਖਰਾਂ ਦੀ ਕਦਰ ਕੀਤੀ ਅਤੇ ਉਨ੍ਹਾਂ ਨੂੰ ਗ੍ਰੀਕਾਂ ਦੇ ਨਾਲ ਬਰਾਬਰ ਦਰਜਾ ਦਿੱਤਾ। ਉਸ ਵੇਲੇ ਟਾਕਰੀ ਲਿੱਪੀ ਬਹੁਤ ਦੂਰ-ਦੂਰ ਤੱਕ ਫੈਲੀ ਹੋਈ ਸੀ।

ਬੈਕਟੀਰੀਅਨ ਗ੍ਰੀਕ ਪਿੱਛੋਂ ਸ਼ੱਕ ਜਾਤੀ ਦੇ ਲੋਕਾਂ ਦਾ ਰਾਜ ਆਇਆ। ਇਨ੍ਹਾਂ ਵਿਚ ਰਾਜੇ ਮੋਗੇ ਦਾ ਪਹਿਲਾ ਜ਼ਿਕਰ ਮਿਲਦਾ ਹੈ। ਇਹ ਇੰਡੀਅਨ ਸਬ-ਕੰਟੀਨੈਂਟ ਵਿਚ ਲਗਭਗ 180 ਬੀ.ਸੀ. ਵਿਚ ਦਾਖਲ ਹੋਏ ਸਨ ਅਤੇ ਆਪਣਾ ਰਾਜ ਕਾਇਮ ਕੀਤਾ। ਸ਼ੱਕ ਸੰਮਤ ਨੂੰ ਅਜੇ ਤੱਕ ਵੀ ਭਾਰਤ ਨੇ ਮਾਨਤਾ ਦਿੱਤੀ ਹੋਈ ਹੈ। ਇਨ੍ਹਾਂ ਨੇ ਆਪਣੇ ਸਿੱਕਿਆਂ ਦੇ ਤੇ ਇੱਕ ਪਾਸੇ ਗ੍ਰੀਕ ਅਤੇ ਦੂਜੇ ਪਾਸੇ ਟਾਕਰੀ ਲਿੱਪੀ ਛਪੀ ਹੋਈ ਹੈ। ਇਸ ਦੇ ਨਮੂਨੇ **Antiquity of India** ਵਿਚ ਦਿੱਤੇ ਹੋਏ ਹਨ। ਇਸ ਤੋਂ ਕਈ ਸਫੇ ਪਿੱਛੇ ਇਸ ਵਿਚ ਸਾਹਸਾਂ ਦੇ 14 ਰਾਜਿਆਂ ਦਾ ਵਰਣਨ ਕੀਤਾ ਹੋਇਆ ਹੈ। ਅੰਗਰੇਜ਼ੀ ਖੋਜੀ ਅਫਸਰ ਟਾਕਰੀ ਅੱਖਰਾਂ ਨੂੰ ਨਾ-ਪਛਾਤੇ ਅੱਖਰ ਹੀ ਦੱਸੀ ਜਾ ਰਹੇ ਹਨ। ਇਸ ਵਿਚ ਅੰਗਰੇਜ਼ੀ ਖੋਜੀਆਂ ਦਾ ਕੋਈ ਕਸੂਰ ਨਹੀਂ ਹੈ, ਸਗੋਂ ਇਹ ਸਮੇਂ ਦੀਆਂ ਸਰਕਾਰਾਂ ਦਾ ਹੀ ਕਸੂਰ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਗਲਤ ਗਾਇਡ ਕੀਤਾ ਹੈ ਕਿ ਸੰਸਕ੍ਰਿਤ ਵਿਚੋਂ ਹੀ ਸਾਰੀਆਂ ਅਜੋਕੀ ਬੋਲੀਆਂ ਵਿਕਸਿਤ ਹੋਈਆਂ ਹਨ। ਜਿਹੜੇ ਅੰਗਰੇਜ਼ਾਂ ਨੇ ਇੱਥੇ ਰਹਿ ਕੇ ਖੋਜ ਕੀਤੀ ਹੈ, ਉਹ ਕਾਫੀ ਕਾਬਲ-ਏ-ਤਾਰੀਫ ਹਨ, ਇਨ੍ਹਾਂ ਵਿਚ ਅਲੈਗਜ਼ੈਂਡਰ ਕਨਿੰਘਮ, ਜੋਹਨ ਬੀਮ, ਗਰੀਅਰਸਨ, ਅਲੈਗਜੈਂਡਰ ਟਰੰਪ ਅਤੇ ਆਰ.ਡਬਲਯੂ. ਲ਼ਾਇਟਨਰ ਹਨ।

ਅਲੈਗਜ਼ੈਂਡਰ ਕਨਿੰਘਮ ਨੇ **Ancient Geography of India** ਵਿਚ ਟਾਕਰੀ ਲਿੱਪੀ ਤੇ ਚਾਨਣਾ ਪਾਇਆ ਹੈ। ਇਸ ਕਿਤਾਬ ਵਿਚ ਸਫਾ ਨੰ: 129 'ਤੇ ਲਿਖਦੇ ਹਨ ਕਿ ਉਸ ਨੂੰ ਟਾਕਰੀ ਲਿੱਪੀ ਦੇ ਨਮੂਨੇ

-ਸ. ਨਾਜ਼ਰ ਸਿੰਘ
ਲੁਧਿਆਣਾ
(ਮੋ): 94641-58136
ਪੰਜਾਬ ਮੇਲ USA



ਜਮੁਨਾ ਤੋਂ ਲੈ ਕੇ ਬਾਮਯਾਨ (ਅਫਗਾਨਿਸਤਾਨ) ਤੱਕ 26 ਥਾਂਵਾ ਤੋਂ ਮਿਲੇ ਹਨ। ਉਸ ਨੇ ਇਸ ਕਿਤਾਬ ਵਿਚ ਇੱਕ ਹੋਰ ਜਾਣਕਾਰੀ ਦਿੱਤੀ ਹੈ ਕਿ ਉਸ ਨੂੰ ਪੰਡਿਤ ਕਲ੍ਹਣ (1150 ਏ.ਡੀ.) ਦੀ ਰਾਜਤ੍ਰਿੰਗਣੀ ਨਾਮ ਦੀ ਇੱਕ ਕਿਤਾਬ ਮਿਲੀ ਹੈ, ਜਿਸ ਵਿਚ ਸੰਸਕ੍ਰਿਤ ਟਾਕਰੀ ਲਿੱਪੀ ਵਿਚ ਲਿਖੀ ਹੋਈ ਹੈ। ਇਸ ਤੋਂ ਇਹ ਦਾਅਵਾ ਜਿਹੜਾ ਅਲਬਰੂਨੀ ਨੇ 1030 ਏ.ਡੀ. ਵਿਚ ਕੀਤਾ ਹੈ ਕਿ ਕਸ਼ਮੀਰ ਅਤੇ ਬਨਾਰਸ ਵਿਚ ਸਿੱਧ ਮਾਤਰਿਕਾ ਚਲਦੀ ਸੀ, ਇਹ ਜਾਣਕਾਰੀ ਟਾਕਰੀ ਬਾਰੇ ਨਹੀਂ ਸੀ, ਸਗੋਂ ਇਹ ਉਸ ਵੇਲ਼ੇ ਦੇ ਪੰਡਿਤਾਂ ਦੀ ਡਿਸਕ੍ਰਿਪਸ਼ਨ ਸੀ। ਇਹੀ ਉਸ ਸਮੇਂ ਦੇ ਪੰਡਿਤਾਂ ਨੇ ਅਲਬਰੂਨੀ ਨੂੰ ਕਿਤਾਬ ਅਲ਼ ਹਿੰਦ ਵਿਚ ਦਰਜ ਕਰਵਾ ਦਿੱਤੀ।

ਅੰਗਰੇਜ਼ੀ ਰਾਜ ਸਮੇਂ ਪੁਰਾਣੇ ਸਿੱਕੇ ਮਿਲੇ, ਹੱਥ ਲਿਖਤਾਂ ਅਤੇ ਥੰਮ੍ਹ ਲਿਖਤਾਂ, ਜਿਨ੍ਹਾਂ ਨੂੰ ਲੋਕ ਜਾਦੂ ਦੇ ਅੱਖਰ ਸਮਝਦੇ ਸਨ, ਅੰਗਰੇਜ਼ੀ ਖੋਜੀਆਂ ਨੇ ਬਹੁਤ ਮਿਹਨਤ ਕਰਕੇ ਇਨ੍ਹਾਂ ਜਾਦੂ ਵਾਲੇ ਅੱਖਰਾਂ ਨੂੰ ਪੜ੍ਹਨ ਵਿਚ ਸਫਲਤਾ ਹਾਸਲ ਕੀਤੀ। ਪਰ ਇਹ ਜ਼ਰੂਰੀ ਨਹੀਂ ਕਿ ਜੋ ਕੁਝ ਲਿਖਿਆ ਮਿਲਿਆ ਹੈ ਕਿ ਇਤਿਹਾਸਿਕ ਤੌਰ 'ਤੇ ਸਾਰਥਕ ਹੋਵੇ। ਕਈ ਵਾਰੀ ਹਾਕਮ ਆਪਣੀਆਂ ਵਡਿਆਈਆਂ ਖਾਤਰ ਕਾਫੀ ਕੁੱਝ ਫਜ਼ੂਲ ਹੀ ਲਿਖਵਾ ਲੈਂਦੇ ਹਨ ਕਿਉਂਕਿ ਰਾਜੇ ਦੇ ਗੁੱਸੇ ਦੇ ਮਾਰੇ ਉਵੇਂ ਹੀ ਲਿਖ ਦਿੰਦੇ, ਜਿਵੇਂ-ਜਿਵੇਂ ਰਾਜਾ ਹੁਕਮ ਕਰਦਾ ਹੁੰਦਾ ਸੀ। ਸੰਸਕ੍ਰਿਤ ਕਵੀ ਵੀ ਰਾਜੇ ਦੀ ਪ੍ਰਸ਼ੰਸਾ ਕਰਕੇ ਆਪਣੀ ਆਰਥਿਕ ਭੱਖ ਪੂਰੀ ਕਰ ਲੈਂਦੇ ਸਨ ਅਤੇ ਰਾਜਾ ਵੀ ਖੁਸ਼ ਹੋ ਜਾਂਦਾ ਸੀ। ਜਿਵੇਂ ਪੁਰਾਣੇ ਸਮੇਂ ਵਿਚ ਗੁਨਾਢਿਆ ਨਾਮ ਦਾ ਲਿਖਾਰੀ ਹੋਇਆ, ਜਿਸ ਨੇ ਬਡਕਹਾ ਨਾਮ ਦੀ ਪ੍ਰਕ੍ਰਿਤ ਰਚਨਾ ਰਾਜੇ ਨੂੰ ਪੇਸ਼ ਕੀਤੀ ਪਰ ਉਸ ਵੇਲੇ ਦੇ ਰਾਜੇ ਨੇ ਇਹ ਕਹਿ ਕੇ ਠੁਕਰਾ ਦਿੱਤੀ ਕਿ ਇਹ ਰਚਨਾ ਜੇਕਰ ਸੰਸਕ੍ਰਿਤ ਵਿਚ ਹੁੰਦੀ, ਤਾਂ ਕਾਫੀ ਚੰਗਾ ਹੁੰਦਾ। ਇਸ ਇਸ ਗੁਸਤਾਖੀ ਤੋਂ ਨਾਰਾਜ਼ ਹੋ ਕੇ ਗੁਨਾਢਿਆ ਨੂੰ ਰਾਜ ਦਰਬਾਰ ਤੋਂ ਬਾਹਰ ਕੱਢ ਦਿੱਤਾ ਅਤੇ ਰਾਜੇ ਨੇ ਇਸ ਲਿਖਾਰੀ ਦਾ ਕੋਈ ਮੁੱਲ ਨਹੀਂ ਪਾਇਆ। ਜੇਕਰ ਇਸ ਲਿਖਾਰੀ ਦੀ ਲਿਖਤ ਦਾ ਮੁੱਲ ਪਾਉਂਦਾ, ਤਾਂ ਉਹ ਇਸ ਤੋਂ ਉਤਸ਼ਾਹਿਤ ਹੋ ਕੇ ਉਸ ਜ਼ਮਾਨੇ ਦੀਆਂ ਕਾਫੀ ਜਾਣਕਾਰੀ ਮਿਲਣੀ ਸੀ। ਅਸੀਂ ਉਸ ਜਾਣਕਾਰੀ ਤੋਂ ਵਾਂਝੇਂ ਰਹਿ ਗਏ। ਸੰਸਕ੍ਰਿਤ ਵਿਦਵਾਨਾਂ ਨੇ ਗੁਨਾਢਿਆ ਦੀ ਬ੍ਰਿਧਕਥਾ ਦਾ ਉਲੱਥਾ ਕਰਕੇ ਇਸ ਦਾ ਇੰਤਕਾਲ ਆਪਣੇ ਨਾਮ ਕਰਵਾ ਲਿਆ, ਜਿਸ ਦਾ ਲਾਭ ਸੰਸਕ੍ਰਿਤ ਪਾੜ੍ਹੇ ਉਠਾ ਰਹੇ ਹਨ। ਹਿੰਦੂ ਤੁਰਕਾਂ ਨੇ ਟਾਕਰੀ ਦੀ ਵਰਤੋਂ ਕੀਤੀ। ਅਲਬਰੂਨੀ ਆਪਣੀ ਕਿਤਾਬ "ਕਿਤਾਬ-ਅਲ-ਹਿੰਦ" ਅਰਬੀ ਵਿਚ ਕਨਿਕ ਅਤੇ ਸੰਸਕ੍ਰਿਤ ਵਿਚ ਕਨਿਸ਼ਕ ਦੱਸਦਾ ਹੈ। ਕਨਿਸ਼ਕ ਅਤੇ ਉਸ ਦੇ ਵਾਰਸਾਂ ਨੇ 700 ਸਾਲ ਕਾਬਲ 'ਤੇ ਰਾਜ ਕੀਤਾ। ਕਨਿਸ਼ਕ ਦੇ ਆਖਰੀ ਵਾਰਸ ਲਗਾਤੁਰਮਾਨ ਸੀ ਅਤੇ ਕਲਰ ਬ੍ਰਾਹਮਣ ਜਾਤੀ ਦਾ ਉਸ ਦਾ ਵਜ਼ੀਰ ਸੀ, ਜਿਸ ਨੇ ਰਾਜੇ ਦਾ ਫਾਹਾ ਹੀ ਵੱਢ ਦਿੱਤਾ ਅਤੇ ਰਾਜ 'ਤੇ ਮੁਕੰਮਲ ਕਬਜ਼ਾ ਕਰ ਲਿਆ। ਇਸ ਤਰ੍ਹਾਂ ਇਹ ਆਪਣੇ ਆਪ ਨੂੰ ਪ੍ਰਭੂਸਤਾ ਸੰਪਨ ਰਾਜਾ ਕਹਾਉਣ ਲੱਗਾ। ਬੋਧੀ ਤੁਰਕ ਆਪਣੇ ਆਪ ਨੂੰ ਸ਼ਾਹੀ ਅਖਵਾਉਣ ਲੱਗੇ। ਉਦੋਂ ਤੋਂ ਹੀ ਸ਼ੱਕ ਹਿੰਦੂ ਧਰਮ ਵਿਚ ਬਦਲਣਾ ਸ਼ੁਰੂ ਹੋ ਗਏ। ਇਸ ਤਰ੍ਹਾਂ ਇਹ ਰਾਜਿਆਂ ਨੇ ਆਪਣਾ ਲਕਵ ਸ਼ਾਹੀ ਧਾਰਨ ਕੀਤਾ, ਲਿੱਪੀ ਟਾਕਰੀ ਹੀ ਰੱਖੀ ਅਤੇ ਬੋਲੀ ਸੰਸਕ੍ਰਿਤ ਨੂੰ ਹੀ ਰਾਜ ਦਾ ਵਸੀਲਾ ਬਣਾਇਆ।

ਮਹਿਮੂਦ ਗਜ਼ਨਵੀ ਨੇ ਇਨ੍ਹਾਂ ਸ਼ਾਹੀ ਹਿੰਦੂ ਰਾਜਿਆਂ ਨੂੰ ਹਰਾ ਕੇ ਰਾਜ 'ਤੇ ਕਬਜ਼ਾ ਕਰਕੇ ਆਪਣੀ ਸਲਤਨਤ ਵਿਚ ਮਿਲਾ ਲਿਆ। ਮਹਿਮੂਦ ਗਜ਼ਨਵੀ ਵੀ ਤੁਰਕ ਨਸਲ ਅਤੇ ਧਰਮ ਇਸਲਾਮ ਵਿਚ ਕਨਵਰਟ ਹੋ ਗਿਆ ਸੀ। ਇਸ ਨੇ ਵੀ ਆਪਣੇ ਧਰਮ ਇਸਲਾਮ ਅਤੇ ਬੋਲੀ ਫਾਰਸੀ ਨੂੰ ਹੀ ਸਰਕਾਰੀ ਦਰਜਾ ਦਿੱਤਾ। ਜਿਹੜਾ ਪਹਿਲਾ ਸਿੱਕਾ ਜਾਰੀ ਕੀਤਾ, ਉਹ ਟਾਕਰੀ ਅੱਖਰ ਅਤੇ ਸੰਸਕ੍ਰਿਤ ਵਿਚ ਸੀ। ਇਸ ਦਾ ਜ਼ਿਕਰ ਜੀ.ਬੀ. ਸਿੰਘ ਨੇ ਆਪਣੀ ਕਿਤਾਬ ਵਿਚ ਕਰਦਾ ਹੈ ਕਿ ਇਹ ਸਿੱਕਾ ਯੂ.ਕੇ. ਦੇ ਮਿਊਜ਼ੀਅਮ ਵਿਚ ਦੇਖ ਸਕਦੇ ਹਾਂ।

ਅਲਬਰੂਨੀ ਨਾਂ ਦੇ ਵਿਦਵਾਨ ਨੇ ਇਸੇ ਬਾਦਸ਼ਾਹ ਦੀ ਮਦਦ ਨਾਲ ਕਾਫੀ ਖੋਜ ਦਾ ਕੰਮ ਕੀਤਾ ਅਤੇ ਇੱਥੇ ਸੰਸਕ੍ਰਿਤ ਬੋਲੀ ਵੀ ਸਿੱਖੀ। ਇਸ ਤਰ੍ਹਾਂ ਇਸ ਨੇ ਸੰਸਕ੍ਰਿਤ ਕਿਤਾਬਾਂ ਦਾ ਅਰਬੀ ਵਿਚ ਉਲੱਥਾ ਕੀਤਾ। ਅਲਬਰੂਨੀ ਨੇ ਆਪਣੀਆਂ ਕਿਤਾਬਾਂ ਵਿਚ ਕਈ ਹਿੰਦੂ ਰਾਜਿਆਂ ਦਾ ਜ਼ਿਕਰ ਕੀਤਾ, ਜਿਵੇਂ ਸਮੰਦ, ਕਮਲ, ਭੀਮ ਜੈਪਾਲ, ਅਨੰਦਪਾਲ, ਤ੍ਰਿਲੋਚਨ ਪਾਲ ਜਿਹੜਾ ਪਿੱਛੋਂ ਮਾਰਿਆ ਗਿਆ ਅਤੇ ਫਿਰ ਪੰਜ ਸਾਲਾਂ ਮਗਰੋਂ ਉਸ ਦਾ ਮੁੰਡਾ ਵੀ ਮਾਰਿਆ ਗਿਆ ਅਤੇ ਇਸ ਤਰ੍ਹਾਂ ਉਸ ਦਾ ਖਾਨਦਾਨ ਖਤਮ ਹੋ ਗਿਆ।

ਚੱਚ ਬ੍ਰਾਹਮਣ ਨੇ ਰਾਏ ਸਹਸੀ ਦੂਜਾ ਦੇ ਮਰਨ ਪਿੱਛੋਂ ਉਸ ਦੀ ਰਾਣੀ ਸੋਭੀ ਨੂੰ ਵਿਆਹ ਕੇ ਹਕੂਮਤ 'ਤੇ ਕਬਜ਼ਾ ਪੱਕਾ ਕੀਤਾ। ਬੇ-ਸ਼ੱਕ ਇਸ ਪਿੱਛੋਂ ਰਾਏ ਦੇ ਭਰਾ ਅਤੇ ਭਤੀਜੇ ਨੇ ਰਲ਼ ਕੇ ਚੱਚ ਦਾ ਮੁਕਾਬਲਾ ਕੀਤਾ ਪਰ ਹਾਰ ਗਏ। ਉਪਰੋਕਤ ਕਲਰ ਬ੍ਰਹਾਮਣ ਉਤੇ ਚੱਚ ਗਦਾਰੀ ਨਾ ਕਰਦੇ, ਤਾਂ ਇੰਡੀਅਨ ਸਬ-ਕੰਟੀਨੈਂਟ ਵਿਚ ਰਾਏ ਸਾਹਸਾ ਕੋਲ ਤਾਕਤ ਹੋਣੀ ਸੀ ਅਤੇ ਇਤਿਹਾਸ ਨੇ ਵੀ ਨੇਟਿਵਾਂ ਦੇ ਪੱਖ ਵਿਚ ਹੋਣਾ ਸੀ।

ਤੁਰਕ ਮਹਿਮੂਦ ਦਾ ਧਰਮ ਇਸਲਾਮ ਅਤੇ ਸਰਕਾਰੀ ਬੋਲੀ ਫਾਰਸੀ ਸੀ। ਪਹਿਲਾ ਤੁਰਕ ਰਾਜਾ ਬੋਧੀ ਰਾਜਾ ਸੀ। ਦੂਜੇ ਤੁਰਕ ਹਿੰਦੂ ਸ਼ਾਹੀ ਸ਼ਕ ਸਨ। ਕਨਿਸ਼ਕ ਨੇ ਪ੍ਰਾਕ੍ਰਿਤ ਬੋਲੀ ਅਤੇ ਟਾਕਰੀ ਲਿੱਪੀ ਨੂੰ ਸਰਕਾਰੀ ਦਰਜਾ ਦਿੱਤਾ ਅਤੇ ਬੁੱਧ ਧਰਮ ਨੂੰ ਫਲਾਇਆ। ਟਾਕਰੀ ਲਿੱਪੀ ਅਤੇ ਪ੍ਰਾਕ੍ਰਿਤ ਬੋਲੀ ਨੂੰ ਵੀ ਦੂਰ-ਦੂਰ ਤੱਕ ਫੈਲਾਇਆ। ਕਈ ਮੰਦਰਾਂ 'ਤੇ ਟਾਕਰੀ ਲਿੱਪੀ ਵਿਚ ਲਿਖਤਾਂ ਮਿਲਦੀਆਂ ਹਨ। ਟਾਕਰੀ ਲਿੱਪੀ ਦੀ ਵਰਤੋਂ ਆਮ ਲੋਕ ਅਤੇ ਰਾਜ ਕਰਦਾ ਟੋਲਾ ਦੋਨੋਂ ਵਰਤਦੇ ਸਨ। ਡਾ. ਐੱਸ.ਕੇ. ਸ਼ਰਮਾ ਅਨੁਸਾਰ ਹਿੰਦੂ ਵੀ ਟਾਕਰੀ ਲਿੱਪੀ ਦੀ ਵਰਤੋਂ ਕਰਦੇ ਰਹੇ ਹਨ। 19ਵੀਂ ਸਦੀ ਦੇ ਦੇਵ ਨਾਗਰੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਆਪਣੇ ਬਜ਼ੁਰਗਾਂ ਦੀ ਲਿੱਪੀ ਨੂੰ ਛੱਡ ਦਿੱਤਾ, ਜਿਹੜੀ ਕਿ ਇਨ੍ਹਾਂ ਦੇ ਵਡੇਰੇ ਹਜ਼ਾਰਾਂ ਸਾਲਾਂ ਤੋਂ ਵਰਤ ਰਹੇ ਸਨ ਅਤੇ ਰਾਜਿਆਂ ਵੱਲੋਂ ਵੀ ਸ਼ਾਹੀ ਲਿੱਪੀ ਵਜੋਂ ਵਰਤੀ ਜਾਂਦੀ ਸੀ। ਪਰ 1947 ਤੋਂ ਹਿੰਦੂਆਂ ਨੇ ਟਾਕਰੀ ਲਿੱਪੀ ਛੱਡ ਦਿੱਤੀ। ਮਹਿਮੂਦ ਗਜ਼ਨਵੀ ਨੇ ਫਾਰਸੀ ਨੂੰ ਸਰਕਾਰੀ ਬਣਾਉਣ ਨਾਲ ਨਵੇਂ ਮੁਸਲਮਾਨ ਵੀ ਇਸੇ ਲਿੱਪੀ ਵਿਚ ਆਪਣੀਆਂ ਲਿੱਖਤਾਂ ਲਿਖਦੇ ਰਹੇ। ਇੰਡੀਅਨ ਸਬ ਕੰਨੀਨੈਂਟ ਵਿਚ ਪੰਜਾਬੀ, ਕਸ਼ਮੀਰੀ, ਪਸ਼ਤੋ, ਸਿੰਧੀ ਅਤੇ ਖੜ੍ਹੀ ਬੋਲੀ ਆਦਿ ਇਸੇ ਲਿੱਪੀ ਵਿਚ ਲਿਖੀਆਂ ਜਾਣ ਲੱਗੀਆਂ, ਜਿਹੜੀਆਂ ਕਿ ਲੋਕਾਂ ਦੀ ਮਜਬੂਰੀ ਬਣ ਚੁੱਕਾ ਸੀ। ਮੁਸਲਮਾਨਾਂ ਤੋਂ ਦੂਸਰੀਆਂ ਕੌਮਾਂ ਨੇ ਵੀ ਇਹੀ ਬੋਲੀ ਅਤੇ ਲਿੱਪੀ ਪੜ੍ਹੀ, ਤਾਂ ਉਨ੍ਹਾਂ ਨੂੰ ਰਾਜਸੀ ਲਾਭ ਮਿਲੇ। ਫਾਰਸੀ ਗਿਆਰਵੀਂ ਸਦੀ ਦੇ ਆਰੰਭ ਵਿਚ ਸਰਕਾਰੀ ਦਰਜਾ ਹਾਸਲ ਕਰ ਚੁੱਕੀ ਸੀ। ਫਾਰਸੀ ਬੋਲੀ 850 ਸਾਲ ਲੋਕਾਂ ਵਿਚ ਮਕਬੂਲ ਬਣੀ ਰਹੀ ਅਤੇ ਸਰਕਾਰੀ ਬੋਲੀ ਰਹੀ ਹੈ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਫਾਰਸੀ ਦਾ ਬੋਲਬਾਲਾ ਸੀ।

ਹਿੰਦੂਆਂ ਨੇ ਇਸ ਨੂੰ ਫੇਲ ਕਰਨ ਲਈ ਨਾਗਰੀ ਪ੍ਰਚਾਰਨੀ ਸਭਾ ਬਣਾਈ। 1947 ਤੋਂ ਪਿੱਛੋਂ ਨਾਗਰੀ ਨੂੰ ਸੈਂਟਰ ਸਰਕਾਰ ਤੋਂ ਦਰਜ਼ਾ ਮਿਲ ਗਿਆ। ਮਜਬੂਰੀ ਬਸ ਗੈਰ ਹਿੰਦੀ ਭਾਸ਼ੀ ਲੋਕਾਂ ਨੂੰ ਸਿੱਖਣੀ ਪੈਂਦੀ ਹੈ। ਨਾ ਸਿੱਖਣ ਨਾਲ ਕਈ ਵਾਰ ਕਈ ਤਰ੍ਹਾਂ ਦਾ ਨੁਕਸਾਨ ਹੋਣ ਦਾ ਡਰ ਪੈਦਾ ਹੋ ਜਾਂਦਾ ਹੈ। ਹਿੰਦੀ ਨੂੰ ਗੁਰਮੁੱਖ ਸਿੰਘ ਮੁਸਾਫਿਰ ਨੇ ਇੱਕ ਵੋਟ ਪਾ ਕੇ ਸਰਕਾਰੀ ਦਰਜ਼ਾ ਦੁਆ ਦਿੱਤਾ।

ਇੰਡੀਅਨ ਸਬ ਕੰਟੀਨੈਂਟ ਵਿਚ ਕਈ ਲਿੱਪੀਆਂ ਚੱਲਦੀਆਂ ਰਹੀਆਂ। ਟਾਕਰੀ ਲਿੱਪੀ ਛੱਡ ਕੇ ਬਾਕੀ ਸਭ ਨਵੀਆਂ ਲਿੱਪੀਆਂ ਹਨ। ਇਨ੍ਹਾਂ ਲਿੱਪੀਆਂ ਦੇ ਭੂਤਕਾਲ ਵਿਚ ਝਾਤੀ ਮਾਰੀ ਜਾਵੇ, ਤਾਂ ਇਸ ਗੱਲ ਦੀ ਤਰਦੀਦ ਹੋ ਜਾਂਦੀ ਹੈ ਕਿ ਹਿੰਦੂ ਵਿਦਵਾਨ ਲੋਕ ਇਹੀ ਰੱਟਾਂ ਲਾਈ ਜਾ ਰਹੇ ਹਨ ਕਿ ਬ੍ਰਾਹਮੀ ਲਿੱਪੀ ਵਿਚੋਂ ਹੀ ਸਾਰੀਆਂ ਲਿੱਪੀਆਂ ਨਿਕਲੀਆਂ ਹਨ। ਜੇਕਰ ਨਿਰਪੱਖ ਹੋ ਕੇ ਇਨ੍ਹਾਂ ਲਿੱਪੀਆਂ ਦਾ ਅਧਿਐਨ ਕੀਤਾ ਜਾਵੇ, ਤਾਂ ਪਤਾ ਲੱਗ ਜਾਵੇਗਾ ਕਿ ਬ੍ਰਾਹਮੀ ਨਾਮ ਦੀ ਕੋਈ ਲਿੱਪੀ ਹੀ ਨਹੀਂ ਹੈ। ਇਹ ਸੂਰਜ ਚੜ੍ਹੇ ਨੂੰ ਵੀ ਹਨੇਰਾ ਦੱਸੀ ਜਾ ਰਹੇ ਹਨ।

ਗੁਰਮੁੱਖੀ ਬਾਰੇ ਸਿੱਖ ਵਿਦਵਾਨ, ਹਿੰਦੂ ਕਾਮਰੇਡ, ਭਾਸ਼ਾ ਵਿਭਾਗ ਅਤੇ ਯੂਨੀਵਰਸਿਟੀਆਂ ਵੀ ਇਹੀ ਪੜ੍ਹਾਈ ਜਾ ਰਹੇ ਹਨ ਕਿ ਅੱਜ ਦੀ ਗੁਰਮੁਖੀ ਲਿੱਪੀ ਬ੍ਰਾਹਮੀ ਲਿੱਪੀ ਵਿਚੋਂ ਨਿਕਲੀ ਹੈ, ਜਦਕਿ ਗੁਰਮੁਖੀ ਲਿੱਪੀ ਕਈ ਪੜਾਵਾਂ ਵਿਚੋਂ ਨਿਕਲ ਕੇ ਅੱਜ ਦੀ ਸ਼ਕਲ ਅਖਿਤਿਆਰ ਕੀਤੀ ਹੈ। ਇਹ ਲਿੱਪੀ ਹੀ ਪੰਜਾਬੀ ਨੂੰ ਲਿਖਣ ਲਈ ਢੁੱਕਵੀਂ ਹੈ। ਬ੍ਰਾਹਮੀ ਕੋਈ ਲਿੱਪੀ ਨਹੀਂ ਹੈ। ਜੇ ਕੋਈ ਸਬੂਤ ਹੈ, ਤਾਂ ਪੇਸ਼ ਕਰੋ ਅਤੇ ਬਰੀ ਹੋ ਸਕਦੇ ਹੋ।

ਮੇਰੇ ਦਾਅਵਾ ਹੈ ਕਿ ਗੁਰਮੁੱਖੀ ਲਿੱਪੀ ਬਾਬੇ ਨਾਨਕ ਨੇ ਬਣਾਈ ਹੈ ਕਿਉਂਕਿ ਟਾਕਰੀ ਦੇ ਸਿਰਫ 27 ਅੱਖਰ ਹੀ ਗੁਰਮੁਖੀ ਨਾਲ ਮੇਲ਼ ਖਾਂਦੇ ਹਨ ਅਤੇ ਬਾਕੀ ਅੱਖਰ ਬਾਬੇ ਨਾਨਕ ਨੇ ਮੁਕੰਮਲ ਕੀਤੇ ਹਨ। ਪੰਜਾਬੀ ਅਜੇ ਵੀ ਇੱਕ ਕੌਮ ਨਹੀਂ ਬਣ ਸਕੇ ਹਨ। ਇਸਕ ਲਈ ਇਨ੍ਹਾਂ ਨੂੰ ਕਈ ਪਰੇਸ਼ਾਨੀਆਂ ਅਤੇ ਵਿਖੜੇ ਪੈਂਡਿਆਂ 'ਤੇ ਤੁਰਨ ਲਈ ਮਜਬੂਰ ਹੋਣਾ ਪਿਆ। ਇਹ ਲੋਕ ਦੂਜੀਆਂ ਕੌਮਾਂ ਦੇ ਢਹੇ ਚੜ੍ਹ ਕੇ ਆਪਣਾ ਸਭ ਕੁਝ ਬਰਬਾਦ ਕਰਦੇ ਰਹੇ ਹਨ। ਅੱਜ ਰੁਕਾਵਟਾਂ ਸਤਾ ਰਹੀਆਂ ਹਨ, ਇਹ ਇਨ੍ਹਾਂ ਦੇ ਫੁੱਟ ਦੇ ਵਤੀਰੇ ਦੀ ਦੇਣ ਹੈ।

ਅੱਜ ਸਰਕਾਰੀ ਸਕੂਲਾਂ ਵਿਚ ਪੰਜਾਬੀ ਲੋਕਾਂ ਦੇ ਬੱਚੇ ਨਹੀਂ ਪੜ੍ਹ ਰਹੇ ਹਨ। ਇਹ ਸਭ ਤਾਂ ਪੰਜਾਬੀ ਲੋਕਾਂ ਦਾ ਹੀ ਕਿਰਦਾਰ ਹੈ। ਅਸੀ ਉਨ੍ਹਾਂ ਨੂੰ ਪ੍ਰਾਇਵੇਟ ਸਕੂਲਾਂ ਵਿਚ ਪੜ੍ਹਾਉਂਦੇ ਹਾਂ ਅਤੇ ਇੰਗਲਿਸ਼ ਦੀ ਖਾਤਰ ਮਾਂ ਬੋਲੀ ਤੋਂ ਮੁਕਰ ਰਹੇ ਹਾਂ। ਆਪਣੀਆਂ ਪੁਰਾਣੀਆਂ ਚੀਜ਼ਾਂ ਅਤੇ ਸੱਭਿਅਤਾ ਤੋਂ ਵੀ ਦੂਰ ਜਾ ਰਹੇ ਹਾਂ। ਇਸ ਤਰ੍ਹਾਂ ਪੰਜਾਬ ਨੂੰ ਅੱਗੇ ਜਾ ਕੇ ਲੈਣੇ ਦੇ ਦੇਣੇ ਪੈ ਜਾਣਗੇ।

# ਚਿਤਰ-ਗੁਪਤ

## (ਵਿਅੰਗ)



-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA



ਸਵੇਰ ਦਾ ਮੌਕਾ ਸੀ।

ਧਰਮਰਾਜ ਜੀ ਦਾ ਨਿਆਂਇਕ ਦਰਬਾਰ ਪੂਰਾ ਸਜਿਆ-ਧਜਿਆ ਹੋਇਆ ਸੀ। ਚੰਦਨ ਦੀਆਂ ਧੂਫ਼ਾਂ ਅਤੇ ਅਤਰ-ਫੁਲੇਲ ਦੀਆਂ ਲਪਟਾਂ ਦਰਬਾਰ ਦਾ ਚੁਗਿਰਦਾ ਮਹਿਕਾ ਰਹੀਆਂ ਸਨ। ਇੱਕ ਪਾਸੇ ਦਰਬਾਰੀ ਸੁਸ਼ੋਭਿਤ ਸਨ। ਧਰਮਰਾਜ ਜੀ ਦੇ ਸਿੰਘਾਸਣ ਦੇ ਖੱਬੇ-ਸੱਜੇ ਦੋ ਚਾਂਦੀ ਦੀਆਂ ਕੁਰਸੀਆਂ ਡਹੀਆਂ ਹੋਈਆਂ ਸਨ। ਸਾਰੇ ਦਰਬਾਰ ਵਿਚ ਲਾਲ ਗਲੀਚੇ ਵਿਛੇ ਹੋਏ ਸਨ। ਅਣਗਿਣਤ ਤਰ੍ਹਾਂ ਦੇ ਅਦਭੁੱਤ ਪੌਦੇ ਮਸਤੀ ਨਾਲ਼ ਝੂਲ ਰਹੇ ਸਨ ਅਤੇ ਗੁਲਦਸਤਿਆਂ ਵਰਗੇ ਫ਼ੁੱਲ ਟਹਿਕ ਰਹੇ ਸਨ। ਧਰਮਰਾਜ ਜੀ ਦਾ ਸੁਨਿਹਰੀ ਸਿੰਘਾਸਣ ਹੀਰੇ ਜਵਾਹਾਰਾਤ ਜੜ ਕੇ ਸਜਾਇਆ ਹੋਇਆ ਸੀ। ਭਾਂਤ-ਭਾਂਤ ਦੀਆਂ ਸੁਗੰਧੀਆਂ ਦੀਆਂ ਅਦੁੱਤੀ ਮਹਿਕਾਂ ਦੀਆਂ ਲਪਟਾਂ ਦਰਬਾਰੀਆਂ ਨੂੰ ਮਸਤ ਕਰੀ ਬੈਠੀਆਂ ਸਨ। ਮਧੁਰ ਸਾਜ਼ਾਂ ਦੀਆਂ ਧੁਨਾਂ ਸੁਣ-ਸੁਣ ਕੇ ਦਰਬਾਰੀ ਮੰਤਰ-ਮੁਗਧ ਹੋਏ, ਕੀਲੇ ਬੈਠੇ ਸਨ।

ਸੰਖ ਪੂਰਨ ਦੀ ਆਵਾਜ਼ ਸੁਣੀਂ, ਤਾਂ ਦਰਬਾਰੀ ਅਦਬ ਨਾਲ਼ ਖੜ੍ਹੇ ਹੋ ਗਏ। "ਚਿੱਤਰ-ਗੁਪਤ" ਆ ਹਾਜ਼ਰ ਹੋਏ। ਲੰਬੇ ਘੁੰਗਰਾਲ਼ੇ ਵਾਲ਼, ਡੌਲ਼ਿਆਂ ਉਪਰ ਸ਼ੇਰ ਦੇ ਮੂੰਹ ਵਾਲ਼ੇ ਸੁਨਿਹਰੀ ਕਵਚ ਅਤੇ ਥਮਲ਼ਿਆਂ ਵਰਗੇ ਸਰੀਰ! ਤੁਰਦੇ ਸਨ, ਤਾਂ ਧਰਤੀ ਹਿੱਲਦੀ ਸੀ। ਉਹ ਆਣ ਕੇ ਧਰਮਰਾਜ ਜੀ ਦੇ ਸਿੰਘਾਸਣ ਦੇ ਖੱਬੇ-ਸੱਜੇ ਪਾਸੇ ਚਾਂਦੀ ਦੀਆਂ ਕੁਰਸੀਆਂ ਉਪਰ ਬਿਰਾਜਮਾਨ ਹੋ ਗਏ। ਉਨ੍ਹਾਂ ਦੇ ਬਿਰਾਜ ਜਾਣ ਬਾਅਦ ਅਨਹਦ ਨਾਦ ਦੀ ਧੁਨੀ ਸੁਣਾਈ ਦਿੱਤੀ, ਤਾਂ ਸਾਵਧਾਨ ਖੜ੍ਹੇ ਦਰਬਾਰੀ ਅਦਬ ਵਿਚ ਝੁੱਕ ਗਏ ਅਤੇ ਚਿਤਰ-ਗੁਪਤ ਸਤਿਕਾਰ ਵਿਚ ਉਠ ਕੇ ਖੜ੍ਹੇ ਹੋ ਗਏ।

ਧਰਮਰਾਜ ਜੀ ਦਰਬਾਰ ਵਿਚ ਹਾਜ਼ਰ ਹੋਏ, ਤਾਂ "ਜੈ-ਜੈ ਕਾਰ" ਹੋਣ ਲੱਗ ਪਈ। ਚਿੱਟੇ ਕਿਨਾਰਿਆਂ ਵਾਲ਼ਾ ਸੂਹਾ ਲਿਬਾਸ, ਸਿਰ ਉਪਰ ਸੁਨਿਹਰੀ ਮੁਕਟ ਅਤੇ ਹੱਥ ਵਿਚ ਸੋਨੇ ਦੀ ਲੱਠ, ਜਿਸ ਦੀ ਮੋਤੀਆਂ ਜੜੀ ਮੁੱਠ ਖ਼ੂਬ ਜਚ ਰਹੀ ਸੀ। ਦਰਬਾਰੀ ਅਤੇ ਚਿਤਰ-ਗੁਪਤ ਓਨਾਂ ਚਿਰ ਫ਼ਲ਼ਾਂ ਲੱਦੇ ਬੂਟੇ ਵਾਂਗ ਲਿਫ਼ੇ ਰਹੇ, ਜਿੰਨਾਂ ਚਿਰ ਧਰਮਰਾਜ ਨੇ ਬੈਠਣ ਨੂੰ ਨਾ ਆਖ ਦਿੱਤਾ। ਸਾਰੇ ਦਰਬਾਰੀ ਚੁੱਪਚਾਪ ਬੈਠ ਗਏ ਅਤੇ ਦਰਬਾਰ ਦੇ ਕਰਮਚਾਰੀ ਨੇ ਧਰਮਰਾਜ ਕੋਲ਼ੋਂ ਦਰਬਾਰ ਦਾ ਕਾਰਜ ਆਰੰਭਣ ਦੀ ਇਜਾਜ਼ਤ ਮੰਗੀ। ਧਰਮਰਾਜ ਜੀ ਨੇ ਹੱਥ ਦੇ ਇਸ਼ਾਰੇ ਨਾਲ਼ ਇਜਾਜ਼ਤ ਦੇ ਦਿੱਤੀ।

-"ਤੇਲੂ ਤੇ ਬੇਲੂ ਹਾਜ਼ਰ ਹੋਅਅਅਅ....!" ਕਰਮਚਾਰੀ ਨੇ ਆਵਾਜ਼ ਦਿੱਤੀ, ਤਾਂ ਦੋ ਜਮਦੂਤਾਂ ਵੱਲੋਂ ਇੱਕ ਚੋਲ਼ੇ ਵਾਲ਼ੇ ਸਾਧ ਨੂੰ ਪੇਸ਼ ਕੀਤਾ ਗਿਆ। ਸਾਧ ਦੇ ਖੁੱਲ੍ਹੇ ਲੰਬੇ ਕਾਲ਼ੇ ਵਾਲ਼, ਲੰਬੀ ਕਾਲ਼ੀ ਦਾੜ੍ਹੀ, ਚਿੱਟਾ ਚੋਲ਼ਾ ਅਤੇ ਅੱਖਾਂ 'ਤੇ ਕਾਲ਼ੀਆਂ ਐਨਕਾਂ ਲਾਈਆਂ ਹੋਈਆਂ ਸਨ।

-"ਇਹ ਕੌਣ ਐਂ ਦੂਤ ਜੀ...?" ਧਰਮਰਾਜ ਦੇ ਸੈਕਟਰੀ ਨੇ ਪੁੱਛਿਆ।

-"ਇਹ ਜੀ ਡੇਰੇ ਦਾ ਇੱਕ ਸਾਧ ਐ, ਜੋ ਉਪਦੇਸ਼ ਇਹ ਆਪਣੇ ਪੈਰੋਕਾਰਾਂ ਨੂੰ ਦਿੰਦਾ ਸੀ, ਓਸ ਦੇ ਬਿਲਕੁਲ ਉਲਟ ਖ਼ੁਦ ਆਪ ਚੱਲਦਾ ਸੀ। ਉਹ ਕਿਹੜਾ ਕੁੱਤਾ ਕੰਮ ਐਂ ਜੀ, ਜਿਹੜਾ ਇਹਨੇ ਨਹੀਂ ਕੀਤਾ..!"

-"ਕਿਉਂ ਚਿਤਰ ਗੁਪਤ ਜੀ, ਕੀ ਇਹ ਗੱਲ ਸਹੀ ਐ...?" ਧਰਮਰਾਜ ਨੇ ਘੋਖ਼ਵੀਆਂ ਨਜ਼ਰਾਂ ਨਾਲ਼ ਓਧਰ ਤੱਕਿਆ।

-"ਜੀ ਹਜ਼ੂਰ, ਇਹ ਬਿਲਕੁਲ ਸਹੀ ਹੈ...! ਇਸ ਸ਼ੈਤਾਨ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ...!"

-"ਇਹਨੂੰ ਗੁਸਤਾਖ਼ ਨੂੰ ਤੇਲ ਦੇ ਉਬਲ਼ਦੇ ਕੜਾਹੇ ਵਿਚ ਸੁੱਟਿਆ ਜਾਵੇ...!"

-"ਰਹਿਮ ਧਰਮਰਾਜ ਜੀ...! ਰਹਿਮ....!" ਸਾਧ ਦਰਬਾਰ ਵਿਚ ਲਿਟਣ ਅਤੇ ਬਿਲਕਣ ਲੱਗ ਪਿਆ। ਪਰ ਦੂਤ ਉਸ ਨੂੰ ਘੜ੍ਹੀਸ ਕੇ ਦਰਬਾਰ 'ਚੋਂ ਬਾਹਰ ਲੈ ਗਏ।

ਕਰਮਚਾਰੀ ਦੇ ਇਸ਼ਾਰੇ 'ਤੇ ਇੱਕ ਲਿੱਬੜਿਆ ਤਿੱਬੜਿਆ ਜਿਹਾ ਬੰਦਾ ਪੇਸ਼ ਕੀਤਾ ਗਿਆ, ਜੋ ਪਹਿਲੀ ਤੱਕਣੀ ਨਾਲ਼ ਹੀ ਸ਼ਕਲ ਤੋਂ ਬੜਾ "ਗਰੀਬੜਾ" ਜਿਹਾ ਨਜ਼ਰ ਆ ਰਿਹਾ ਸੀ।

-"ਇਹ ਪ੍ਰਾਣੀ ਕੌਣ ਐਂ ਦੇਵਤਾ ਜੀ...?" ਕਰਮਚਾਰੀ ਨੇ ਸੁਆਲ ਕੀਤਾ।

-"ਇਹਦਾ ਨਾਂ ਨੰਦ ਲਾਲ ਨੂਰਪੁਰੀ ਐ ਮਹਾਰਾਜ...!"

-"ਚਿਤਰ-ਗੁਪਤ ਜੀ, ਇਸ ਦਾ ਖਾਤਾ ਖੋਲ੍ਹ ਕੇ ਦੱਸੋ!" ਧਰਮਰਾਜ ਦੇ ਕਹਿਣ 'ਤੇ ਦੋਹਾਂ ਨੇ ਵਹੀ ਖੋਲ੍ਹ ਲਈ।

-"ਇਹਦੇ ਨਾਂ ਦਾ ਤਾਂ ਲੋਕਾਂ ਨੇ ਬੜਾ ਲਾਹਾ ਲਿਆ, ਮਹਾਰਾਜ! ਜਿੰਨੇ ਵੱਡੇ ਢਿੱਡਾਂ ਵਾਲ਼ੇ, ਤੇ ਵੱਡੇ-ਵੱਡੇ ਅਹੁਦਿਆਂ ਆਲ਼ੇ ਆਫਰੇ ਤੁਰੇ ਫ਼ਿਰਦੇ ਐ, ਸਭ ਇਸ ਬੰਦੇ ਦੇ ਨਾਂ ਦੀ ਖੱਟੀ ਖਾਂਦੇ ਐ। ਇਸ ਵਿਚਾਰੇ ਕੋਲ਼ ਰੋਟੀ ਖਾਣ ਨੂੰ ਤਾਂ ਕੀ, ਦੁਆਈ ਵਾਸਤੇ ਵੀ ਪੈਸੇ ਨੀ ਸੀ, ਇਹਨੇ ਅੱਕ ਕੇ ਖ਼ੂਹ 'ਚ ਛਾਲ਼ ਮਾਰੀ, ਇਹਨੂੰ ਤਾਂ ਅਸੀਂ ਮਸਾਂ ਖ਼ੂਹ 'ਚੋਂ ਕੱਢ ਕੇ ਲਿਆਏ ਆਂ!"

-"ਇਹਨੂੰ ਦਰਵੇਸ਼ ਨੂੰ ਸਵਰਗ 'ਚ ਭੇਜ ਦਿਓ...!" ਧਰਮਰਾਜ ਦੇ ਹੁਕਮ 'ਤੇ ਦੇਵਤੇ ਉਸ ਨੂੰ ਲੈ ਤੁਰੇ।

ਉਸ ਤੋਂ ਬਾਅਦ ਦੂਤਾਂ ਨੇ ਦੋ ਬਜ਼ੁਰਗ ਅੱਗੇ ਲੈ ਆਂਦੇ। ਇੱਕ ਨੇ ਢਿਲ਼ਕੀ ਜਿਹੀ ਪੱਗ ਬੰਨ੍ਹ ਕੇ ਦੋਵੇਂ ਹੱਥ ਕੂਹਣੀਆਂ ਤੱਕ ਜੋੜੇ ਹੋਏ ਸਨ ਅਤੇ ਉਸ ਦੇ ਪਜਾਮੇਂ ਦਾ ਨਾਲ਼ਾ ਲਮਕ ਰਿਹਾ ਸੀ। ਦੂਜੇ ਨੇ ਪੋਚਵੀਂ ਅਤੇ ਠੋਕਵੀਂ ਪੱਗ ਬੰਨ੍ਹੀ ਹੋਈ ਸੀ। ਦਾੜ੍ਹੀ ਕਾਲ਼ੀ ਕਰ ਕੇ 'ਵਸਮਾਂ' ਲਾਇਆ ਹੋਇਆ ਸੀ ਅਤੇ ਦਾੜ੍ਹੀ ਬੰਨ੍ਹ ਕੇ ਉਪਰ ਠਾਠੀ ਬੰਨ੍ਹੀ ਹੋਈ ਸੀ। ਵਿਰਲੀਆਂ ਜਿਹੀਆਂ ਮੁੱਛਾਂ ਫ਼ਿਕਸੋ ਲਾ ਕੇ ਨੂੰਹੇਂ ਦੀ ਪੂਛ ਵਾਂਗ ਖੜ੍ਹੀਆਂ ਕੀਤੀਆਂ ਹੋਈਆਂ ਸਨ।

-"ਦੂਤ ਜੀ, ਇਹਦਾ ਭੱਦਰ ਪੁਰਸ਼ ਦਾ ਨਾਲ਼ਾ ਤਾਂ ਟੰਗ ਲਓ...!" ਕਰਮਚਾਰੀ ਨੇ ਕਿਹਾ।

-"ਨਾਲ਼ਾ ਲਮਕਾਉਣ ਦੀ ਤਾਂ ਇਹਨੂੰ ਬੁਰੀ ਬਾਣ ਐਂ ਜੀ...! ਜੇ ਹੁਣ ਟੰਗਤਾ, ਮਿੰਟ ਕੁ ਨੂੰ ਬਾਹਰ ਕੱਢ ਕੇ ਫੇਰ ਲਮਕਾ-ਲੂ..!" ਗੱਲ ਸੁਣ ਕੇ ਸਾਰਾ ਦਰਬਾਰ ਹੱਸ ਪਿਆ।

-"ਇਹ ਦੋ ਬਜ਼ੁਰਗ 'ਕੱਠੇ ਈ ਪੇਸ਼ ਕਰਤੇ...? 'ਕੱਠੇ ਪੇਸ਼ ਕਰਨ ਦਾ ਕਾਰਨ...?"

-"ਇਹ ਤਾਂ ਜੀ ਬਹੁਤ ਚਤਰ ਬੁੱਢੇ ਐ...! ਸਾਰੀ ਉਮਰ ਇਹ ਆਪਦੇ ਭਾਈਚਾਰੇ ਦੇ ਜਜ਼ਬਾਤਾਂ ਨਾਲ਼ ਗੁੱਲੀ ਡੰਡਾ ਖੇਡਦੇ ਰਹੇ ਐ..! ਕਦੇ ਗਿੱਟ-ਮਿੱਟ ਕਰ ਕੇ ਆਹ ਠਾਠੀ ਆਲ਼ਾ ਰਾਜ ਭਾਗ ਸਾਂਭ ਲੈਂਦਾ ਸੀ, ਤੇ ਕਦੇ ਆਹ ਲਮਕਦੇ ਨਾਲ਼ੇ ਆਲ਼ਾ...! ਪਰ ਪਰਜਾ ਦਾ ਭਲਾ ਇਨ੍ਹਾਂ 'ਚੋਂ ਕਿਸੇ ਨੇ ਵੀ ਨੀ ਕੀਤਾ...! ਆਹ ਤਾਂ ਜੀ ਕਿਸੇ ਗੁਆਂਢੀ ਮੁਲਕ ਦੀ ਬੀਬੀ ਨਾਲ਼ 'ਚਖ਼ਮਖ਼ੀ' ਵੀ ਕਰਦਾ ਰਿਹੈ, ਤੇ ਆਹ ਪਤੰਦਰ ਨਾਲ਼ਾ ਲਮਕਾ ਕੇ ਲੋਕਾਂ ਦਾ ਤਰਸ ਬਟੋਰ ਕੇ, ਵੋਟਾਂ ਖੱਟਦਾ ਰਿਹੈ...!"

-"ਇਨ੍ਹਾਂ ਦਾ ਕੇਸ ਅਜੇ ਪੈਂਡਿੰਗ ਰੱਖੋ...!" ਧਰਮਰਾਜ ਨੇ ਉਹ ਦੋਨੋਂ ਪਾਸੇ ਬਿਠਾ ਦਿੱਤੇ।

ਹੁਣ ਇੱਕ 'ਕੁੱਤੇ ਝੱਗੀ' ਵਾਲ਼ੇ ਨੂੰ ਪੇਸ਼ ਕੀਤਾ ਗਿਆ। ਕਤਰੀ ਬੱਗੀ ਦਾੜ੍ਹੀ ਵਾਲ਼ਾ ਚੁਸਤ ਜਿਹਾ ਬੰਦਾ ਮੂੰਹ 'ਚੋਂ "ਜੈ ਸ਼੍ਰੀ ਰਾਮ" ਦੇ ਜੈਕਾਰੇ ਛੱਡੀ ਜਾ ਰਿਹਾ ਸੀ। ਕਦੇ-ਕਦੇ "ਹਰ-ਹਰ ਮਹਾਂਦੇਵ" ਵੀ ਬੁਲਾਉਣ ਲੱਗ ਜਾਂਦਾ ਸੀ।

-"ਇਹ ਭਗਤ ਜੀ ਕੌਣ ਨੇ...?"

-"ਇਹ ਜੀ ਹਿੰਦੋਸਤਾਨ ਦਾ ਹੁਕਮਰਾਨ ਰਿਹੈ, ਮਹਾਰਾਜ ...! ਜਦੋਂ ਵੀ ਇਹਦੇ ਦੇਸ਼ 'ਚ ਕੋਈ ਬਿਮਾਰੀ ਫ਼ੈਲਦੀ, ਜਾਂ ਕੋਈ ਹੋਰ ਸੰਕਟ ਆਉਂਦਾ, ਇਹਨੇ ਕਦੇ ਇਲਾਜ, ਜਾਂ ਕਿਸੇ ਹੋਰ ਸਥਾਈ ਹੱਲ ਬਾਰੇ ਨੀ ਸੀ ਸੋਚਿਆ, ਆਪਦੀ ਪਰਜਾ ਨੂੰ ਕਦੇ ਥਾਲ਼ੀਆਂ ਕੁੱਟਣ, ਤੇ ਕਦੇ ਮੋਮਬੱਤੀਆਂ ਬਾਲਣ ਦੇ ਸੰਦੇਸ਼ ਈ ਦੇਈ ਜਾਂਦਾ...! ਬਾਹਰ ਲੋਕ ਥਾਲ਼ੀਆਂ ਕੁੱਟੀ ਜਾਂਦੇ, ਤੇ ਅੰਦਰ ਭੁੱਖੇ ਚੂਹੇ ਦਾਣਿਆਂ ਵਾਲ਼ੇ ਖਾਲੀ ਡਰੰਮ ਖੜਕਾਈ ਜਾਂਦੇ..!"

-"ਇਹਦਾ ਕੇਸ ਵੀ ਅਜੇ ਪੈਂਡਿੰਗ ਰੱਖੋ..! ਇਹਨੂੰ ਔਹਨਾਂ ਬਜ਼ੁਰਗਾਂ ਕੋਲ਼ ਬਿਠਾਓ...! ਅਜੇ ਇਨ੍ਹਾਂ ਦੀ ਪਰਜਾ 'ਚੋਂ ਹੋਰ ਚਸ਼ਮਦੀਦ ਗਵਾਹ ਆ ਲੈਣ ਦਿਓ...!"

-"ਇਹਨੇ ਬਹਿਣਾਂ ਨੀ ਜੀ..! ਇਹ ਓਹਨਾਂ ਤੋਂ ਉਚੇ ਰੁਤਬੇ 'ਤੇ ਰਿਹੈ, ਇਹਨੂੰ ਤਾਂ ਅਜੇ ਤੱਕ ਅਫ਼ਰੇਵੇਂ 'ਚ ਸਾਹ ਨੀ ਆਉਂਦਾ!"

-"ਇਹਨੂੰ ਕਹਿ ਦਿਓ ਕਿ ਤੂੰ ਔਹਨਾਂ ਨਾਲ਼ ਬੈਠ, ਤੈਨੂੰ ਵਿਦੇਸ਼ੀ ਦੌਰੇ 'ਤੇ ਭੇਜਣੈ, ਜਾਂ ਲਾਰਾ ਲਾ ਦਿਓ ਕਿ ਕੈਮਰਿਆਂ ਆਲ਼ੇ ਫੋਟੂ ਖਿੱਚਣ ਆਉਂਦੇ ਆ, ਦੇਖ ਲਿਓ ਟਿਕ ਕੇ ਬਹਿਜੂ, ਚਾਹੇ ਮਹੀਨਾਂ ਬਿਠਾਈ ਰੱਖਿਓ..!" ਚਿਤਰ ਜੀ ਨੇ ਕਿਹਾ ਤਾਂ ਸਾਰਾ ਦਰਬਾਰ ਫ਼ਿਰ ਹੱਸ ਪਿਆ।

-"ਚਲੋ ਭਾਈ ਅੱਜ ਪੰਜ ਬੰਦੇ ਪੇਸ਼ ਕਰਤੇ, ਬਾਕੀ ਕੱਲ੍ਹ ਸਹੀ...!"

ਦਰਬਾਰ ਬਰਖ਼ਾਸਤ ਕਰ ਦਿੱਤਾ ਗਿਆ।

ਧਰਮਰਾਜ ਦੇ ਜਾਣ ਤੱਕ ਸਾਰੇ ਅਦਬ ਨਾਲ਼ ਝੁਕੇ ਖੜ੍ਹੇ ਰਹੇ।

---

ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
(Punjab Mail USA)



# ਡਾਕਟਰ ਦੀ ਪਰਚੀ

## 2 ਮਿੰਨੀ ਕਹਾਣੀਆਂ



ਡਾਕਟਰ ਨੇ ਖੰਘ ਜ਼ੁਕਾਮ ਦੇ ਇੱਕ ਮਰੀਜ਼ ਨੂੰ ਕੁਝ ਦਵਾਈਆਂ ਲਿਖ ਕੇ ਦਿੱਤੀਆਂ। ਜੂਨ ਜੁਲਾਈ ਦੀ ਗਰਮੀ ਵਿਚ ਖਿਝਿਆ ਖਪਿਆ ਮਰੀਜ਼ ਘੰਟੇ ਕੁ ਬਾਅਦ ਦੁਬਾਰਾ ਡਾਕਟਰ ਕੋਲ ਪਹੁੰਚ ਗਿਆ, "ਡਾਕਟਰ ਸਾਹਿਬ, ਇਸ ਪਰਚੀ ਵਿਚ ਤੁਸੀਂ ਜਿਹੜੀ ਦਵਾਈ ਸਭ ਤੋਂ ਉੱਪਰ ਲਿਖੀ ਹੈ, ਉਹ ਨਹੀਂ ਮਿਲ ਰਹੀ।" ਡਾਕਟਰ ਨੇ ਪਰਚੀ ਵੇਖੀ ਤੇ ਥੋੜ੍ਹਾ ਜਿਹਾ ਹੱਸ ਕੇ ਬੋਲਿਆ, "ਇਹ ਦਵਾਈ ਨਹੀਂ ਹੈ। ਇਹ ਤਾਂ ਮੈਂ ਪੈੱਨ ਚੈੱਕ ਕਰਨ ਲਈ ਐਵੇਂ ਲਕੀਰਾਂ ਜਿਹੀਆਂ ਮਾਰੀਆਂ ਸਨ ਕਿ ਚੱਲਦਾ ਹੈ ਕਿ ਨਹੀਂ।" ਸੜਿਆ ਬਲਿਆ ਮਰੀਜ਼ ਡਾਕਟਰ ਦੇ ਗਲ ਪੈ ਗਿਆ, "ਤੇਰਾ ਬੇੜਾ ਗਰਕ ਹੋ ਜਾਵੇ। ਤੇਰੇ ਇਸ ਪੈੱਨ ਚੈੱਕ ਕਰਨ ਦੇ ਚੱਕਰ ਵਿਚ ਮੈਂ ਦਵਾਈਆਂ ਦੀਆਂ 50 ਦੁਕਾਨਾਂ ਘੁੰਮ ਆਇਆਂ। ਸਾਰੇ ਇੱਕ ਤੋਂ ਵੱਧ ਇੱਕ ਸਨ। ਇੱਕ ਮੈਡੀਕਲ ਵਾਲਾ ਕਹਿੰਦਾ ਕਿ ਇਹ ਦਵਾਈ ਖਤਮ ਹੋ ਗਈ ਹੈ, ਕੱਲ੍ਹ ਨੂੰ ਮੰਗਵਾ ਦੇਵਾਂਗਾ। ਦੂਸਰਾ ਕਹਿਣ ਲੱਗਾ ਕਿ ਇਹ ਕੰਪਨੀ ਬੰਦ ਹੋ ਗਈ ਹੈ, ਦੂਸਰੀ ਕੰਪਨੀ ਦੀ ਲੈ ਜਾ। ਤੀਸਰਾ ਬੋਲਿਆ ਕਿ ਇਸ ਦਵਾਈ ਦੀ ਬਹੁਤ ਡਿਮਾਂਡ ਚੱਲ ਰਹੀ ਹੈ, ਇਹ ਤਾਂ ਬਲੈਕ ਵਿਚ ਹੀ ਮਿਲ ਸਕਦੀ ਹੈ। ਚੌਥਾ ਤਾਂ ਸਾਲਾ ਸਾਰਿਆਂ ਦਾ ਬਾਪ ਨਿਕਲਿਆ। ਕਹਿਣ ਲੱਗਾ ਕਿ ਇਹ ਤਾਂ ਕੈਂਸਰ ਦੀ ਦਵਾਈ ਹੈ, ਕਿਸ ਨੂੰ ਹੋ ਗਿਆ ਕੈਂਸਰ?"

# ਮਾਂ ਦੀ ਮਮਤਾ

ਪੁਰਾਣੇ ਸਮੇਂ ਦੀ ਗੱਲ ਹੈ ਕਿ ਕਿਸੇ ਪਰਿਵਾਰ ਵਿਚ ਵਿਧਵਾ ਮਾਂ ਤੇ ਉਸ ਦਾ ਪੁੱਤਰ, ਸਿਰਫ ਦੋ ਹੀ ਜੀਅ ਰਹਿੰਦੇ ਸਨ। ਲੜਕਾ ਅਜੇ ਦੋ-ਤਿੰਨ ਸਾਲ ਦਾ ਹੀ ਸੀ, ਜਦੋਂ ਉਸ ਦੇ ਪਿਤਾ ਦੀ ਮੌਤ ਹੋ ਗਈ ਸੀ। ਇੱਕ ਹੀ ਪੁੱਤਰ ਹੋਣ ਕਾਰਨ ਮਾਂ ਉਸ ਨਾਲ ਅਥਾਹ ਪਿਆਰ ਕਰਦੀ ਸੀ। ਆਪ ਭਾਵੇਂ ਔਖੀ ਰਹੀ ਪਰ ਪੁੱਤਰ ਨੂੰ ਕਿਸੇ ਕਿਸਮ ਦੀ ਕਮੀ ਮਹਿਸੂਸ ਨਾ ਹੋਣ ਦਿੱਤੀ। ਪਰ ਪੁੱਤਰ ਜਦੋਂ ਜਵਾਨ ਹੋਇਆ, ਤਾਂ ਮਾੜੀ ਸੰਗਤ ਵਿਚ ਪੈ ਗਿਆ ਤੇ ਇੱਕ ਖ਼ੂਬਸੂਰਤ ਵੇਸਵਾ ਨਾਲ ਪਿਆਰ ਕਰਨ ਲੱਗ ਪਿਆ। ਘਰ ਵਿਚ ਜੋ ਵੀ ਪੈਸਾ ਟਕਾ ਸੀ, ਸਭ ਕੁਝ ਉਸ 'ਤੇ ਲੁਟਾ ਦਿੱਤਾ। ਜਦੋਂ ਉਹ ਨੰਗ ਹੋ ਗਿਆ, ਤਾਂ ਵੇਸਵਾ ਉਸ ਤੋਂ ਖਹਿੜਾ ਛੁਡਾਉਣ ਬਾਰੇ ਸੋਚਣ ਲੱਗ ਪਈ।

ਉਸ ਨੂੰ ਇੱਕ ਤਰਕੀਬ ਸੁੱਝੀ ਤੇ ਉਸ ਨੇ ਲੜਕੇ ਨੂੰ ਕਿਹਾ ਕਿ ਉਹ ਉਸ ਨੂੰ ਕਿੰਨਾਂ ਕੁ ਪਿਆਰ ਕਰਦਾ ਹੈ? ਲੜਕਾ ਬੋਲਿਆ ਕਿ ਉਹ ਉਸ ਨੂੰ ਐਨਾ ਪਿਆਰ ਕਰਦਾ ਹੈ ਕਿ ਉਸ ਲਈ ਆਪਣੀ ਜਾਨ ਵੀ ਦੇ ਸਕਦਾ ਹੈ। ਵੇਸਵਾ ਬੋਲੀ ਕਿ ਜੇ ਤੂੰ ਮੈਨੂੰ ਸੱਚੀਂ ਐਨਾ ਪਿਆਰ ਕਰਦਾ ਹੈਂ, ਤਾਂ ਜਾ ਕੇ ਆਪਣੀ ਮਾਂ ਦਾ ਦਿਲ ਕੱਢ ਕੇ ਲਿਆ। ਵੇਸਵਾ ਨੇ ਸੋਚਿਆ ਕਿ ਕੋਈ ਆਪਣੀ ਮਾਂ ਨੂੰ ਕਿਵੇਂ ਕਤਲ ਕਰ ਸਕਦਾ ਹੈ? ਇਸ ਲਈ ਇਹ ਇਨਕਾਰ ਕਰ ਦੇਵੇਗਾ ਤੇ ਮੇਰਾ ਖਹਿੜਾ ਛੁੱਟ ਜਾਵੇਗਾ। ਪਰ ਉਹ ਲੜਕਾ ਤਾਂ ਇਸ਼ਕ ਵਿਚ ਐਨਾ ਅੰਨ੍ਹਾਂ ਹੋ ਚੁੱਕਾ ਸੀ ਕਿ ਬਿਨਾਂ ਕੁਝ ਸੋਚੇ ਸਮਝੇ ਸਿੱਧਾ ਘਰ ਗਿਆ ਤੇ ਆਪਣੀ ਮਾਂ ਨੂੰ ਕਤਲ ਕਰ ਕੇ ਤੇ ਉਸ ਦਾ ਦਿਲ ਕੱਢ ਕੇ ਵਾਹੋ ਦਾਹੀ ਵੇਸਵਾ ਦੇ ਘਰ ਵੱਲ ਚੱਲ ਪਿਆ। ਕਾਹਲੀ ਕਾਰਨ ਉਸ ਨੂੰ ਠੇਡਾ ਲੱਗ ਗਿਆ ਤੇ ਉਹ ਮੂੰਹ ਪਰਨੇ ਡਿੱਗ ਪਿਆ, ਤਾਂ ਮਾਂ ਦੇ ਦਿਲ ਵਿਚੋਂ ਅਵਾਜ਼ ਆਈ, "ਪੁੱਤ ਤੂੰ ਠੀਕ ਹੈਂ, ਕੋਈ ਸੱਟ ਤਾਂ ਨਹੀਂ ਲੱਗੀ?"

-ਬਲਰਾਜ ਸਿੰਘ ਸਿੱਧੂ ਏ.ਆਈ.ਜੀ.
ਪੰਡੋਰੀ ਸਿੱਧਵਾਂ : 95011-00062

# ਅਸ਼ਲੀਲ ਅਤੇ ਕੰਨ ਪਾੜਨ ਵਾਲੇ ਗੀਤਾਂ ਤੋਂ ਬਚੋ




ਡਾ. ਸਤਿਆਵਾਨ ਸੌਰਭ
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ,
ਆਲ ਇੰਡੀਆ ਰੇਡੀਓ ਅਤੇ ਟੀ.ਵੀ. ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
ਪੰਜਾਬ ਮੇਲUSA


ਵਿਆਹ ਇੱਕ ਖਾਸ ਮੌਕਾ ਹੈ, ਜੋ ਦੋ ਪਰਿਵਾਰਾਂ ਦੇ ਸੱਭਿਆਚਾਰਕ, ਪਰਿਵਾਰਕ ਅਤੇ ਭਾਵਨਾਤਮਕ ਸੰਸਾਰ ਨੂੰ ਜੋੜਦਾ ਹੈ। ਇਹ ਸਿਰਫ਼ ਦੋ ਲੋਕਾਂ ਦਾ ਮੇਲ ਨਹੀਂ ਹੈ, ਸਗੋਂ ਦੋ ਪਰਿਵਾਰਾਂ ਦਾ ਮੇਲ ਹੈ, ਜਿਸ ਵਿਚ ਭਾਵਨਾਵਾਂ, ਰਸਮਾਂ ਅਤੇ ਪ੍ਰੰਪਰਾਵਾਂ ਦਾ ਆਦਾਨ-ਪ੍ਰਦਾਨ ਹੁੰਦਾ ਹੈ। ਸੰਗੀਤ ਇਸ ਪ੍ਰੋਗਰਾਮ ਦਾ ਇੱਕ ਅਨਿੱਖੜਵਾਂ ਅੰਗ ਹੈ, ਪਰ ਇਸਨੂੰ ਬਹੁਤ ਧਿਆਨ ਨਾਲ ਚੁਣਿਆ ਜਾਣਾ ਚਾਹੀਦਾ ਹੈ। ਸੰਗੀਤ ਨੂੰ ਸਿਰਫ਼ ਮੌਜ-ਮਸਤੀ ਅਤੇ ਨੱਚਣ ਦੀ ਬਜਾਏ ਸਾਡੇ ਮੁੱਲਾਂ, ਰਿਸ਼ਤਿਆਂ ਅਤੇ ਭਾਵਨਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

**ਗੀਤਾਂ ਦਾ ਸਾਡੀਆਂ ਭਾਵਨਾਵਾਂ ਅਤੇ ਕਦਰਾਂ-ਕੀਮਤਾਂ ਨਾਲ ਸਬੰਧ**

ਵਿਆਹਾਂ ਵਿਚ ਵਜਾਏ ਜਾਣ ਵਾਲੇ ਗੀਤ ਰਿਸ਼ਤਿਆਂ ਦੀ ਸ਼ਾਨ, ਪਰਿਵਾਰ ਦੀਆਂ ਭਾਵਨਾਵਾਂ ਅਤੇ ਸੱਭਿਆਚਾਰ ਨੂੰ ਸਾਂਝਾ ਕਰਦੇ ਹਨ। ਗੀਤਾਂ ਦੇ ਬੋਲ ਅਤੇ ਧੁਨ ਸਾਡੇ ਮਨੋਬਲ ਅਤੇ ਸਮੁੱਚੇ ਵਿਆਹ ਦੇ ਅਨੁਭਵ ਨੂੰ ਪ੍ਰਭਾਵਤ ਕਰਦੇ ਹਨ। ਵਿਆਹ ਇੱਕ ਪਰਿਵਾਰਕ ਸਮਾਗਮ ਹੁੰਦਾ ਹੈ, ਜਿਸ ਵਿਚ ਵੱਖ-ਵੱਖ ਉਮਰ ਸਮੂਹਾਂ ਦੇ ਲੋਕ ਸ਼ਾਮਲ ਹੁੰਦੇ ਹਨ। ਇਸ ਸਮਾਰੋਹ ਵਿਚ ਮਾਤਾ-ਪਿਤਾ, ਦਾਦਾ-ਦਾਦੀ, ਚਾਚੇ, ਮਾਸੀ ਅਤੇ ਛੋਟੇ ਬੱਚੇ ਵੀ ਹਿੱਸਾ ਲੈਂਦੇ ਹਨ। ਅਜਿਹੀ ਸਥਿਤੀ ਵਿਚ, ਗੀਤਾਂ ਦੇ ਬੋਲ ਵਧੀਆ ਅਤੇ ਸੁਚੱਜੇ ਹੋਣੇ ਚਾਹੀਦੇ ਹਨ, ਤਾਂ ਜੋ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ। ਇਸ ਤਰ੍ਹਾਂ, ਜਦੋਂ ਅਸੀਂ ਕਿਸੇ ਵਿਆਹ ਦੇ ਸਾਦੇ ਅਤੇ ਗੰਭੀਰ ਸਮਾਰੋਹ ਵਿਚ ਸ਼ਾਮਲ ਹੁੰਦੇ ਹਾਂ, ਤਾਂ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਇੱਕ ਡੂੰਘੇ ਬੰਧਨ ਦਾ ਪ੍ਰਤੀਕ ਹੈ ਅਤੇ ਇਸ ਸਮੇਂ ਸੰਗੀਤ ਅਜਿਹਾ ਹੋਣਾ ਚਾਹੀਦਾ ਹੈ, ਜੋ ਇਸ ਸੱਚਾਈ ਦਾ ਸਨਮਾਨ ਕਰਦਾ ਹੈ। ਵਿਆਹ ਦੀ ਸਹੁੰ ਜ਼ਿੰਦਗੀ ਭਰ ਲਈ ਹੁੰਦੀ ਹੈ। ਇਹ ਇੱਕ ਅਜਿਹਾ ਵਾਅਦਾ ਹੈ, ਜਿਸ ਵਿਚ ਦੋਵਾਂ ਧਿਰਾਂ ਵੱਲੋਂ ਪਿਆਰ, ਵਿਸ਼ਵਾਸ ਅਤੇ ਸਮਰਪਣ ਸ਼ਾਮਲ ਹੈ। ਅਜਿਹੀ ਸਥਿਤੀ ਵਿਚ, ਗੀਤ ਵੀ ਅਜਿਹੇ ਹੋਣੇ ਚਾਹੀਦੇ ਹਨ, ਜੋ ਪਿਆਰ, ਰਿਸ਼ਤਿਆਂ ਅਤੇ ਆਪਸੀ ਸਤਿਕਾਰ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ। ਬ੍ਰੇਕਅੱਪ ਜਾਂ ਵਿਸ਼ਵਾਸਘਾਤ 'ਤੇ ਆਧਾਰਿਤ ਗਾਣੇ, ਜਿਵੇਂ ਕਿ "ਚੰਨਾ ਮੇਰਿਆ" ਜਾਂ "ਭੁਲਾ ਦੂੰਗਾ", ਇਸ ਮੌਕੇ ਲਈ ਸਹੀ ਨਹੀਂ ਹਨ। ਇਹ ਗਾਣੇ ਵਿਆਹ ਦੀਆਂ ਸਹੁੰਆਂ ਨਾਲ ਮੇਲ ਨਹੀਂ ਖਾਂਦੇ।

ਹਰ ਵਿਆਹ ਦਾ ਆਪਣਾ ਸੱਭਿਆਚਾਰ, ਪ੍ਰੰਪਰਾਵਾਂ ਅਤੇ ਰੀਤੀ-ਰਿਵਾਜ਼ ਹੁੰਦੇ ਹਨ। ਰਵਾਇਤੀ ਸੰਗੀਤ ਅਤੇ ਧਾਰਮਿਕ ਰਸਮਾਂ ਬਹੁਤ ਮਹੱਤਵ ਰੱਖਦੀਆਂ ਹਨ, ਖਾਸ ਕਰਕੇ ਭਾਰਤੀ ਵਿਆਹਾਂ ਵਿਚ। ਅਜਿਹੀ ਸਥਿਤੀ ਵਿਚ, ਗੀਤਾਂ ਦੀ ਚੋਣ ਕਰਦੇ ਸਮੇਂ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਕਿਸੇ ਧਾਰਮਿਕ ਜਾਂ ਸੱਭਿਆਚਾਰਕ ਵਿਸ਼ਵਾਸਾਂ ਨੂੰ ਠੇਸ ਨਾ ਪਹੁੰਚਾਉਣ। ਉਦਾਹਰਣ ਵਜੋਂ, ਜੇਕਰ ਵਿਆਹ ਕਿਸੇ ਖਾਸ ਧਾਰਮਿਕ ਪ੍ਰੰਪਰਾ ਅਨੁਸਾਰ ਹੋ ਰਿਹਾ ਹੈ, ਤਾਂ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸੰਗੀਤ ਇਸ ਪ੍ਰੰਪਰਾ ਦੇ ਅਨੁਸਾਰ ਹੋਵੇ। ਵਿਆਹ ਇੱਕ ਜਸ਼ਨ ਹੁੰਦਾ ਹੈ ਅਤੇ ਸੰਗੀਤ ਦਾ ਮੁੱਖ ਉਦੇਸ਼ ਉਸ ਖੁਸ਼ੀ ਨੂੰ ਵਧਾਉਣਾ ਹੁੰਦਾ ਹੈ। ਜੋਸ਼ ਅਤੇ ਖੁਸ਼ੀ ਨਾਲ ਭਰੇ ਗੀਤ ਇਸ ਮੌਕੇ ਨੂੰ ਹੋਰ ਖਾਸ ਬਣਾ ਸਕਦੇ ਹਨ। ਇਸ ਦੇ ਉਲਟ, "ਤੁਮ ਜੋ ਨਹੀਂ" ਆਦਿ ਵਰਗੇ ਉਦਾਸ ਜਾਂ ਨਕਾਰਾਤਮਕ ਗਾਣੇ ਮਾਹੌਲ ਨੂੰ ਵਿਗਾੜ ਸਕਦੇ ਹਨ। ਸੰਗੀਤ ਦੀ ਚੋਣ ਕਰਦੇ ਸਮੇਂ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਹਰ ਕਿਸੇ ਦੇ ਮਨ ਨੂੰ ਖੁਸ਼ੀ ਅਤੇ ਸਕਾਰਾਤਮਕਤਾ ਪ੍ਰਦਾਨ ਕਰੇ।

**ਮੈਨੂੰ ਆਪਣੀ "ਡੂ ਨਾਟ ਪਲੇ" ਸੂਚੀ ਵਿਚ ਕਿਹੜੇ ਗਾਣੇ ਪਾਉਣੇ ਚਾਹੀਦੇ ਹਨ ?**

ਵਿਆਹ ਦੇ ਸੰਗੀਤ ਦੀ ਚੋਣ ਕਰਦੇ ਸਮੇਂ, ਇਹ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ ਕਿ ਅਸੀਂ ਉਨ੍ਹਾਂ ਗੀਤਾਂ ਤੋਂ ਬਚੀਏ ਜੋ ਅਸ਼ਲੀਲ, ਦੋਹਰੇ ਅਰਥਾਂ ਵਾਲੇ ਜਾਂ ਅਸੰਵੇਦਨਸ਼ੀਲ ਹੋਣ। ਵਿਆਹ ਦਾ ਮਾਹੌਲ ਪਵਿੱਤਰ ਅਤੇ ਪਰਿਵਾਰਕ ਹੁੰਦਾ ਹੈ, ਇਸ ਲਈ ਸਾਨੂੰ ਅਜਿਹੇ ਗੀਤਾਂ ਤੋਂ ਬਚਣਾ ਚਾਹੀਦਾ ਹੈ, ਜੋ ਭਾਸ਼ਾ ਜਾਂ ਭਾਵਨਾਵਾਂ ਵਿਚ ਸੀਮਾਵਾਂ ਨੂੰ ਪਾਰ ਕਰਦੇ ਹਨ। ਉਦਾਹਰਣ ਵਜੋਂ, "ਮੁੰਨੀ ਬਦਨਾਮ" ਅਤੇ "ਸ਼ੀਲਾ ਕੀ ਜਵਾਨੀ" ਵਰਗੇ ਗਾਣੇ ਇਸ ਮੌਕੇ ਲਈ ਢੁੱਕਵੇਂ ਨਹੀਂ ਹੁੰਦੇ। ਵਿਆਹ ਪਿਆਰ ਅਤੇ ਵਚਨਬੱਧਤਾ ਦਾ ਜਸ਼ਨ ਹੁੰਦਾ ਹੈ ਅਤੇ "ਚੰਨਾ ਮੇਰਿਆ" ਜਾਂ "ਭੁਲਾ ਦੂੰਗਾ" ਵਰਗੇ ਗੀਤ ਜੋ ਟੁੱਟਣ, ਵਿਸ਼ਵਾਸਘਾਤ ਜਾਂ ਅਸਥਿਰ ਰਿਸ਼ਤਿਆਂ 'ਤੇ ਆਧਾਰਿਤ ਹੁੰਦੇ ਹਨ, ਵਿਆਹ ਦੇ ਮਾਹੌਲ ਦੇ ਅਨੁਕੂਲ ਨਹੀਂ ਹੁੰਦੇ। ਜੇਕਰ ਵਿਆਹ ਦੌਰਾਨ ਗਾਣੇ ਨਸ਼ੇ ਜਾਂ ਹੋਰ ਨਕਾਰਾਤਮਕ ਪ੍ਰਵਿਰਤੀਆਂ ਨੂੰ ਉਤਸ਼ਾਹਿਤ ਕਰਦੇ ਹਨ, ਤਾਂ ਉਹ ਮਾਹੌਲ ਦੇ ਅਨੁਕੂਲ ਨਹੀਂ ਹਨ। "ਦਾਰੂ ਦੇਸੀ", "ਲੁੰਗੀ ਡਾਂਸ", ਅਤੇ "ਮਾਈ ਡ੍ਰਿੰਕਿੰਗ" ਵਰਗੇ ਗਾਣੇ ਵਿਆਹ ਦੇ ਸ਼ਾਨਦਾਰ ਮਾਹੌਲ ਨੂੰ ਵਧਾ ਸਕਦੇ ਹਨ। ਕੁਝ ਗਾਣੇ ਜੋ ਸਿਰਫ਼ ਉੱਚੀ ਅਤੇ ਸ਼ੋਰ-ਸ਼ਰਾਬੇ ਵਾਲੇ ਹੁੰਦੇ ਹਨ, ਜਿਵੇਂ ਕਿ ਬਹੁਤ ਜ਼ਿਆਦਾ ਬਾਸ ਜਾਂ ਡੀ.ਜੇ. ਟਰੈਕ ਵਾਲੇ ਗਾਣੇ, ਕਈ ਵਾਰ ਮਾਹੌਲ ਨੂੰ ਅਣਸੁਖਾਵਾਂ ਬਣਾ ਸਕਦੇ ਹਨ। ਇਨ੍ਹਾਂ ਤੋਂ ਬਚਣ ਲਈ, ਸੰਗੀਤ ਦੀ ਚੋਣ ਇਸ ਤਰੀਕੇ ਨਾਲ ਕਰਨੀ ਚਾਹੀਦੀ ਹੈ ਕਿ ਹਰ ਕੋਈ ਇਸਨੂੰ ਆਸਾਨੀ ਨਾਲ ਸੁਣ ਸਕੇ ਅਤੇ ਇਸਦਾ ਆਨੰਦ ਲੈ ਸਕੇ। ਸਾਡੇ ਵਿਆਹ ਵਿਚ ਸਾਰੇ ਵਰਗਾਂ ਅਤੇ ਭਾਈਚਾਰਿਆਂ ਦੇ ਲੋਕ ਸ਼ਾਮਲ ਹੁੰਦੇ ਹਨ। ਅਜਿਹੀ ਸਥਿਤੀ ਵਿਚ, ਕਿਸੇ ਵੀ ਧਾਰਮਿਕ ਜਾਂ ਜਾਤੀ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਗੀਤਾਂ ਤੋਂ ਬਚਣਾ ਚਾਹੀਦਾ ਹੈ। ਇਨ੍ਹਾਂ ਗੀਤਾਂ ਤੋਂ ਬਚਣ ਲਈ, ਇਹ ਜ਼ਰੂਰੀ ਹੈ ਕਿ ਗੀਤਾਂ ਦੀ ਚੋਣ ਸਮਾਨਤਾ, ਸਤਿਕਾਰ ਅਤੇ ਪਿਆਰ ਨੂੰ ਪ੍ਰਗਟ ਕਰੇ।

**ਇੱਕ ਸੰਤੁਲਿਤ ਪਲੇਲਿਸਟ ਕਿਵੇਂ ਬਣਾਈਏ ?**

ਇੱਕ ਸੰਤੁਲਿਤ ਅਤੇ ਵਿਭਿੰਨ ਪਲੇਲਿਸਟ ਬਣਾਉਣ ਲਈ, ਕੁਝ ਖਾਸ ਸੁਝਾਵਾਂ ਦੀ ਪਾਲਣਾ ਕੀਤੀ ਜਾ ਸਕਦੀ ਹੈ: ਵਿਆਹ ਵਿਚ, ਲਾੜਾ-ਲਾੜੀ ਦੇ ਨਾਲ-ਨਾਲ ਪਰਿਵਾਰ ਅਤੇ ਦੋਸਤਾਂ ਦੀਆਂ ਪਸੰਦਾਂ ਨੂੰ ਧਿਆਨ ਵਿਚ ਰੱਖਣਾ ਮਹੱਤਵਪੂਰਨ ਹੁੰਦਾ ਹੈ। ਪਲੇਲਿਸਟ ਵਿਚ ਉਹ ਗੀਤ ਸ਼ਾਮਲ ਕਰੋ, ਜੋ ਹਰ ਉਮਰ ਦੇ ਲੋਕਾਂ ਲਈ ਮਜ਼ੇਦਾਰ ਹੋਣ। ਗੀਤ ਹਮੇਸ਼ਾ ਮਿੱਠੇ ਅਤੇ ਸੁਰੀਲੇ ਹੋਣੇ ਚਾਹੀਦੇ ਹਨ। ਅਜਿਹੇ ਗਾਣੇ ਨਾ ਸਿਰਫ਼ ਕੰਨਾਂ ਨੂੰ ਚੰਗੇ ਲੱਗਦੇ ਹਨ, ਸਗੋਂ ਦਿਲਾਂ ਨੂੰ ਵੀ ਜੋੜਦੇ ਹਨ। ਵਿਆਹ ਦੇ ਇਸ ਖਾਸ ਦਿਨ 'ਤੇ, "ਤੁਮ ਹੀ ਹੋ", "ਤੁਮ ਜੋ ਆਏ" ਆਦਿ ਵਰਗੇ ਰੋਮਾਂਟਿਕ ਗਾਣੇ ਮਾਹੌਲ ਨੂੰ ਹੋਰ ਵੀ ਖਾਸ ਬਣਾ ਸਕਦੇ ਹਨ। ਗੀਤਾਂ ਨੂੰ ਇਸ ਤਰ੍ਹਾਂ ਚੁਣੋ ਕਿ ਉਹ ਸ਼ਾਲੀਨਤਾ ਅਤੇ ਮਾਣ ਦਾ ਪ੍ਰਤੀਕ ਹੋਣ। ਵਿਆਹ ਇੱਕ ਗੰਭੀਰ ਅਤੇ ਸਨਮਾਨਜਨਕ ਮੌਕਾ ਹੁੰਦਾ ਹੈ, ਅਤੇ ਕੋਈ ਵੀ ਗੀਤ ਜੋ ਸ਼ਬਦਾਂ ਵਿਚ ਸ਼ਿਸ਼ਟਾਚਾਰ ਨਹੀਂ ਦਿਖਾਉਂਦਾ, ਉਸਨੂੰ ਸੂਚੀ ਵਿਚੋਂ ਕੱਢ ਦੇਣਾ ਚਾਹੀਦਾ ਹੈ।

ਹਰੇਕ ਸਮਾਰੋਹ ਲਈ ਸਹੀ ਸੰਗੀਤ ਚੁਣੋ। ਜੈਮਾਲਾ ਸਮਾਰੋਹ ਲਈ ਰੋਮਾਂਟਿਕ ਅਤੇ ਭਾਵਨਾਤਮਕ ਗਾਣੇ, ਡਾਂਸ ਫਲੋਰ ਲਈ ਊਰਜਾਵਾਨ ਟਰੈਕ ਅਤੇ ਵਿਦਾਈ ਦੇ ਸਮੇਂ ਭਾਵਨਾਤਮਕ ਧੁਨਾਂ ਇਸ ਦਿਨ ਨੂੰ ਹੋਰ ਵੀ ਯਾਦਗਾਰ ਬਣਾ ਸਕਦੀਆਂ ਹਨ। ਰਵਾਇਤੀ ਭਾਰਤੀ ਸੰਗੀਤ, ਸੂਫ਼ੀ ਗੀਤ ਅਤੇ ਲੋਕ ਗੀਤ ਵੀ ਵਿਆਹ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਅਜਿਹੇ ਗੀਤ ਵਿਆਹ ਦੇ ਰਵਾਇਤੀ ਅਤੇ ਸੱਭਿਆਚਾਰਕ ਮਾਹੌਲ ਨੂੰ ਹੋਰ ਵੀ ਜੀਵੰਤ ਬਣਾ ਸਕਦੇ ਹਨ। ਜੇਕਰ ਬਜਟ ਇਜਾਜ਼ਤ ਦਿੰਦਾ ਹੈ, ਤਾਂ ਲਾਈਵ ਬੈਂਡ ਜਾਂ ਸੂਫ਼ੀ ਗਾਇਕੀ ਨੂੰ ਸ਼ਾਮਲ ਕਰਨਾ ਇੱਕ ਚੰਗਾ ਵਿਚਾਰ ਹੋ ਸਕਦਾ ਹੈ। ਲਾਈਵ ਸੰਗੀਤ ਇੱਕ ਵੱਖਰੀ ਤਰ੍ਹਾਂ ਦੀ ਨੇੜਤਾ ਅਤੇ ਸਬੰਧ ਪੈਦਾ ਕਰਦਾ ਹੈ, ਜੋ ਡੀ.ਜੇ. ਸੰਗੀਤ ਨਹੀਂ ਕਰ ਸਕਦਾ।

**ਵਿਆਹ ਸਿਰਫ਼ ਇੱਕ ਸਮਾਗਮ ਨਹੀਂ ਹੁੰਦਾ, ਇਹ ਇੱਕ ਭਾਵਨਾਤਮਕ ਯਾਤਰਾ ਹੁੰਦੀ ਹੈ।**

ਵਿਆਹ ਸਿਰਫ਼ ਇੱਕ ਜਸ਼ਨ ਨਹੀਂ ਹੈ, ਸਗੋਂ ਇਹ ਇੱਕ ਭਾਵਨਾਤਮਕ ਯਾਤਰਾ ਹੈ। ਸੰਗੀਤ, ਜੋ ਸਾਡੇ ਦਿਲਾਂ ਅਤੇ ਦਿਮਾਗਾਂ ਨੂੰ ਜੋੜਦਾ ਹੈ, ਇਸ ਯਾਤਰਾ ਵਿਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਹੀ ਸੰਗੀਤ ਚੋਣ ਨਾ ਸਿਰਫ਼ ਸਮਾਰੋਹ ਦੀ ਸ਼ਾਨ ਅਤੇ ਖੁਸ਼ੀ ਨੂੰ ਵਧਾਉਂਦੀ ਹੈ, ਸਗੋਂ ਇਹ ਉਨ੍ਹਾਂ ਰਿਸ਼ਤਿਆਂ ਦੀ ਪੁਸ਼ਟੀ ਵੀ ਕਰਦੀ ਹੈ, ਜੋ ਜੀਵਨ ਭਰ ਲਈ ਬਣੇ ਹੁੰਦੇ ਹਨ। ਇਸ ਲਈ, ਜਦੋਂ ਤੁਸੀਂ ਆਪਣੇ ਵਿਆਹ ਦੇ ਸੰਗੀਤ ਦੀ ਚੋਣ ਕਰਦੇ ਹੋ, ਤਾਂ ਵਿਚਾਰ ਕਰੋ ਕਿ ਗਾਣੇ ਸਿਰਫ਼ ਮਨੋਰੰਜਨ ਲਈ ਨਹੀਂ ਹਨ, ਸਗੋਂ ਡੂੰਘੇ ਅਰਥ ਅਤੇ ਸੰਦੇਸ਼ ਨੂੰ ਦਰਸਾਉਂਦੇ ਹਨ। ਗੀਤਾਂ ਦੀ ਚੋਣ ਵਿਚ ਸ਼ਿਸ਼ਟਾਚਾਰ, ਭਾਵਨਾਵਾਂ ਦਾ ਸਤਿਕਾਰ ਅਤੇ ਸੱਭਿਆਚਾਰਕ ਪ੍ਰੰਪਰਾਵਾਂ ਦੀ ਪਾਲਣਾ ਬਹੁਤ ਮਹੱਤਵਪੂਰਨ ਹਨ। ਅੰਤ ਵਿਚ, ਵਿਆਹ ਦੇ ਸੰਗੀਤ ਦਾ ਉਦੇਸ਼ ਸਿਰਫ਼ ਮਾਹੌਲ ਵਿਚ ਮਨੋਰੰਜਨ ਜੋੜਨਾ ਨਹੀਂ ਹੈ, ਸਗੋਂ ਇਹ ਸਾਨੂੰ ਸਾਡੀਆਂ ਭਾਵਨਾਵਾਂ ਅਤੇ ਰਿਸ਼ਤਿਆਂ ਨਾਲ ਵੀ ਜੋੜਦਾ ਹੈ। ਇਸ ਲਈ, ਅਸ਼ਲੀਲ ਅਤੇ ਕੰਨ ਪਾੜਨ ਵਾਲੇ ਗੀਤਾਂ ਤੋਂ ਬਚੋ ਅਤੇ ਅਜਿਹੇ ਗੀਤ ਚੁਣੋ, ਜੋ ਇਸ ਪਵਿੱਤਰ ਬੰਧਨ ਦੀ ਸ਼ਾਨ ਅਤੇ ਖੁਸ਼ੀ ਨੂੰ ਵਧਾਉਣ।

# ਅਖਬਾਰ ਅਤੇ ਮੈਗਜ਼ੀਨ ਵਿਚ ਫਰਕ







-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲUSA


'ਅਖ਼ਬਾਰ' ਅਤੇ 'ਮੈਗਜ਼ੀਨ' ਵਿਚਾਲੇ ਅੰਤਰ ਉਨ੍ਹਾਂ ਦੀ ਦਿੱਖ, ਆਕਾਰ, ਪੜ੍ਹਨਯੋਗਤਾ, ਸਮੱਗਰੀ ਅਤੇ ਦਰਸ਼ਕਾਂ ਤੇ ਆਧਾਰਿਤ ਹਨ। ਹਾਲਾਂਕਿ, ਮੁੱਖ ਅੰਤਰ ਇਹ ਹੈ ਕਿ ਰਸਾਲੇ ਮਹੀਨਾਵਾਰ ਆਧਾਰ 'ਤੇ ਉਪਲਬਧ ਹਨ ਅਤੇ ਅਖ਼ਬਾਰ ਰੋਜ਼ਾਨਾ ਆਧਾਰ 'ਤੇ ਉਪਲਬਧ ਹਨ।

ਜੂਲੀਅਸ ਸੀਜ਼ਰ ਦੇ ਸਮੇਂ ਦੇ ਤੌਰ 'ਤੇ ਅਖ਼ਬਾਰਾਂ ਦੀਆਂ ਰਚਨਾਵਾਂ ਝੂਠੀਆਂ ਹਨ ਉਸ ਵੇਲੇ, ਇਹ ਪੋਥੀਆਂ ਸਨ, ਜਿਨ੍ਹਾਂ ਨੂੰ ਜਨਤਾ ਦੇ ਸਾਹਮਣੇ ਮਹੱਤਵਪੂਰਣ ਘਟਨਾਵਾਂ ਬਾਰੇ ਸੂਚਿਤ ਕੀਤਾ ਜਾਂਦਾ ਸੀ। ਫਿਰ 59 ਬੀ.ਸੀ. ਵਿਚ, 'ਐਟਾ ਦਿਨਰਾ' ਨਾਂ ਦਾ ਪਹਿਲਾ ਅਖ਼ਬਾਰ ਬਣਾਇਆ ਗਿਆ ਸੀ। ਦੂਜੇ ਪਾਸੇ, 18ਵੀਂ ਸਦੀ ਵਿਚ ਰਸਾਲਿਆਂ 'ਚ ਮਸ਼ਹੂਰ ਹੋਇਆ. ਉਹ ਪਹਿਲਾਂ ਛੁੱਟੀ ਦੇ ਰੂਪ ਵਿਚ ਪ੍ਰਕਾਸ਼ਿਤ ਹੋਏ ਸਨ ਅਤੇ ਜਿਸ ਸਮੇਂ ਲੱਗੇ ਸਨ, ਉਹ ਜਾਣਕਾਰੀ ਅਤੇ ਮਨੋਰੰਜਨ ਦਾ ਮਹੱਤਵਪੂਰਨ ਸਰੋਤ ਬਣ ਗਏ ਸਨ।

ਹੁਣ ਉਨ੍ਹਾਂ ਦੀ ਸ਼ਕਲ ਤੋਂ ਇਹ ਕਾਫੀ ਸਪੱਸ਼ਟ ਹੈ ਕਿ ਅਖ਼ਬਾਰ ਆਕਾਰ ਵਿਚ ਮੈਗਜ਼ੀਨਾਂ ਨਾਲੋਂ ਵੱਡੇ ਹਨ। ਆਮ ਤੌਰ 'ਤੇ, ਮੈਗਜ਼ੀਨਾਂ ਵਿਚ "ਬੁੱਕ-ਟਾਈਪ" ਦਾ ਆਕਾਰ ਹੁੰਦਾ ਹੈ, ਜਦੋਂਕਿ ਅਖਬਾਰ ਅਸਲ ਵਿਚ ਪਾਠਕ ਦੁਆਰਾ ਹਥਿਆਰਾਂ ਦੀ ਲੰਬਾਈ ਫੈਲਾਉਣ ਲਈ ਹੁੰਦੇ ਹਨ, ਤਾਂ ਜੋ ਇਸਦੀ ਪੂਰੀ ਸਮੱਗਰੀ ਸਮਝ ਸਕੇ।

**ਉਨ੍ਹਾਂ ਦੀ ਦਿੱਖ ਦੇ ਆਧਾਰ 'ਤੇ ਹੋਰ ਅੰਤਰ:** ਮੈਗਜ਼ੀਨ ਅਤੇ ਅਖਬਾਰ ਦੇ ਉਨ੍ਹਾਂ ਦੇ ਰੰਗ, ਟੈਕਸਟ ਅਤੇ ਅਪੀਲ 'ਤੇ ਹੋਣਗੇ। ਇੱਥੇ ਅਖ਼ਬਾਰਾਂ ਨਾਲੋਂ ਮੈਗਜ਼ੀਨਾਂ ਜ਼ਿਆਦਾ ਰੰਗੀਨ ਹੁੰਦੀਆਂ ਹਨ, ਕਿਉਂਕਿ ਰੰਗਾਂ ਵਿਚ ਮੈਗਜ਼ੀਨ ਨੂੰ ਇਕ ਵਿਸ਼ੇਸ਼ ਜ਼ਿੰਦਗੀ ਮਿਲਦੀ ਹੈ, ਜਦੋਂਕਿ ਇਕ ਅਖ਼ਬਾਰ ਵਿਚ ਤਸਵੀਰਾਂ ਦੀ ਅਣਹੋਂਦ ਹੈ।

ਇਕ ਹੋਰ ਫਰਕ ਇਹ ਹੈ ਕਿ ਸਮੱਗਰੀ, ਮੈਗਜ਼ੀਨਾਂ ਅਤੇ ਅਖ਼ਬਾਰ ਦੋਨਾਂ ਵਿਚ ਵੰਡਿਆ ਗਿਆ ਹੈ। ਇਹ ਬਹੁਤ ਸਪੱਸ਼ਟ ਹੈ ਕਿ ਅਖਬਾਰਾਂ ਦੀ ਸਮੱਗਰੀ ਮੈਗਜ਼ੀਨਾਂ ਤੋਂ ਬਹੁਤ ਜ਼ਿਆਦਾ ਗੰਭੀਰ ਅਤੇ ਸਿੱਧਾ ਹੈ। ਇਸ ਦੇ ਨਾਲ-ਨਾਲ ਅਖ਼ਬਾਰਾਂ ਵਿਚ ਵਿਭਿੰਨ ਤਰ੍ਹਾਂ ਦੇ ਵਿਸ਼ਿਆਂ ਜਿਵੇਂ ਕਿ ਵਪਾਰ, ਅਪਰਾਧ, ਮਨੋਰੰਜਨ, ਰਾਜਨੀਤੀ ਅਤੇ ਖੇਡਾਂ ਹਨ, ਜਦੋਂਕਿ ਇਕ ਵਿਸ਼ੇਸ਼ ਵਿਸ਼ੇ ਬਾਰੇ ਮੈਗਜ਼ੀਨਾਂ ਵਧੇਰੇ ਹਨ। ਵਿਭਾਜਨ ਦੇ ਮਾਮਲੇ ਵਿਚ, ਆਕਾਰ ਦੇ ਫਰਕ ਨਾਲ, ਅਖ਼ਬਾਰਾਂ ਦੇ ਸਾਹਮਣੇ ਆਉਣ ਵਾਲੇ ਪੰਨਿਆਂ 'ਤੇ ਆਪਣੀ ਜਾਣਕਾਰੀ ਪੇਸ਼ ਕਰਨ ਲਈ ਇਹ ਬਹੁਤ ਸੌਖਾ ਹੈ, ਜਦੋਂਕਿ ਪਾਠਕ ਨੂੰ ਸ਼ੁਰੂ ਤੋਂ ਅੰਤ ਤੱਕ ਫਲਿਪ ਕਰਨੀ ਪਵੇ ਅਤੇ ਮੈਗਜ਼ੀਨਾਂ ਵਿਚ ਇੱਕ ਵਿਸ਼ੇਸ਼ ਕਥਨ ਲਈ ਫੋਕਸ ਕਰਨਾ ਚਾਹੀਦਾ ਹੈ।

ਕਾਰੋਬਾਰ ਦੇ ਸੰਬੰਧ ਵਿਚ, ਦੋਵੇਂ ਇਸ਼ਤਿਹਾਰਾਂ ਦੇ ਆਧਾਰ 'ਤੇ ਆਪਣੇ ਮੁਨਾਫੇ ਕਮਾਉਂਦੇ ਹਨ; ਰਸਾਲਿਆਂ ਦੇ ਅਖ਼ਬਾਰਾਂ ਤੋਂ ਕੁਝ ਸਖ਼ਤ ਫਾਇਦਾ ਹੁੰਦਾ ਹੈ। ਹਾਲਾਂਕਿ, ਮੈਗਜ਼ੀਨਾਂ ਆਪਣੇ ਗਲੋਸੀ ਪੰਨਿਆਂ ਨਾਲ ਆਪਣੇ ਪਾਠਕਾਂ ਵਿਚ ਇੱਕ "ਰੀਕਾਲ ਵੈਲਯੂ" ਨੂੰ ਆਕਰਸ਼ਿਤ ਕਰਦੀਆਂ ਹਨ, ਅਖ਼ਬਾਰਾਂ ਦੀ ਉਪਲਬਧਤਾ ਦੇ ਕਾਰਨ ਅਖ਼ੀਰ ਇਸ ਤੋਂ ਇਲਾਵਾ, ਇਹ ਤੱਥ ਵੀ ਦਿੱਤਾ ਗਿਆ ਹੈ ਕਿ ਅਖ਼ਬਾਰ ਰੋਜ਼ਾਨਾ ਆਧਾਰ 'ਤੇ ਜਾਰੀ ਹੁੰਦੇ ਹਨ, ਇਸ ਲਈ ਉਹ ਹਫਤਾਵਾਰੀ ਮੈਗਜ਼ੀਨਾਂ ਤੋਂ ਵੱਧ ਵਿਕਦੇ ਹਨ।

ਇਸ ਤੋਂ ਇਲਾਵਾ, ਅਖ਼ਬਾਰਾਂ ਦੇ ਮੁਕਾਬਲੇ ਮੈਗਜ਼ੀਨ ਦਾ ਉਤਪਾਦਨ ਜ਼ਿਆਦਾ ਮਹਿੰਗਾ ਹੁੰਦਾ ਹੈ। ਇਹ ਇਸ ਲਈ ਹੈ ਕਿਉਂਕਿ ਇਕ ਮੈਗਜ਼ੀਨ ਨੂੰ ਛਾਪਣ ਦੀ ਬਹੁਤ ਸਾਵਧਾਨੀ ਵਾਲੀ ਪ੍ਰਕਿਰਿਆ ਹੈ, ਜੋ ਪੇਜਾਂ ਦੇ ਸਹੀ ਰੰਗ ਅਤੇ ਬਣਤਰ 'ਤੇ ਅਸਰ ਪਾਉਂਦੀ ਹੈ, ਜਦੋਂਕਿ ਅਖ਼ਬਾਰਾਂ ਨੂੰ ਸਿਰਫ਼ ਪ੍ਰਿੰਟਿੰਗ ਪ੍ਰੈੱਸ ਦੀ ਜ਼ਰੂਰਤ ਹੈ ਅਤੇ ਕਾਲੀ ਅਤੇ ਨੀਲੀ ਸਿਆਹੀ ਦੀ। ਦੂਜੇ ਪਾਸੇ, ਇਹ ਮੈਗਜ਼ੀਨ ਅਤੇ ਅਖ਼ਬਾਰ ਦੀ ਕੀਮਤ 'ਤੇ ਪ੍ਰਭਾਵ ਪਾਉਂਦਾ ਹੈ।

ਅਖ਼ਬਾਰ ਅਤੇ ਮੈਗਜ਼ੀਨ ਵਿਚ ਲਿਖਤ ਦੀ ਸਾਹਿਤਕ ਆਜ਼ਾਦੀ ਇਕ ਮਹੱਤਵਪੂਰਨ ਅੰਤਰ ਹੈ। ਆਮ ਤੌਰ 'ਤੇ, ਮੈਗਜ਼ੀਨ ਦੇ ਲੇਖਕਾਂ ਕੋਲ ਰਚਨਾਤਮਕ ਢੰਗ ਨਾਲ ਚੀਜ਼ਾਂ ਨੂੰ ਪ੍ਰਗਟ ਕਰਨ ਦੀ ਸੁਚੱਜਤਾ ਅਤੇ ਆਜ਼ਾਦੀ ਹੁੰਦੀ ਹੈ ਕਿਉਂਕਿ ਉਨ੍ਹਾਂ ਦੀ ਨੌਕਰੀ ਰਚਨਾਤਮਕ ਅਤੇ ਮਜ਼ੇਦਾਰ ਹੋਣਾ ਹੈ, ਜਦੋਂ ਕਿ ਅਖ਼ਬਾਰਾਂ ਦੇ ਲੇਖਕ ਕੁਝ ਹੱਦ ਤੱਕ ਸਖ਼ਤ, ਮਜ਼ਬੂਤ, ਰਸਮੀ ਅਤੇ ਸਿੱਧੇ ਦ੍ਰਿਸ਼ਟੀਕੋਣ ਨਾਲ ਜੁੜੇ ਹੁੰਦੇ ਹਨ, ਕਿਉਂਕਿ ਉਨ੍ਹਾਂ ਦੀਆਂ ਲਿਖਤਾਂ ਜ਼ਿਆਦਾਤਰ ਤੱਥਾਂ ਅਤੇ ਅੰਕੜਿਆਂ ਦੇ ਆਧਾਰ 'ਤੇ ਹਨ।

ਜਿਵੇਂ ਕਿ ਅਖ਼ਬਾਰਾਂ ਵਿਚ ਖ਼ਬਰਾਂ ਅਤੇ ਜਾਣਕਾਰੀ ਦਾ ਇਕ ਵਿਸ਼ਾਲ ਸਪੈਕਟ੍ਰਮ ਉਪਲਬਧ ਹੁੰਦਾ ਹੈ, ਉਹ ਇਕ ਰਸਮੀ ਮੈਗਜ਼ੀਨ ਨਾਲੋਂ ਨੌਜਵਾਨਾਂ, ਬਾਲਗ਼ਾਂ, ਪੁਰਸ਼ਾਂ ਅਤੇ ਔਰਤਾਂ, ਜਿਨ੍ਹਾਂ ਦੀ ਆਪਣੀ ਸਮੱਗਰੀ ਵਿਚ ਦਿਲਚਸਪੀ ਹੁੰਦੀ ਹੈ, ਦੇ ਮੁਕਾਬਲੇ ਬਹੁਤ ਜ਼ਿਆਦਾ ਵਿਸਤ੍ਰਿਤ ਟੀਚਾ ਦਰਸ਼ਕ ਹੁੰਦੇ ਹਨ। ਹਾਲਾਂਕਿ, ਮੈਗਜ਼ੀਨਾਂ ਖਾਸ ਹਿੱਤਾਂ ਅਤੇ ਜਾਣਕਾਰੀ 'ਤੇ ਧਿਆਨ ਕੇਂਦ੍ਰਿਤ ਕਰਦੀਆਂ ਹਨ, ਮਤਲਬ ਕਿ ਇਹ ਸਿਰਫ਼ ਕਿਸੇ ਖਾਸ ਲਿੰਗ ਜਾਂ ਉਮਰ ਨੂੰ ਨਿਸ਼ਾਨਾ ਬਣਾਉਂਦਾ ਹੈ, ਜਿਸ ਨਾਲ ਉਨ੍ਹਾਂ ਲੋਕਾਂ ਦੀ ਗਿਣਤੀ ਘੱਟ ਜਾਂਦੀ ਹੈ, ਜੋ ਇਸ ਨੂੰ ਖਰੀਦਣ ਵਿਚ ਦਿਲਚਸਪੀ ਰੱਖਦੇ ਹਨ।

# ਸੋਸ਼ਲ ਮੀਡੀਆ ’ਤੇ ਗਿਬਲੀ ਤਸਵੀਰਾਂ ਦਾ ਵੱਧਦਾ ਰੁਝਾਨ



ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਸੋਸ਼ਲ ਮੀਡੀਆ ’ਤੇ ਗਿਬਲੀ ਤਸਵੀਰਾਂ ਦਾ ਹੜ੍ਹ ਆਇਆ ਹੋਇਆ ਹੈ। ਅਸੀਂ ਭਾਰਤੀ ਭੇਡ-ਚਾਲ ਦੇ ਸ਼ੌਕੀਨ ਹਾਂ। ਏ.ਆਈ. ਦੀ ਵਰਤੋਂ ਨਾਲ ਆਪਣੀਆਂ ਤਸਵੀਰਾਂ ਜਪਾਨੀ ਕਲਾ ਦੀ ਸ਼ੈਲੀ ਵਿਚ ਢਾਲ ਕੇ ਲੋਕ ਸੋਸ਼ਲ ਮੀਡੀਆ ’ਤੇ ਸਾਂਝੀਆਂ ਕਰ ਰਹੇ ਹਨ। ਇਹ ਵੇਖਣ ਨੂੰ ਭਾਵੇਂ ਦਿਲਚਸਪ ਤੇ ਆਕਰਸ਼ਕ ਲੱਗਦੀਆਂ ਹਨ। ਲੋਕ ਇਨ੍ਹਾਂ ਤਸਵੀਰਾਂ ਬਾਰੇ ਇੱਕ ਦੂਸਰੇ ਨੂੰ ਹਾਸਾ ਠੱਠਾ ਵੀ ਕਰ ਰਹੇ ਹਨ। ਪਰ ਸੋਸ਼ਲ ਮੀਡੀਆ ’ਤੇ ਕਿਸੇ ਵੀ ਨਵੇਂ ਰੁਝਾਨ ਦੀ ਵਰਤੋਂ ਕਦੇ ਕਾਹਲ ਵਿਚ ਅਤੇ ਬਿਨਾਂ ਸੋਚੇ ਸਮਝੇ ਨਹੀਂ ਕਰਨੀ ਚਾਹੀਦੀ। ਪਹਿਲਾਂ ਉਹਦੇ ਬਾਰੇ ਪੂਰੀ ਜਾਣਕਾਰੀ ਲੈ ਲੈਣੀ ਚਾਹੀਦੀ ਹੈ। ਕਿਉਂਕਿ ਅਜਿਹੇ ਰੁਝਾਨ ਦੀ, ਅਪਰਾਧੀ ਬਿਰਤੀ ਵਾਲੇ ਸ਼ਾਤਰ-ਦਿਮਾਗ਼ ਲੋਕ ਬੜੀ ਅਸਾਨੀ ਨਾਲ ਦੁਰਵਰਤੋਂ ਕਰ ਸਕਦੇ ਹਨ।

ਗਿਬਲੀ ਤਸਵੀਰਾਂ ਹਰੇਕ ਵਰਗ ਦੇ ਲੋਕ ਬੜੇ ਚਾਅ ਤੇ ਸ਼ੌਕ ਨਾਲ ਸੋਸ਼ਲ ਮੀਡੀਆ ’ਤੇ ਪਾ ਰਹੇ ਹਨ। ਇਹ ਨਰਮ ਰੰਗਾਂ ਵਾਲੀਆਂ ਜਾਦੂਮਈ ਤਸਵੀਰਾਂ ਸੁਪਨੇ ਵਰਗੀਆਂ ਲੱਗਦੀਆਂ ਹਨ। ਇਸਦੇ ਇਕਦਮ ਚਰਚਿਤ ਹੋਣ ਦਾ ਇੱਕ ਕਾਰਨ ਇਹ ਵੀ ਹੈ ਕਿ ਤੁਸੀਂ ਆਪਣੀ ਸੈਲਫ਼ੀ, ਪਰਿਵਾਰਕ ਤਸਵੀਰ ਜਾਂ ਕਿਸੇ ਵੀ ਫੋਟੋ ਨੂੰ ਇੱਕ ਬਟਨ ਦਬਾ ਕੇ ਗਿਬਲੀ ਪੋਰਟਰੇਟ ਵਿਚ ਤਬਦੀਲ ਕਰ ਸਕਦੇ ਹੋ। ਇਹ ਪੋਰਟਰੇਟ ਕਲਾਕਿਰਤ ਵੀ ਲੱਗਦੀ ਹੈ, ਕਾਰਟੂਨ ਵੀ ਅਤੇ ਤਸਵੀਰ ਵੀ। ਇਹੀ ਇਸਦੀ ਵੱਖਰਤਾ ਤੇ ਵਿਸ਼ੇਸ਼ਤਾ ਹੈ। ਵੇਖਣ ਨੂੰ ਕਲਾਸਿਕ ਨਜ਼ਰ ਆਉਂਦੀ ਹੈ।

ਪਰੰਤੂ ਦੂਸਰੇ ਪਾਸੇ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਮਾਹਿਰ ਇਸਦੀ ਵਰਤੋਂ ਪ੍ਰਤੀ ਸੁਚੇਤ ਵੀ ਕਰ ਰਹੇ ਹਨ। ਜਦੋਂ ਤੁਸੀਂ ਇਸ ਤਕਨੀਕ ਦੀ ਵਰਤੋਂ ਕਰਦੇ ਹੋ, ਤਾਂ ਤੁਹਾਡਾ ਨਿੱਜੀ ਡਾਟਾ ਚੋਰੀ ਹੋ ਸਕਦਾ ਹੈ। ਤੇਜ਼ੀ ਨਾਲ ਤਸਵੀਰ ਨੂੰ ਪੋਰਟਰੇਟ ਵਿਚ ਤਬਦੀਲ ਕਰਨ ਦੇ ਲਾਲਚ ਵਿਚ ਆਪਣੀ ਨਿੱਜਤਾ ਨੂੰ ਕਦੇ ਵੀ ਦਾਅ ’ਤੇ ਨਾ ਲਗਾਓ। ਕਿਉਂਕਿ ਤੁਹਾਡੀਆਂ ਇਨ੍ਹਾਂ ਤਸਵੀਰਾਂ ਅਤੇ ਡਾਟਾ ਨੂੰ ਤੁਹਾਨੂੰ ਬਦਨਾਮ ਕਰਨ, ਪ੍ਰੇਸ਼ਾਨ ਕਰਨ ਲਈ ਕਿਸੇ ਵੀ ਸਮੇਂ ਪ੍ਰਯੋਗ ਕੀਤਾ ਜਾ ਸਕਦਾ ਹੈ। ਤੁਹਾਡੀ ਸਹਿਮਤੀ ਤੋਂ ਬਿਨ੍ਹਾਂ ਇਨ੍ਹਾਂ ਨੂੰ ਕਿਤੇ ਵੀ ਵਰਤਿਆ ਜਾ ਸਕਦਾ ਹੈ। ਅਪਰਾਧੀ ਕਿਸਮ ਦੇ ਲੋਕਾਂ ਦੁਆਰਾ ਡਾਟਾ ਦੀ ਦੁਰਵਰਤੋਂ ਦੀਆਂ ਖ਼ਬਰਾਂ ਰੋਜ਼ਾਨਾ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ। ਗਿਬਲੀ ਤਸਵੀਰਾਂ ਪ੍ਰਤੀ ਯਕਦਮ ਲੋਕਾਂ ਦੇ ਆਕਰਸ਼ਨ ਤੇ ਦਿਲਚਸਪੀ ਤੋਂ ਪਤਾ ਚੱਲਦਾ ਹੈ ਕਿ ਵੱਖ-ਵੱਖ ਕਲਾਵਾਂ ਪ੍ਰਤੀ ਲੋਕਾਂ ਦਾ ਉਤਸ਼ਾਹ ਹਮਸ਼ਾ ਤੋਂ ਬਣਿਆ ਰਿਹਾ ਹੈ, ਜਿਹੜਾ ਅੱਜ ਵੀ ਬਰਕਰਾਰ ਹੈ। ਗਿਬਲੀ ਸ਼ੈਲੀ ਕਲਾ ਵਿਚ ਕਲਾਤਮਕਤਾ ਹੈ, ਕੋਮਲਤਾ ਹੈ, ਆਪਣਾਪਨ ਹੈ, ਸੁਹਜ ਹੈ, ਭਾਵਨਾਤਮਕਤਾ ਹੈ, ਇਸ ਲਈ ਇਹ ਸਭ ਨੂੰ ਭਾਉਂਦੀ ਹੈ, ਸਭ ਲਈ ਮਜ਼ੇਦਾਰ ਹੈ, ਸਭ ਦੇ ਸੁਹਜ-ਸੁਆਦ ਦੀ ਤ੍ਰਿਪਤੀ ਕਰਦੀ ਹੈ। ਇਹ ਵੀ ਯਕੀਨੀ ਹੈ ਕਿ ਗਿਬਲੀ ਤਸਵੀਰਾਂ ਖੁਸ਼ੀ ਫੈਲਾਉਂਦੀਆਂ ਹਨ, ਸਿਰਜਣਾਤਮਿਕਤਾ ਨੂੰ ਪ੍ਰੇਰਿਤ ਕਰਦੀਆਂ ਹਨ, ਮਨ ਨੂੰ ਆਨੰਦਿਤ ਕਰਦੀਆਂ ਹਨ।

ਸਾਫ਼ਟਵੇਅਰ ਇੰਜੀਨੀਅਰ ਗ੍ਰਾਂਟ ਸਲੈਟਨ ਨੇ ਗਿਬਲੀ ਸ਼ੈਲੀ ਦੀ ਏ.ਆਈ. ਕਲਾ ਪ੍ਰਵਿਰਤੀ ਨੂੰ ਚਰਚਿਤ ਤੇ ਹਰਮਨਪਿਆਰੀ ਬਨਾਉਣ ਲਈ ਪਹਿਲ ਕੀਤੀ। ਉਸਨੇ ਪਹਿਲਾਂ ਓਪਨ ਏ.ਆਈ. ਦੁਆਰਾ ਆਪਣੇ ਅਤਿ ਆਧੁਨਿਕ ਤਸਵੀਰ-ਨਿਰਮਾਣ ਉਪਕਰਨ ਪੇਸ਼ ਕੀਤੇ ਅਤੇ ਉਸਦੇ ਤੁਰੰਤ ਬਾਅਦ ਸਮੁੰਦਰ ਕਿਨਾਰੇ ਆਪਣੇ ਪਰਿਵਾਰ ਅਤੇ ਕੁੱਤੇ ਦੀ ਏ.ਆਈ. ਰੂਪਾਂਤਰਿਤ ਤਸਵੀਰ ਐਕਸ ਸੋਸ਼ਲ ’ਤੇ ਪੋਸਟ ਕੀਤੀ। ਵੇਖਦੇ ਹੀ ਵੇਖਦੇ ਗਿਬਲੀਫਾਈਡ ਤਸਵੀਰਾਂ ਸੋਸ਼ਲ ਮੀਡੀਆ ਦੀ ਨਵੀਨਤਮਕ ਸਨਸਨੀ ਵਿਚ ਬਦਲ ਗਈਆਂ ਅਤੇ ਇਕ ਗਰਮਾ ਗਰਮ ਬਹਿਸ ਨੂੰ ਜਨਮ ਦੇ ਦਿੱਤਾ। ਮੀਡੀਆ ਦੇ ਵੱਖ-ਵੱਖ ਮੰਚਾਂ ’ਤੇ ਇਹਦੇ ਬਾਰੇ ਲਗਾਤਾਰ ਚਰਚਾ ਹੋ ਰਹੀ ਹੈ।

ਇਸੇ ਚਰਚਾ ਦਾ ਹਿੱਸਾ ਇੱਕ ਉਹ ਵੀਡੀਓ ਹੈ, ਜਿਹੜੀ ਇਕ ਟੈਲੀਵਿਜ਼ਨ ਚੈਨਲ ਵੱਲੋਂ ਸੋਸ਼ਲ ਮੀਡੀਆ ’ਤੇ ਪਾਈ ਹੋਈ ਹੈ। ਗਿਬਲੀ ਤਸਵੀਰਾਂ ਦੇ ਪ੍ਰਸੰਗ ਵਿਚ ਟੀ.ਵੀ. ਐਂਕਰ ਕਹਿ ਰਿਹਾ ਹੈ ਕਿ ਜਦੋਂ ਤੁਸੀਂ ਕੋਈ ਆਪਣੀ ਜਾਂ ਆਪਣੇ ਪਰਿਵਾਰ ਦੀ ਤਸਵੀਰ ਨੂੰ ਗਿਬਲੀ ਕਲਾ (ਕਾਰਟੂਨ) ਵਿਚ ਪਰਿਵਰਤਤ ਕਰਨ ਲਈ ਕਹਿੰਦੇ ਹੋ, ਤਾਂ ਆਪਣੀ, ਆਪਣੇ ਪਰਿਵਾਰ ਦੀ ਨਿੱਜਤਾ ਤੇ ਸੁਰੱਖਿਆ ਨੰ ਦਾਅ ’ਤੇ ਲਾ ਦਿੰਦੇ ਹੋ। ਉਨ੍ਹਾਂ ਤਸਵੀਰਾਂ ਨੂੰ ਉਹ ਬਾਅਦ ਵਿਚ ਕਿਸੇ ਵੀ ਰੂਪ ਵਿਚ ਵਰਤ ਸਕਦੇ ਹਨ, ਉਨ੍ਹਾਂ ਨਾਲ ਛੇੜ-ਛਾੜ ਕਰ ਸਕਦੇ ਹਨ।

ਗਿਬਲੀ ਸਟੂਡੀਓ ਆਪਣੀ ਫ਼ਿਲਮ ਨਿਰਮਾਣ ਦੀ ਉੱਚ ਗੁਣਵਤਾ ਅਤੇ ਕਲਾਤਮਕਤਾ ਲਈ ਜਾਣਿਆ ਜਾਂਦਾ ਹੈ। ਇਸਦੀ ਹਰੇਕ ਫੀਚਰ ਫ਼ਿਲਮ ਨੇ ਆਲੋਚਨਾ ਅਤੇ ਪ੍ਰਸ਼ੰਸਾ ਹਾਸਲ ਕੀਤੀ ਅਤੇ ਹੋਰਨਾਂ ਐਨੀਮੇਸ਼ਨ ਸਟੂਡੀਓ ਦਾ ਧਿਆਨ ਖਿੱਚਿਆ। ਇਸ ਸਟੂਡੀਓ ਦਾ ਨਾਂ ਰੱਖਣ ਵੇਲੇ ਲੀਬੀਆਈ-ਅਰਬੀ ਸ਼ਬਦ ‘ਗਿਬਲੀ’ ਤੋਂ ਪ੍ਰੇਰਨਾ ਲਈ ਗਈ, ਜਿਸਦਾ ਸ਼ਬਦੀ ਅਰਥ ਹੈ ‘ਗਰਮ ਰੇਗਿਸਤਾਨੀ ਹਵਾ’। ਇਹ ਨਾਂ ਇਸ ਉਮੀਦ ਨਾਲ ਰੱਖਿਆ ਗਿਆ ਸੀ ਕਿ ‘ਗਿਬਲੀ ਸਟੂਡੀਓ’ ਨਾਲ ਐਨੀਮੇਸ਼ਨ ਉਦਯੋਗ ਵਿਚ ਇਕ ਨਵੀਂ ਹਵਾ ਵਗੇਗੀ।

ਹੁਣ ਇੰਟਰਨੈੱਟ ਅਤੇ ਏ.ਆਈ. ਦੇ ਸੁਮੇਲ ਸਦਕਾ ਗਿਬਲੀ ਕਲਾ ਪੂਰੀ ਦੁਨੀਆਂ ਵਿਚ ਛਾ ਗਈ ਹੈ।

# ਡਾ. ਬੀ.ਆਰ. ਅੰਬੇਦਕਰ



ਜਨਮ ਦਿਨ ’ਤੇ ਵਿਸ਼ੇਸ

ਬਲਵਿੰਦਰ ਬਾਲਮ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ: 98156-25409
ਪੰਜਾਬ ਮੇਲ USA



ਡਾ. ਭੀਮ ਰਾਓ ਅੰਬੇਦਕਰ ਨੂੰ ਮਾਨਵਤਾ ਦਾ ਮਸੀਹਾ ਕਿਹਾ ਜਾਣਾ ਉਚਿਤ ਹੈ। ਉਨ੍ਹਾਂ ਦਾ ਸੰਪੂਰਨ ਜੀਵਨ ਸੰਘਰਸ਼ ਦੀ ਇਕ ਲੰਬੀ ਕਹਾਣੀ ਹੈ। ਸੰਘਰਸ਼ ਆਪਣੇ ਲਈ ਨਹੀਂ ਬਲਕਿ ਸਮਾਜ ਦੇ ਹੇਠਲੇ ਵਰਗ ਦੇ ਲੋਕਾਂ ਦੇ ਲਈ ਜੋ ਕਈ ਸਾਲਾਂ ਤੱਕ ਸਮਾਜ ਦੀਆਂ ਖੋਖਲੀਆਂ ਮਾਨਵਤਾਂ, ਰੂੜੀਆਂ ਅਤੇ ਧਰਮ ਦੇ ਕਾਰਣ ਆਪਣੇ ਅਧਿਕਾਰਾਂ ਤੋਂ ਵਾਂਝੇ ਰਹੇ। ਜਾਤ-ਪਾਤ, ਊਚ-ਨੀਚ ਅਤੇ ਵਰਣ ਭੇਦ ਦੇ ਕਾਰਣ ਲੱਖਾਂ ਲੋਕ ਜੋ ਨਾ ਕੇਵਲ ਪ੍ਰਗਤੀ ਦੇ ਰਸਤੇ ’ਤੇ ਇਕ ਕਦਮ ਵੀ ਨਾ ਚੱਲ ਸਕੇ, ਸਗੋਂ ਜਿਨ੍ਹਾਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਸੀ। ਵਰਣ ਭੇਦ, ਊਚ-ਨੀਚ ਦੀਆਂ ਦੀਵਾਰਾਂ ਇੰਨੀਆਂ ਉੱਚੀਆਂ ਅਤੇ ਮਜ਼ਬੂਤ ਸਨ ਕਿ ਇਨ੍ਹਾਂ ਨੂੰ ਢਾਹੁਣਾ ਅਸੰਭਵ ਸੀ। ਡਾ. ਅੰਬੇਦਕਰ ਨੇ ਇਸ ਦੀਵਾਰ ’ਤੇ ਜ਼ੋਰਦਾਰ ਹਮਲੇ ਕੀਤੇ। ਉਹ ਲੱਖਾਂ ਬੇਸਹਾਰਾ, ਗ਼ਰੀਬ, ਹੇਠਲੀ ਸ਼੍ਰੇਣੀ ਦੇ ਲੋਕਾਂ ਦੀ ਆਵਾਜ਼ ਸਨ। ਉਨ੍ਹਾਂ ਨੇ ਉਨ੍ਹਾਂ ਲੋਕਾਂ ਦੀ ਅਗਵਾਈ ਕੀਤੀ ਅਤੇ ਇਨ੍ਹਾਂ ਵਿਚ ਇਕ ਨਵੀਂ ਚੇਤਨਾਪੂਰਵਕ ਕ੍ਰਾਂਤੀ ਦੀ ਰੌਸ਼ਨੀ ਪੈਦਾ ਕੀਤੀ ਅਤੇ ਸਮਾਜ ਦੀਆਂ ਮਜਬੂਰੀਆਂ ਦਾ ਜ਼ਹਿਰ ਪੀ ਕੇ ਜੀਵਿਤ ਸੁਕਰਾਤ ਬਣ ਗਏ।

ਡਾ. ਭੀਮ ਰਾਓ ਅੰਬੇਦਕਰ ਦਾ ਜਨਮ 14 ਅਪ੍ਰੈਲ? 1891 ਨੂੰ ਸ਼੍ਰੀਮਤੀ ਭੀਮਾ ਬਾਈ ਦੀ ਕੁੱਖੋਂ ਹੋਇਆ। ਉਨ੍ਹਾਂ ਦੇ ਪਿਤਾ ਜੀ ਸੂਬੇਦਾਰ ਸ਼੍ਰੀ ਰਾਓ ਦਾਸ ਜੀ ਮਹਾਰਾਸ਼ਟਰ ਦੇ ਰਤਨਾਗਿਰੀ ਜ਼ਿਲ੍ਹੇ ਵਿਚ ਅੰਬਾਵੜੇ ਪਿੰਡ ਦੇ ਰਹਿਣ ਵਾਲੇ ਸਨ। ਉਨ੍ਹਾਂ ਦੇ ਪਿਤਾ ਜੀ ਮਰਾਠੀ, ਹਿਸਾਬ ਅਤੇ ਅੰਗਰੇਜ਼ੀ ਦੇ ਚੰਗੇ ਗਿਆਤਾ ਸਨ। ਘਰ ਦਾ ਵਾਤਾਵਰਣ ਧਾਰਮਿਕ ਸੀ ਅਤੇ ਪਰਿਵਾਰ ਵਿਚ ਕਰੀਬ ਪੰਥੀ ਵਿਚਾਰਾਂ ਦਾ ਪੂਰਾ ਪ੍ਰਭਾਵ ਸੀ।

ਬਾਲਕ ਭੀਮ ਨੂੰ ਵਿਦਿਆਰਥੀ ਜੀਵਨ ਵਿਚ ਹੀ ਛੂਤ-ਛਾਤ ਦੇ ਕੌੜੇ ਤਜਰਬਿਆਂ ’ਚੋਂ ਲੰਘਣਾ ਪਿਆ। ਇਕ ਵਾਰੀ ਦੀ ਗੱਲ ਹੈ ਕਿ ਬਾਲਕ ਭੀਮ ਭਿਅੰਕਰ ਬਾਰਿਸ਼ ਤੋਂ ਬਚਣ ਲਈ ਇਕ ਮਕਾਨ ਦੇ ਬਰਾਮਦੇ ਵਿਚ ਖੜ੍ਹਾ ਸੀ। ਸਵਰਨ ਜਾਤੀ ਮਕਾਨ ਮਾਲਕ ਨੂੰ ਜਦ ਬਾਲਕ ਦੀ ਜਾਤੀ ਦਾ ਪਤਾ ਲਗਾ ਕੇ ਉਸ ਨੇ ਬਾਲਕ ਨੂੰ ਬਸਤੇ ਸਮੇਤ ਬਰਸਾਤ ਦੀ ਚਿੱਕੜ ਵਿਚ ਧਕੇਲ ਦਿੱਤਾ।

ਬਾਲਕ ਭੀਮ ਨੂੰ ਇਸ ਤਰ੍ਹਾਂ ਦੇ ਅਨੇਕਾਂ ਹੀ ਅਪਮਾਨ ਸਹਿਣੇ ਪਏ। ਨਾਈ ਉਸਦੇ ਵਾਲ ਨਹੀਂ ਕੱਟਦਾ ਅਤੇ ਅਧਿਆਪਕ ਉਸ ਨੂੰ ਸੰਸਕ੍ਰਿਤ ਪੜ੍ਹਾਉਣ ਲਈ ਤਿਆਰ ਨਹੀਂ ਸੀ, ਪਰ ਇਸ ਨਾਲ ਉਸ ਦਾ ਸਾਹਸ, (ਹੌਂਸਲਾ) ਬਲ ਹੋਰ ਮਜ਼ਬੂਤ ਹੋਇਆ। ਮੁਸ਼ਕਲਾਂ, ਮੁਸੀਬਤਾਂ ਅਤੇ ਸਮਾਜ ਦੇ ਬੁਰੇ ਵਿਵਹਾਰ ਨੇ ਉਨ੍ਹਾਂ ਨੂੰ ਸੋਨੇ ਦੀ ਤਰ੍ਹਾਂ ਬਣਾ ਦਿੱਤਾ ਸੀ, ਜੋ ਅੱਗ ਵਿਚ ਤਪ ਕੇ ਕੁੰਦਨ ਬਣ ਜਾਂਦਾ ਹੈ। ਉਨ੍ਹਾਂ ਦੇ ਅੰਦਰ ਆਤਮ ਵਿਸ਼ਵਾਸ, ਆਤਮ ਬਲ, ਦ੍ਰਿੜ੍ਹਤਾ ਉਤਪੰਨ ਹੋਈ ਅਤੇ ਬਚਨ ਵਿਚ ਹੀ ਫੌਲਾਦੀ ਇਰਾਦਾ ਬਣਾ ਲਿਆ ਕਿ ਛੂਤ-ਛਾਤ ਦੇ ਕਲੰਕ ਦੇ ਵਿਰੁੱਧ ਸੰਘਰਸ਼ ਕਰਨਗੇ। ਸਾਧਨਾਂ ਦੀ ਕਮੀ ਅਤੇ ਮੁਸ਼ਕਿਲਾਂ ਕਦੀ ਵੀ ਉਨ੍ਹਾਂ ਦੇ ਇਰਾਦੇ ਨਾ ਬਦਲ ਸਕੀਆਂ। ਜਦੋਂ ਉਨ੍ਹਾਂ ਦੇ ਪਿਤਾ ਜੀ ਸੇਵਾਮੁਕਤ ਹੋਏ ਤਾਂ ਸਾਰਾ ਪਰਿਵਾਰ ਇਕ ਹੀ ਕੋਠੜੀ ਵਿਚ ਰਹਿੰਦਾ ਸੀ ਅਤੇ ਉਥੇ ਰਾਤ ਨੂੰ ਜਦੋਂ ਸਾਰੇ ਪਰਿਵਾਰ ਦੇ ਮੈਂਬਰ ਸੌਂ ਜਾਂਦੇ ਤਾਂ ਉਹ ਛੋਟਾ ਜਿਹਾ ਬੱਚਾ (ਭੀਮ) ਉਠ ਕੇ ਪੜ੍ਹਨਾ ਸ਼ੁਰੂ ਕਰ ਦਿੰਦਾ।

ਸੰਨ 1907 ਵਿਚ ਮੈਟ੍ਰਿਕ ਅਤੇ 1912 ਵਿਚ ਬੀ. ਏ. ਦਾ ਇਮਤਿਹਾਨ ਪਾਸ ਕੀਤਾ। ਉਨ੍ਹਾਂ ਦੀ ਵਿਦਵਤਾ ਅਤੇ ਤੀਖਣ ਬੁੱਧੀ ਨੂੰ ਦੇਖ ਕੇ 1913 ਵਿਚ ਬੜੌਦਾ ਦੇ ਮਹਾਰਾਜ ਨੇ ਉਨ੍ਹਾਂ ਨੂੰ ਵਜ਼ੀਫਾ ਦੇ ਕੇ ਉਚ ਸਿੱਖਿਆ ਲਈ ਅਮਰੀਕਾ ਭੇਜਿਆ। ਉਹ 1913 ਤੋਂ 1917 ਈ. ਤੱਕ ਅਮਰੀਕਾ ਤੇ ਇੰਗਲੈਂਡ ਵਿਚ ਰਹੇ। ਉਨ੍ਹਾਂ ਦੇ ਅਰਥ ਸ਼ਾਸ਼ਤਰ, ਰਾਜਨੀਤੀ ਸ਼ਾਸਤਰ ਅਤੇ ਕਾਨੂੰਨ ਦਾ ਗਹਿਰਾ ਅਧਿਐਨ ਕੀਤਾ ਅਤੇ ਪੀ. ਐੱਚ. ਡੀ. ਦੀ ਡਿਗਰੀ ਹਾਸਲ ਕੀਤੀ। ਉਹ ਬੜੌਦਾ ਦੇ ਮਹਾਰਾਣਾ ਦੇ ਪ੍ਰਸ਼ਾਸਨ ਵਿਚ ਸੈਨਿਕ ਸਚਿਵ (ਸਕੱਤਰ) ਦੇ ਅਹੁਦੇ ’ਤੇ ਨਿਯੁਕਤ ਹੋਏ ਪਰ ਦਫ਼ਤਰ ਵਿਚ ਦੁਰਵਿਹਾਰ ਦੇ ਕਾਰਨ, ਛੂਤ-ਛਾਤ ਦੇ ਸਰਾਪ ਦੇ ਕਾਰਨ ਉਨ੍ਹਾਂ ਨੇ ਇਹ ਅਹੁਦਾ ਛੱਡ ਦਿੱਤਾ। ਵਕਾਲਤ ਪੇਸ਼ਾ ਅਪਣਾ ਕੇ ਉਨ੍ਹਾਂ ਨੇ ਹੇਠਲੇ ਵਰਗ ਦੇ ਕਲਿਆਣ ਲਈ ਕਾਰਜਸ਼ੀਲਤਾ ਸ਼ੁਰੂ ਕਰ ਦਿੱਤੀ। ਸਮਾਜਿਕ ਸਮਤਾਵਾਦ, ਦੇਸ਼ ਦੀ ਆਜ਼ਾਦੀ, ਸਾਮੰਤਵਾਦ ਹੇਠਲੇ ਵਰਗ ਦੀ ਵਿਦਿਆ ਲਈ ਸੰਘਰਸ਼ ਤੇਜ਼ ਕਰ ਦਿੱਤੇ। 1927 ਵਿਚ ਡਾ. ਅੰਬੇਦਕਰ ਬੁੰਬਈ ਵਿਧਾਨ ਪ੍ਰੀਸ਼ਦ ਲਈ ਚੁਣੇ ਗਏ। ਇਸੇ ਦੌਰਾਨ ਉਨ੍ਹਾਂ ਨੇ ਕਈ ਉੱਚ ਅਹੁਦੇ ਹਾਸਲ ਕੀਤੇ ਅਤੇ ਬਹੁਤ ਸਾਰੀਆਂ ਪੁਸਤਕਾਂ ਦੀ ਰਚਨਾ ਕੀਤੀ। ਇਸੇ ਦੌਰਾਨ ਗਾਂਧੀ ਜੀ ਅਤੇ ਹੋਰ ਰਾਸ਼ਟਰੀ ਨੇਤਾਵਾਂ ਨੇ ਵੀ ਸਮਾਜ ਵਿਚਲੇ ਛੂਤ-ਛਾਤ ਦੇ ਕਲੰਕ ਨੂੰ ਮਿਟਾਉਣ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ।

ਭਾਰਤ ਆਜ਼ਾਦ ਹੋਣ ਤੋਂ ਬਾਅਦ ਉਨ੍ਹਾਂ ਨੂੰ ਸੰਵਿਧਾਨ ਦੀ ਰਚਨਾ ਦਾ ਕਾਰਜਭਾਰ ਸੌਂਪਿਆ ਗਿਆ। ਉਨ੍ਹਾਂ ਦੀ ਅਗਵਾਈ ਵਿਚ ਨਾ ਕੇਵਲ ਸੰਵਿਧਾਨ ਦੀ ਰਚਨਾ ਹੋਈ, ਬਲਕਿ ਕਾਨੂੰਨ, ਜਾਤ-ਪਾਤ ਦੀ ਸਮਾਪਤੀ ਦੀ ਨੀਂਹ ਰੱਖੀ ਗਈ।

ਆਜ਼ਾਦ ਭਾਰਤ ਦੇ ਉਹ ਪਹਿਲੇ ਕਾਨੂੰਨ ਮੰਤਰੀ ਬਣੇ। ਉਨ੍ਹਾਂ ਦਾ ਵਿਸ਼ਵਾਸ ਬੁੱਧ ਧਰਮ ’ਤੇ ਅਟੁੱਟ ਸੀ। ਉਹ ਮਹਾਤਮਾ ਬੁੱਧ ਦੇ ਪ੍ਰਸ਼ੰਸਕ ਸਨ ਅਤੇ ਬੁੱਧ ਧਰਮ ਨੂੰ ਗ੍ਰਹਿਣ ਕਰ ਲਿਆ ਸੀ। ਡਾ. ਭੀਮ ਰਾਓ ਅੰਬੇਦਕਰ ਨੂੰ ਸੱਚੀ ਸ਼ਰਧਾਂਜਲੀ ਇਹੋ ਹੀ ਹੋ ਸਕਦੀ ਹੈ ਕਿ ਸਭਨਾਂ ਨੂੰ ਯੋਗਤਾ ਦੇ ਆਧਾਰ ’ਤੇ ਸਮਾਜ ਵਿਚ, ਜੀਵਨ ਵਿਚ ਮਾਣ-ਸਨਮਾਨ ਮਿਲੇ।

## ਬੈਂਤ ਛੰਦ

### ਖਾਲਸੇ ਦੀ ਸਿਰਜਣਾ

ਦਸਵੇਂ ਪਾਤਸ਼ਾਹ ਹਰ ਥਾਂ ਸੰਦੇਸ਼ ਘੱਲੇ
ਸਿੱਖੋ ਪੁਰੀ ਆਨੰਦ ਵਿਚ ਆਵਣਾ ਏ।
ਦਿਨ ਵਿਸਾਖੀ ਦੇ ਕਰੀਏ ਵਿਚਾਰ ਮਿਲਕੇ,
ਨਵੇਂ ਰਾਹਾਂ 'ਤੇ ਅਸਾਂ ਨੇ ਜਾਵਣਾ ਏ।
ਜ਼ਾਲਮ ਕਰੇ ਨਾ ਹੁਣ ਤੋਂ ਜ਼ੁਲਮ ਭਾਰੀ,
ਅਸੀਂ ਓਸ ਨੂੰ ਸਬਕ ਸਿਖਾਵਣਾ ਏ।
ਆਪਾ ਸੋਧ ਕੇ ਹੋਣਾ ਤਿਆਰ ਸਭਨੇ,
ਨਵਾਂ ਖਾਲਸਾ ਪੰਥ ਸਜਾਵਣਾ ਏ।

ਨੀਯਤ ਦਿਨ ਸੀ ਭਾਰੀ ਇਕੱਠ ਹੋਇਆ,
ਸਜਿਆ ਗੁਰਾਂ ਦਾ ਸੋਹਣਾ ਦਰਬਾਰ ਹੈ ਸੀ।
ਦੂਰ ਨੇੜੇ ਤੋਂ ਪਹੁੰਚੇ ਸੀ ਸਿੱਖ ਇੱਥੇ,
ਗਿਣਤੀ ਦੱਸਦੇ ਅੱਸੀ ਹਜ਼ਾਰ ਹੈ ਸੀ।
ਗੋਬਿੰਦ ਸਿੰਘ ਜੀ ਖੜ੍ਹੇ ਸਟੇਜ ਉੱਤੇ,
ਸੱਜੇ ਹੱਥ ਵਿਚ ਨੰਗੀ ਤਲਵਾਰ ਹੈ ਸੀ।
"ਮੇਰੀ ਤੇਗ ਨੂੰ ਸੀਸ ਦੀ ਲੋੜ ਸਿੱਖੋ,"
ਕਿਹਾ ਸਤਿਗੁਰਾਂ ਮੁਖੋਂ ਉਚਾਰ ਹੈ ਸੀ।

ਸੁਣੀ ਜਦੋਂ ਅਨੋਖੀ ਸੀ ਮੰਗ ਸਭਨੇ,
ਪਸਰੀ ਚੁੱਪ ਤੇ ਰਹੀ ਨਾ ਸੁਰਤ ਕਾਈ।
ਤੇਜ ਗੁਰੂ ਦਾ ਝੱਲਿਆ ਜਾਂਵਦਾ ਨਹੀਂ,
ਲਾਲੀ ਵੱਖਰੀ ਮੁੱਖ 'ਤੇ ਦਿਸੇ ਛਾਈ।
ਡਰਕੇ ਖਿਸਕੇ ਕੁਝ ਦਰਬਾਰ ਵਿਚੋਂ,
ਮਾਤਾ ਗੁਜਰੀ ਕੋਲ ਜਾ ਫਰਿਆਦ ਲਾਈ।
ਕੇਹਾ ਚੋਜ ਇਹ ਅੱਜ ਵਰਤਾਉਣ ਲੱਗੇ,
ਸਾਨੂੰ ਸਮਝ ਨਾ ਰਮਜ਼ ਦੀ ਮੂਲ ਆਈ।

ਸਹਿਮ ਵਾਲੀ ਇਸ ਚੁੱਪ ਨੂੰ ਤੋੜ ਕੇ ਤੇ,
ਦਇਆ ਰਾਮ ਵਿਚ ਸੰਗਤ ਖਲੋ ਗਿਆ ਸੀ।
ਪੱਲੂ ਗਲ਼ ਵਿਚ ਪਾਇ ਕੇ ਅਰਜ ਕਰਦਾ,
ਬਖਸ਼ੀ ਦਾਤਿਆ, ਲੇਟ ਮੈਂ ਹੋ ਗਿਆ ਸੀ।
ਛਾ ਗਈ ਦੁਬਿਧਾ ਸੀ ਮੇਰੇ ਇਸ ਮਨ ਉੱਤੇ,
ਭਾਰੂ ਹੋ ਪਰਿਵਾਰ ਦਾ ਮੋਹ ਗਿਆ ਸੀ।
ਸੀਸ ਕਰੋ ਪ੍ਰਵਾਨ ਜਾ ਕਿਹਾ ਉਹਨੇ,
ਸਿਦਕ ਵਾਲੜਾ ਬੀਜ ਤਾਂ ਬੋ ਗਿਆ ਸੀ।

ਫੜੀ ਬਾਂਹ ਤੇ ਤੰਬੂ ਦੇ ਵਿਚ ਲੈ ਗਏ,
ਬਾਹਰ ਬੈਠਿਆਂ ਦੇ ਦਿਲ ਧੜਕਦੇ ਨੇ।
ਤੇਗ ਚੱਲਣ ਦੀ ਭਾਰੀ ਆਵਾਜ਼ ਆਈ,
ਕੁਝ ਸਹਿਮ ਗਏ ਤੇ ਕੁਝ ਭੜਕਦੇ ਨੇ।
ਹੱਥ ਚੋਜੀ ਦੇ ਤੇਗ ਏ ਲਹੂ ਭਿੱਜੀ,
ਆ ਕੇ ਜੋਸ਼ ਵਿਚ ਫੇਰ ਤੋਂ ਕੜਕਦੇ ਨੇ।
ਬੁਝੀ ਨਹੀਂ ਪਿਆਸ ਇਸ ਤੇਗ ਦੀ ਤਾਂ,
ਉੱਠੋ ਜੀਹਨਾਂ ਦੇ ਵੀ ਡੌਲੇ ਫੜਕਦੇ ਨੇ।

ਧਰਮ ਉੱਠਿਆ ਧਰਮ ਕਮਾਉਣ ਖਾਤਰ,
ਕਿਹਾ, ਭੇਟ ਨੂੰ ਕਰੋ ਮਨਜ਼ੂਰ ਛੇਤੀ।
ਹਿੰਮਤ ਕਰਕੇ ਹਿੰਮਤ ਹੈ ਖੜਾ ਹੋਇਆ,
ਹਾਜਰ ਸੀਸ ਹੈ, ਲੈ ਲਓ ਹਜ਼ੂਰ ਛੇਤੀ
ਚੌਥੇ ਮੋਹਕਮ ਤੇ ਅੰਤ ਨੂੰ ਸਾਹਿਬ ਬੋਲੇ,
ਕਿਰਪਾ ਕਰੋ ਜੀ, ਆਵੇ ਸਰੂਰ ਛੇਤੀ।
ਕੱਲੇ ਕੱਲੇ ਨੂੰ ਸੀ ਤੰਬੂ ਵਿਚ ਲੈ ਗਏ,
ਪੈਂਦਾ ਯੋਜਨਾ ਨੂੰ ਦੇਖੋ ਬੂਰ ਛੇਤੀ।

ਪੰਜਾਂ ਤਾਈਂ ਸੀ ਨਵੇਂ ਸਰੂਪ ਅੰਦਰ,
ਸੰਗਤ ਸਾਹਵੇਂ ਲਿਆਏ ਦਾਤਾਰ ਦੇਖੋ।
ਇੱਕੋ ਜਿਹੇ ਲਿਬਾਸ ਵਿਚ ਫੱਬਦੇ ਸੀ,
ਸੋਹੇ ਸੀਸ ਤੇ ਸੋਹਣੀ ਦਸਤਾਰ ਦੇਖੋ।
ਖੰਡੇ ਬਾਟੇ ਦਾ ਅੰਮ੍ਰਿਤ ਛਕਾ ਦਿੱਤਾ,
ਬਖਸ਼ੇ ਪੰਜਾਂ ਨੂੰ ਪੰਜ ਕਕਾਰ ਦੇਖੋ।
ਪੰਜਾਂ ਕੋਲੋਂ ਅੰਮ੍ਰਿਤ ਫੇਰ ਆਪ ਛਕਿਆ,
ਕਿਹਾ -ਪੰਜ ਪਿਆਰੇ- ਦਾਤਾਰ ਦੇਖੋ।

ਨਾਮ ਨਾਲ ਸਭਦੇ ਸਿੰਘ ਲਾ ਦਿੱਤਾ,
ਬੋਲੇ- "ਅੱਜ ਤੋਂ ਤੁਸੀਂ ਹੋ ਸ਼ੇਰ ਹੋਏ।
ਖੁਦ ਡਰਨਾ ਨਹੀਂ ਕੋਈ ਡਰਾਵਣਾ ਨਹੀਂ,
ਹੱਕ ਸੱਚ ਦੀ ਖਾਤਰ ਦਲੇਰ ਹੋਏ।
ਪ੍ਰੇਮ, ਸੇਵਾ ਤੇ ਸਿਮਰਨ ਵਿਚ ਰਹੋ ਰੁੱਝੇ,
ਵੱਸ ਪੰਜੇ ਵਿਕਾਰ ਹੁਨ ਫੇਰ ਹੋਏ।
ਸਭ ਨੂੰ ਇੱਕ ਸਮਾਨ ਹੈ ਸਮਝਣਾ ਜੀ,
ਗਲ਼ੇ ਲਾਉਣ ਵਿਚ ਰਤਾ ਨਾ ਦੇਰ ਹੋਏ।

ਦਸਵੇਂ ਪਾਤਸ਼ਾਹ ਵਜਦ ਵਿਚ ਆਣ ਕੇ ਤੇ
ਦਿੱਤਾ ਪੰਜ ਪਿਆਰੇ ਖਿਤਾਬ ਸੋਹਣਾ।
ਕਿਹਾ-ਆਚਰਣ ਦੀ ਇੱਦਾਂ ਮਹਿਕ ਆਵੇ,
ਜਿਵੇਂ ਫੁੱਲਾਂ 'ਚੋਂ ਫੁੱਲ ਗੁਲਾਬ ਸੋਹਣਾ।
ਛੱਡ ਬਿਪਰ ਦੀ ਰੀਤ ਨੂੰ ਮੁੱਢ ਤੋਂ ਹੀ,
ਰੱਖਣਾ ਰਹਿਤ ਦਾ ਪੂਰਾ ਹਿਸਾਬ ਸੋਹਣਾ।
ਸਦਾ ਸ਼ਾਂਤ ਰਹਿਣਾ ਐਪਰ ਜ਼ੁਲਮ ਤਾਈਂ,
ਨਾਲ ਤੇਗ ਦੇ ਦੇਣਾ ਜਵਾਬ ਸੋਹਣਾ।

ਏਦਾਂ ਖਾਲਸਾ ਸਾਜ ਪ੍ਰਸੰਨ ਹੋਏ,
ਸਤਿਗੁਰ ਜਿਊਣ ਦੀ ਜਾਚ ਸਿਖਾ ਦਿੱਤੀ।
ਅਮਰ ਹੋਣਗੇ ਤੇ ਪੈੜਾਂ ਪਾਣਗੇ ਉਹ,
ਜੀਹਨਾਂ ਗੁਰੂ ਦੀ ਰੱਖ ਵਿਖਾ ਦਿੱਤੀ।
ਗੁਰੂ ਸਿੱਖ ਤੇ ਪ੍ਰਭੂ ਅੱਜ ਇੱਕ ਸਾਰੇ,
ਜੋਤ ਪ੍ਰੇਮ ਦੀ ਐਸੀ ਜਗਾ ਦਿੱਤੀ।
ਜਾਵਾਂ ਸਦਾ ਬਲਿਹਾਰ ਮੈਂ ਖਾਲਸੇ ਤੋਂ ,
ਰੂਹ ਤੋਂ ਫਤਹਿ "ਰੁਪਾਲ" ਬੁਲਾ ਦਿੱਤੀ।



-ਜਸਵਿੰਦਰ ਸਿੰਘ ਰੁਪਾਲ, ਕੈਲਗਰੀ
98147-15796

## ਦਮਦਮਾ ਸਾਹਿਬ ਦੀ ਵਿਸਾਖੀ

ਆਈ ਵਿਸਾਖੀ ਖੁਸ਼ੀਆਂ ਵਾਲ਼ੀ, ਦਮਦਮਾ ਸਾਹਿਬ ਨੂੰ ਚੱਲੀਏ।
ਤਖ਼ਤ ਸਾਹਿਬ ਚੱਲ ਟੇਕੀਏ ਮੱਥਾ, ਨਾਲ ਸੰਗਤ ਦੇ ਰਲ਼ੀਏ।

ਆਏ ਏਥੇ ਸਨ ਦਸਮ ਪਾਤਸ਼ਾਹ, ਚੱਲ ਕੇ ਢਾਬ ਖਿਦਰਾਣਾ।
ਨੌਂ ਮਹੀਨੇ ਨੌਂ ਦਿਨ ਸਤਿਗੁਰ, ਕੀਤਾ ਇੱਥੇ ਟਿਕਾਣਾ।

ਲੰਮੇ ਸਮੇਂ ਦੇ ਯੁੱਧਾਂ ਪਿੱਛੋਂ, ਕੀਤਾ ਗੁਰ ਬਿਸਰਾਮ।
ਏਸ ਜਗ੍ਹਾ ਨੂੰ ਸਤਿਗੁਰ ਦਿੱਤਾ, ਤਖ਼ਤ ਚੌਥੇ ਦਾ ਨਾਮ।

ਭਾਈ ਡੱਲੇ ਨੂੰ ਦਾਤੇ ਨੇ, ਦਿੱਤੀ ਸੀ ਵਡਿਆਈ।
ਸਿੰਘ ਸਜਾ ਕੇ ਗਲ਼ ਨਾਲ ਲਾਇਆ, ਉਸਦੀ ਪੈਜ ਰਖਾਈ।

ਮੌਜ 'ਚ ਆ ਕੇ ਦਸਮ ਗੁਰੂ ਨੇ, ਕਈ ਕੌਤਕ ਸਨ ਕੀਤੇ।
ਸੰਗਤ ਨੇ ਵੀ ਦਾਤੇ ਕੋਲ਼ੋਂ, ਘੁੱਟ ਅੰਮ੍ਰਿਤ ਦੇ ਪੀਤੇ।

'ਗੁਰੂ ਕਾਸ਼ੀ' ਅਖਵਾਏ ਧਰਤੀ, ਖੁੱਲ੍ਹੇ ਕਈ ਵਿਦਿਆਲੇ।
ਗੁਰ-ਦਾਤੇ ਦੀ ਅਜ਼ਮਤ ਤੋਂ, ਸਭ ਹੁੰਦੇ ਜਾਣ ਨਿਹਾਲੇ।

ਮੇਲੇ ਵਾਲ਼ੇ ਦਿਨਾਂ ਨੂੰ ਏਥੇ, ਲੱਗਣ ਅਜਬ ਬਹਾਰਾਂ।
ਗੁਰ-ਦਰਬਾਰ 'ਚ ਮੱਥਾ ਟੇਕਣ, ਬੰਨ੍ਹਣੀਆਂ ਪੈਣ ਕਤਾਰਾਂ।

ਚੋਜੀ ਪ੍ਰੀਤਮ ਕੋਲੋਂ ਓਹੀ, ਮਨਇੱਛਿਤ ਫ਼ਲ ਪਾਵੇ।
ਸ਼ਰਧਾ ਨਾਲ਼ 'ਸ਼ਨਾਨ ਕਰੇ, ਤੇ ਸੱਚੇ ਦਿਲੋਂ ਧਿਆਵੇ।

ਸਰਕਸ, ਝੂਲੇ, ਖਾਣ-ਪੀਣ ਦੀਆਂ, ਸਜੀਆਂ ਬਹੁਤ ਦੁਕਾਨਾਂ।
ਲੋਕਾਂ ਦੇ ਇਸ ਅਜਬ ਜਲੌਅ ਨੂੰ, ਖੜ੍ਹ ਕੇ ਵੇਖ ਜਵਾਨਾ।

ਕਿਧਰੇ ਕਵੀ, ਕਵੀਸ਼ਰ ਕਿਧਰੇ, ਢਾਡੀ ਵਾਰਾਂ ਗਾਉਂਦੇ।
ਮੱਲ 'ਖਾੜੇ ਵਿਚ ਦੂਰ ਪਰ੍ਹੇ, ਇੱਕ-ਦੂਜੇ ਨੂੰ ਪਏ ਢਾਹੁੰਦੇ।

ਦਸਮ ਪਿਤਾ ਦੇ ਦਰ ਤੇ ਸਾਰੇ, ਆਓ ਸੀਸ ਝੁਕਾਈਏ!
ਧੰਨ ਗੁਰੂ, ਧੰਨ ਅੰਮ੍ਰਿਤ-ਦਾਤਾ, ਨਾਲ਼ ਰੂਹੀ ਦੇ ਗਾਈਏ।



- ਪ੍ਰੋ. ਨਵ ਸੰਗੀਤ ਸਿੰਘ
# 1, ਲਤਾ ਗਰੀਨ ਐਨਕਲੇਵ ਪਟਿਆਲਾ
(94176-92015)

## "ਸਾਡੇ ਘਰ ਦਾਣੇ ਵੀ, ਲਿਆਈ ਨੀ ਵਿਸਾਖੀਏ"

### ਵਿਸਾਖੀ 'ਤੇ ਵਿਸ਼ੇਸ਼

ਆ ਜਾਂਦੀ ਗਰਮੀ ਤੇ ਮੁੱਕਦਾ ਸਿਆਲ ਏ
ਖੇਤਾਂ ਵਿਚ ਕਣਕਾ ਦਾ ਰੰਗ ਹੁੰਦਾ ਲਾਲ ਏ
ਖੁਸ਼ੀਆਂ ਦੇ ਨਾਲ ਫੇਰਾ, ਪਾਈ ਨੀ ਵਿਸਾਖੀਏ
ਸਾਡੇ ਘਰ ਦਾਣੇ ਵੀ ਲਿਆਈ ਨੀ ਵਿਸਾਖੀ ਏ

ਸਾਡੇ ਘਰ ਆਟੇ ਵਾਲੇ, ਪੀਪੇ ਹੋਏ ਖਾਲੀ ਨੀ
ਕਦੇ ਵੀ ਨਾ ਹੋਈ, ਸਾਡੀ ਜ਼ਿੰਦਗੀ ਸੁਖਾਲੀ ਨੀ
ਦੀਵਾ ਆ ਕੇ ਖੁਸ਼ੀ ਦਾ, ਜਗ੍ਹਾਈ ਨੀ ਵਿਸਾਖੀਏ
ਸਾਡੇ ਘਰ ਦਾਣੇ ਵੀ ਲਿਆਈ ਨੀ ਵਿਸਾਖੀਏ

ਅਸੀਂ ਵੀ ਤਾਂ ਅੱਖਾਂ ਵਿਚ, ਸੁਪਨੇ ਨੇ ਬੁੰਨਣੇ
ਝੜ-ਝੜ ਡਿੱਗੇ ਜਿਹੜੇ, ਸਿੱਟੇ ਅਸੀਂ ਚੁੰਨਣੇ
ਸਭ ਦੇ ਭੜੋਲੇ, ਤੂੰ ਭਰਾਈ ਨੀ ਵਿਸਾਖੀਏ
ਸਾਡੇ ਘਰ ਦਾਣੇ ਵੀ ਲਿਆਈ ਨੀ ਵਿਸਾਖੀਏ

ਵਿਸਾਖ ਦੇ ਮਹੀਨੇ 'ਚੋਂ, ਹਨੇਰੀ ਜਾਵੇ ਝੁੱਲ ਨਾ
ਸਾਨੂੰ ਕਿਤੇ ਪੈ ਜਾਵੇ, ਆਟਾ ਲੈਣਾ ਮੁੱਲ ਨਾ
ਐਸੀ ਤੂੰ ਹਨੇਰੀ, ਨਾ ਝੁਲਾਈ ਨੀ ਵਿਸਾਖੀਏ
ਸਾਡੇ ਘਰ ਦਾਣੇ ਵੀ ਲਿਆਈ ਨੀ ਵਿਸਾਖੀਏ

ਗੁਲਾਮੀ ਵਾਲਾ ਆਖੇ, ਭਰੀ ਸਭ ਦੇ ਭੜੋਲੇ ਤੂੰ
ਰੋਟੀ ਨਾ ਗਰੀਬ ਕੋਲੋਂ, ਕਰੀ ਕਿਤੇ ਉਹਲੇ ਤੂੰ
ਹਰ ਘਰ ਰਿੱਜਕ, ਪਹੁੰਚਾਈ ਨੀ ਵਿਸਾਖੀਏ
ਸਾਡੇ ਘਰ ਦਾਣੇ ਤੂੰ ਲਿਆਈ ਨੀ ਵਿਸਾਖੀਏ



ਬੂਟਾ ਗੁਲਾਮੀ ਵਾਲਾ
ਕੋਟ ਈਸੇ ਖਾ ਮੋਗਾ
94171-97395

## ਵਿਸਾਖੀ ਦਾ ਸੁਨੇਹਾ

ਆਇਆ ਵਿਸਾਖੀ ਦਾ ਤਿਉਹਾਰ,
ਲੈ ਕੇ ਨਿਆਮਤਾਂ ਹਜ਼ਾਰ,
ਆਉ ਰਲ਼ਮਿਲ਼ ਸ਼ੁਕਰ ਮਨਾਈਏ,
ਖੁਸ਼ੀਆਂ ਦਾ ਵੇਲ਼ਾ ਆ ਗਿਆ,
ਜਾ ਕੇ ਅਨੰਦਪੁਰੀ ਸੀਸ ਝੁਕਾਈਏ।
ਖੁਸ਼ੀਆਂ............।

ਬੁਜ਼ਦਿਲਾਂ ਵਿੱਚੋਂ ਛਾਂਟ ਸਾਜਿਆ ਹੈ ਖਾਲਸਾ,
ਗੁਰਾਂ ਨੇ ਔਹ ਦੇਖੋ ਨਿਵਾਜਿਆ ਹੈ ਖਾਲਸਾ।
ਦਿੱਤੀ ਅੰਮ੍ਰਿਤ ਦੀ ਹੈ ਪਾਣ,
ਨਿਆਰਾ ਰੂਪ ਤੇ ਪਹਿਚਾਣ,
ਕਹਿੰਦੇ ਸ਼ੇਰਾਂ ਸੁੱਤਿਆਂ ਨੂੰ ਜਗਾਈਏ।
ਖੁਸ਼ੀਆਂ............।

ਹੀਣਾ ਤੇ ਕਮੀਨ ਆਖ ਜਿਨ੍ਹਾਂ ਨੂੰ ਸੀ ਭੰਡਦੇ,
ਔਹ ਦੇਖੋ ਵਿਚ ਜੰਗ ਕਿੰਝ ਵੈਰੀਆਂ ਨੂੰ ਚੰਡਦੇ।
ਜਗਾ ਕੇ ਮਰੀਆਂ ਜ਼ਮੀਰਾਂ,
ਦਿੱਤੀਆਂ ਬਦਲ ਤਕਦੀਰਾਂ,
ਨੱਥ ਜਾਤ-ਪਾਤ, ਊਚ-ਨੀਚ ਨੂੰ ਪਾਈਏ।
ਖੁਸ਼ੀਆਂ............।

ਔਹ ਦੇਖੋ ਸਾਹਵੇਂ ਘੋਲ਼, ਗੱਤਕਾ ਨੇ ਚੱਲਦੇ,
ਸ਼ਾਸਤਰਾਂ ਦੇ ਕਰਤੱਵ ਦਿਖਾਕੇ ਪਿੜ ਮੱਲਦੇ।
ਕੌਮ ਵਿਚ ਫੂਕ ਨਵੀਂ ਜਾਨ,
ਕੀਤੀ ਕਾਇਮ ਆਨ ਸ਼ਾਨ,
ਹੱਕ ਜ਼ਾਲਿਮਾਂ ਤੋਂ ਚੱਲੋ ਮੰਨਵਾਈਏ।
ਖੁਸ਼ੀਆਂ............।



-ਸੇਵਾ ਸਿੰਘ "ਨੂਰਪੁਰੀ"

## ਖੁਸ਼ੀਆਂ ਦੇ ਢੋਲ ਵੱਜ ਗਏ

ਖੁਸ਼ੀਆਂ ਦੇ ਢੋਲ ਵੱਜ ਗਏ,
ਸਾਲ ਬਾਅਦ ਫਿਰ ਆਈ ਏ ਵਿਸਾਖੀ।
ਮੇਲੇ ਅਤੇ ਖਾੜੇ ਲੱਗ ਗਏ,
ਪਾ ਲੈ ਭੰਗੜੇ 'ਤੇ ਗਾ ਲੈ ਗੀਤ ਸਾਥੀ।

ਸੋਨੇ ਰੰਗੇ ਖੇਤਾਂ ਉੱਤੇ ਨਵਾਂ ਰੂਪ ਆਇਆ ਏ,
ਦੇਖ ਦੇਖ ਜਿਹਨੂੰ ਹਰ ਦਿਲ ਨਸ਼ਿਆਇਆ ਏ,
ਭਾਰੀਆਂ ਮੁਸ਼ੱਕਤਾਂ ਦਾ ਮੁੱਲ ਰੱਬ ਪਾਇਆ ਏ।
ਹੱਥ ਫੜ ਲੈ ਤੂੰ ਯਾਰਾ ਹੁਣ ਦਾਤੀ,
ਖੁਸ਼ੀਆਂ ਦੇ ਢੋਲ ਵੱਜ ਗਏ,
ਸਾਲ ਬਾਅਦ ਫਿਰ ਆਈ ਏ ਵਿਸਾਖੀ।
ਮੇਲੇ ਅਤੇ ਖਾੜੇ ਲੱਗ ਗਏ,
ਪਾ ਲੈ ਭੰਗੜੇ ਤੇ ਗਾ ਲੈ ਗੀਤ ਸਾਥੀ।

ਕੀਤੀਆਂ ਮੁਸ਼ੱਕਤਾਂ ਦਾ ਮੁੱਲ ਤਾਹੀਉਂ ਪਵੇਗਾ,
ਸਾਂਭੇਂਗਾ ਕਮਾਈ ਤਾਂ ਸਿਫਤ ਜੱਗ ਕਰੇਗਾ,
ਸਿਆਣਪਾਂ ਦੇ ਨਾਲ ਜੇ ਤੂੰ ਪੈਰ ਅੱਗੇ ਧਰੇਂਗਾ।
ਚੰਗੀ ਲੰਘ ਜਾਵੇ ਤੇਰੀ ਇਹ ਹਿਆਤੀ,
ਖੁਸ਼ੀਆਂ ਦੇ ਢੋਲ ਵੱਜ ਗਏ,
ਸਾਲ ਬਾਅਦ ਫਿਰ ਆਈ ਏ ਵਿਸਾਖੀ।
ਮੇਲੇ ਅਤੇ ਖਾੜੇ ਲੱਗ ਗਏ,
ਪਾ ਲੈ ਭੰਗੜੇ ਤੇ ਗਾ ਲੈ ਗੀਤ ਸਾਥੀ।

ਸਿੱਖੀ ਨੂੰ ਬਚਾਉਣ ਦੀ ਵੀ ਜ਼ਿੰਮੇਦਾਰੀ ਤੇਰੀ ਐ,
ਚੱਲਦੀਆਂ ਚਾਲਾਂ ਕੀਤੀ ਕਾਫੀ ਹੇਰਾਫੇਰੀ ਐ,
ਖ਼ਾਲਸੇ ਦੀ ਸਾਖ ਅੱਜ ਮੂਰਖਾਂ ਨੇ ਘੇਰੀ ਐ।
ਪੜ੍ਹ ਮੁੜ ਕੇ ਤੂੰ ਗੁਰੂਆਂ ਦੀ ਸਾਖੀ,
ਖੁਸ਼ੀਆਂ ਦੇ ਢੋਲ ਵੱਜ ਗਏ,
ਸਾਲ ਬਾਅਦ ਫਿਰ ਆਈ ਏ ਵਿਸਾਖੀ।
ਮੇਲੇ ਅਤੇ ਖਾੜੇ ਲੱਗ ਗਏ,
ਪਾ ਲੈ ਭੰਗੜੇ ਤੇ ਗਾ ਲੈ ਗੀਤ ਸਾਥੀ।

ਅਜ਼ਾਦੀ ਲਈ ਸ਼ਹਾਦਤਾਂ ਦੀ ਯਾਦ ਤੂੰ ਭੁਲਾਈਂ ਨਾ,
ਇਸ ਦਿਨ ਗਵਾਚੇ ਕਿੰਨੇ ਵੀਰ ਤੂੰ ਗਵਾਈਂ ਨਾ,
ਦੇਖੀਂ ਕਿਤੇ ਭੁੱਲ ਕੇ ਵੀ ਲਾਜ ਤੂੰ ਲਵਾਈਂ ਨਾ,
ਹੈ ਜ਼ਰੂਰੀ ਸਦਾ ਵਿਰਸੇ ਦੀ ਰਾਖੀ,
ਖੁਸ਼ੀਆਂ ਦੇ ਢੋਲ ਵੱਜ ਗਏ,
ਸਾਲ ਬਾਅਦ ਫਿਰ ਆਈ ਏ ਵਿਸਾਖੀ।
ਮੇਲੇ ਅਤੇ ਖਾੜੇ ਲੱਗ ਗਏ,
ਪਾ ਲੈ ਭੰਗੜੇ ਤੇ ਗਾ ਲੈ ਗੀਤ ਸਾਥੀ।



-ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ.ਕੇ.



RE/MAX
Outstanding Agents
Outstanding Results
DRE Lic. # 01215931 (Broker)

# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
916-320-9444

web: www.RealtorRandhawa.com

garysingh123@yahoo.com